# ਚਿਰਾਗ

ਅਪ੍ਰੈਲ-ਜੂਨ 1999

**April -June 1999**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਵਿਗਾਗ

*ਖਾਲਸਾ-ਸਿਰਜਣਾ ਦੀ ਤੀਸਰੀ ਸ਼ਤਾਬਦੀ ਨੂੰ ਸਮਰਪਤ*

## ਵਿਸ਼ੇਸ਼ ਅੰਕ

*ਖਿਆਲ ਪਾਤਿਸ਼ਾਹੀ ੧੦*

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ,
ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣ,
ਨਾਗ ਨਿਵਾਸਾਂ ਦੇ ਰਹਣਾ ।
ਸੂਲ ਸੁਰਾਹੀ ਖੰਜਰੁ ਪਿਯਾਲਾ,
ਬਿੰਗੁ ਕਸਾਈਆਂ ਦਾ ਸਹਣਾ ।
ਯਾਰੜੇ ਦਾ ਸਾਨੂੰ ਸੱਥਰੁ ਚੰਗਾ,
ਭੱਠ ਖੇੜਿਆਂ ਦਾ ਰਹਣਾ ।

ਮੁੱਲ : ਦਸ ਰੁਪਏ -28- ਅਪ੍ਰੈਲ-ਜੂਨ, 1999

# ਚਿਰਾਗ਼ (ਤਿਮਾਹੀ)

ਅਪ੍ਰੈਲ-ਜੂਨ, 1999

**ਸੰਪਾਦਕ** : ਹਰਭਜਨ ਸਿੰਘ ਹੁੰਦਲ

**ਸੰਪਾਦਕੀ ਮਡਲ** : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ, ਸੂਫ਼ੀ ਅਮਰਜੀਤ

**ਪ੍ਰਤੀਨਿਧ** : ਅਵਤਾਰ ਸਾਦਕ (ਯੂ.ਕੇ.), ਮਾਨ ਸਿੰਘ ਭਾਰਗਵ (ਜੰਮੂ)


- **ਸੰਪਾਦਕੀ ਟਿਪਣੀਆਂ** : ਸੰਪਾਦਕੀ ਮੰਡਲ
- **ਇਸ ਵਾਰ ਦਾ ਵਿਸ਼ੇਸ਼ ਕਵੀ** : ਮੇਜਰ ਪਿਆਰਾ ਸਿੰਘ ਦੀਆਂ ਪੰਜ ਨਜ਼ਮਾਂ ।
- **ਖਾਲਸਾ-ਸਿਰਜਣਾ ਦੀ ਤੀਸਰੀ ਸ਼ਤਾਬਦੀ** : ਡਾ. ਹਰਿਭਜਨ ਸਿੰਘ, ਹਰਭਜਨ ਸਿੰਘ ਹੁੰਦਲ ਤੇ ਭਗਵਾਨ ਢਿਲੋਂ ਦੀਆਂ ਨਜ਼ਮਾਂ, ਮੱਖਣ ਕੁਹਾੜ (ਗਜ਼ਲ), ਖਾਲਸਾ ਸਿਟਜਣਾ ਜਸ਼ਨਾਂ ਸਮੇਂ ਪੰਜਾਬੀ ਭਾਸ਼ਾ ਤੇ ਪੰਜਾਬ ਸਰਕਾਰ (ਲੇਖ), ਸੂਫੀ ਅਮਰਜੀਤ, ਖਾਲਸੇ ਦੀ ਤੀਜੀ ਜਨਮ-ਸ਼ਤਾਬਦੀ ਦਾ ਸੁਨੇਹਾ (ਲੇਖ) ਸੁਰਜੀਤ ਗਿੱਲ ।
- **ਨਜ਼ਮ** : ਕੰਵਲਜੀਤ ਭੁੱਲਰ
- **ਗ਼ਜ਼ਲਾਂ** : ਮਹਾਂਬੀਰ ਸਿੰਘ ਦਰਦੀ, ਡਾ. ਸਿਕੰਦਰ ਭੱਟੀ, ਅਮਰਦੀਪ ਸੰਧਾਵਾਲੀਆ, ਨਿਰਮਲ ਪ੍ਰਸੰਨ, ਕਸ਼ਮੀਰ ਨੀਰ, ਭਜਨ ਆਦੀ, ਡਾ. ਹਰਚਰਨ, ਸ਼ਾਮ ਸੁੰਦਰ ਕਪੂਰ ।
- **ਵਾਘਿਓਂ ਪਾਰ** : ਆਈਡਲ ਟਾਊਨ (ਕਹਾਣੀ) ਇਲਿਆਸ ਘੁੰਮਣ, ਗ਼ਜ਼ਲਾਂ ਤੇ ਨਜ਼ਮਾਂ : ਫ਼ਾਰੂਕ ਨਦੀਮ, ਅਫ਼ਜ਼ਲ ਅਹਿਸਨ ਰੰਧਾਵਾ, ਤਾਰਕ ਗੋਜਰ, ਡਾ. ਸ਼ੌਕਤ ਅਲੀ ।
- **ਸ਼ਰਧਾਂਜਲੀ** : ਹਬੀਬ ਜਾਲਿਬ ਨੂੰ ਚੇਤੇ ਕਰਦਿਆਂ (ਲੇ ) ਹਰਭਜਨ ਸਿੰਘ ਹੁੰਦਲ ।
- **ਵਿਸ਼ੇਸ਼ ਚਰਚਾ** : ਧਰਮ ਨਿਰਪੇਖ ਭਾਰਤ ਸਾਹਮਣੇ ਖ਼ਤਰੇ : ਅਮ੍ਰਿਤਯ ਸੇਨ ।
- **ਵਤਨੋਂ ਦੂਰ** : ਕੇਸਰ ਸਿੰਘ ਨੀਰ (ਦੋ ਗ਼ਜ਼ਲਾਂ), ਗੁਰਨਾਮ ਢਿਲੋਂ (ਗ਼ਜ਼ਲ), ਉਂਕਾਰ ਪ੍ਰੀਤ (ਤਿੰਨ ਨਜ਼ਮਾਂ), ਕੁਲਵਿੰਦਰ ਖਹਿਰਾ (ਦੋ ਗ਼ਜ਼ਲਾਂ), ਨਦੀਮ ਪ੍ਰਮਾਰ (ਗ਼ਜ਼ਲ) ।
- **ਨਵੇਂ ਕਾਵਿ-ਹਸਤਾਖਰ** : ਦਰਸ਼ਨ ਬਲੰਦਵੀ ਦੀ ਨਵੀਂ ਪੁਸਤਕ ਬਾਰੇ ਡਾ. ਸੁਖਵਿੰਦਰ ਸਿੰਘ ਰੰਧਾਵਾ ।
- **ਰੀਵੀਊ** : ਸਿਮਟੇ ਹੋਏ ਪਲ (ਸੁਲੱਖਣ ਸਰਹੱਦੀ) ਕੱਚੀਆਂ ਤੰਦਾਂ, ਫ਼ਤਹਿ, (ਸੁਰਜੀਤ ਗਿੱਲ) ਪਸ਼ਤੋ ਕਹਾਣੀਆਂ, ਪਹਿਲਾ ਪੂਰ,
- **ਖਿਆਲ ਆਪੋ ਆਪਣਾ** : ਪ੍ਰਿੰ ਪ੍ਰੀਤਮ ਸਿੰਘ ਪਟਿਆਲਾ, ਪ੍ਰੋ ਆਸ਼ਕ ਰਹੀਲ (ਲਾਹੌਰ), ਨਦੀਮ ਪ੍ਰਮਾਰ (ਕੈਨੇਡਾ), ਉਂਕਾਰ ਪ੍ਰੀਤ (ਕੈਨੇਡਾ), ਕਸ਼ਮੀਰ ਨੀਰ (ਯੂ.ਪੀ ), ਵਰਿੰਦਰ ਪੀਹਾਰ (ਯੂ ਕੇ ), ਧਰਮ ਪਾਲ ਸਾਹਿਲ (ਤਲਵਾੜਾ) ।
- **ਪੁਸਤਕ ਪ੍ਰਾਪਤੀ** :


(ਪ੍ਰਕਾਸ਼ਨ ਮਿਤੀ : 10 ਮਈ, 1999)

Postal Address :
Harbhajan Singh Hundal,
V. Fatu Chak,
P.O. Dhilwan,
Distt. Kapurthala-144804
(Pb.) India.

**ਚੰਦਿਆਂ ਦਾ ਵੇਰਵਾ :**

| | |
|---|---|
| ਦੇਸ਼ ਵਾਰਸ਼ਿਕ | : 40 ਰੁਪਏ |
| ਇਕ ਪਰਚਾ | : 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : 50 ਰੁਪਏ |
| **ਬਦੇਸ਼, ਯੂ ਕੇ.** | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁਪਏ |

ਚਿਰਾਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1—96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ ।



## 1. ਵਸਤੂ ਦੀ ਗ਼ੈਰ ਹਾਜ਼ਰੀ ਤੇ ਰੂਪ ਦਾ ਵਿਗਾੜ

ਅਸੀਂ ਅੱਜ ਕਲ੍ਹ ਖਾਲਸੇ ਦੀ ਸਥਾਪਨਾ ਦੀ ਤ੍ਰੈਸ਼ਤਾਬਦੀ ਬੜੇ ਧੂਮ ਧਾਮ ਨਾਲ ਮਨਾ ਰਹੇ ਹਾਂ। ਇਹ 'ਜਸ਼ਨ' ਸਾਲ ਭਰ ਚਲਾਉਣ ਦੀ ਯੋਜਨਾ ਹੈ। ਅਦਾਰਾ 'ਚਿਰਾਗ਼', ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸੇ ਦੀ ਸਿਰਜਣਾ ਕਰਨ ਦੇ ਮਹਾਨ ਕਾਰਜ ਨੂੰ ਯਾਦ ਕਰਨ ਦੇ ਨਾਲ ਨਾਲ ਇਕ ਸਾਹਿਤਕਾਰ ਵਜੋਂ ਉਨ੍ਹਾਂ ਦੀ ਦੇਣ ਨੂੰ ਵੀ ਨਤਮਸਤਕ ਹੈ। ਦਸਮ ਗੁਰੂ ਦੁਆਰਾ ਖਾਲਸੇ ਦੀ ਸਿਰਜਮਾ ਦਾ ਸਭ ਤੋਂ ਵੱਡਾ ਮਹੱਤਵ ਇਹ ਹੈ ਕਿ ਜਗੀਰਦਾਰੀ ਯੁੱਗ ਵਿਚ ਵੀ ਸ਼ਕਤੀ ਨੂੰ ਕਿ ਹੱਥ ਵਿਚ ਕੇਂਦ੍ਰਿਤ ਕਰਨ ਦੀ ਬਜਾਇ ਪੰਚਾਇਤ ਨੂੰ ਸੌਂਪਿਆ ਗਿਆ। ਰਾਜਿਆਂ ਮਹਾਰਾਜਿਆਂ ਦੇ ਯੁੱਗ ਵਿਚ ਇਹ ਬਹੁਤ ਵੱਡਾ ਕਦਮ ਸੀ ਜਿਸਨੇ ਆਉਣ ਵਾਲੀਆਂ ਸਦੀਆਂ ਉਪਰ ਵੀ ਪ੍ਰਭਾਵ ਪਾਇਆ। ਬਾਦ ਵਿਚ ਗੁਰੂ ਵਲੋਂ ਦੇਹਧਾਰੀ ਗੁਰੂ ਦੀ ਥਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਥਾਪ ਕੇ ਸਮੁੱਚੀ ਸਕਤੀ ਪੰਚੌਇਤ ਨੂੰ ਸੌਂਪ ਦਿੱਤੀ ਜੋ ਗਿਆਨ ਨੂੰ ਆਪਣਾ ਗੁਰੂ ਮੰਨ ਕੇ ਫੈਸਲੇ ਲਵੇਗੀ। ਪਰ ਹੋਇਆ ਇਹ ਕਿ ਵਿਅਕਤੀਗਤ ਲਾਲਸਾ ਨੂੰ ਨਿਯੰਤ੍ਰਿਤ ਨਹੀਂ ਕੀਤਾ ਗਿਆ। ਇਤਿਹਾਸਕਾਰਾਂ ਅਨੁਸਾਰ ਬੰਦਾ ਬਹਾਦਰ ਦੀ ਸ਼ਖਸੀਅਤ ਵਿਚ ਵੀ ਵਿਗਾੜ ਆ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਹੱਥ ਵਿਚ ਰਾਜ ਆਉਣਾ ਜਾਗੀਰਦਾਰੀ ਦੀ ਸਥਾਪਤੀ ਹੀ ਸੀ। ਇਕ ਤਰ੍ਹਾਂ ਨਾਲ ਪੰਚਾਇਤੀ ਰਾਜ ਤੋਂ ਇਨਕਾਰ ਕੀਤਾ ਗਿਆ। ਅੱਜ ਜੇ ਪੰਜਾਬ ਦੀ ਧਨੀ ਕਿਸਾਨੀ ਰਣਜੀਤ ਸਿੰਘ ਦੇ ਰਾਜ ਨੂੰ ਆਪਣਾ ਆਦਰਸ਼ ਮੰਨਦੀ ਹੈ ਤਾਂ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਤੇ ਇਸੇ ਤਰ੍ਹਾਂ ਜੇ ਕਾਰਜਕਾਰਣੀ ਅਤੇ ਮਹਾਂਸਭਾ ਵਿਚ ਪੂਰਣ ਬਹੁਮਤੀ ਨਾ ਹੋਣ ਦੇ ਬਾਵਜੂਦ ਸਿੱਖ ਸੰਸਥਾਵਾਂ ਦੇ ਆਗੂ ਅਸਤੀਫਾ ਦੇਣ ਲਈ ਤਿਆਰ ਨਹੀਂ ਹੁੰਦੇ ਤਾਂ ਗੁਰੂ ਵਲੋਂ ਤੋਰੀ ਰਿਵਾਇਤ ਪੰਚਾਇਤੀ ਫੈਸਲਿਆਂ ਦਾ ਮਜ਼ਾਕ ਉਡਾਉਣ ਵਾਲੀ ਗੱਲ ਹੈ। ਅਕਾਲ ਤਖ਼ਤ ਦੇ ਜਥੇਦਾਰ ਜੇ ਬਹੁਸੰਮਤੀ ਦੇ ਕਹਿਣ ਤੇ ਵੀ ਕੋਈ ਹੁਕਮਨਾਮਾ ਵਾਪਿਸ ਲੈਣ ਜਾਂ ਉਸ ਉਪਰ ਨਜ਼ਰਸਾਨੀ ਕਰਨ ਲਈ ਤਿਆਰ ਨਹੀਂ ਹੁੰਦੇ ਤਾਂ ਸਿੱਧਾ ਮਤਲਬ ਹੈ ਕਿ ਉਹ ਰਾਜਾਸ਼ਾਹੀ ਫ਼ੁਰਮਾਨ ਵਿਚ ਵਿਸ਼ਵਾਸ ਰੱਖਦੇ ਹਨ, ਡੈਮੋਕਰੇਸੀ ਵਿਚ ਨਹੀਂ।

ਦਸ੍ਮ ਗੁਰੂ ਨੇ ਆਪਣੇ ਸਿਧਾਂਤਾਂ ਲਈ ਸਾਰਾ ਜੀਵਨ ਅਰਪਨ ਕਰ ਦਿੱਤਾ, ਸਾਰਾ ਪਰਿਵਾਰ ਤਕ ਵਾਰ ਦਿੱਤਾ, ਪਰ ਅਜੋਕੇ ਆਗੂ ਆਪਣੇ ਪੁੱਤਰਾਂ/ਰਿਸ਼ਤੇਦਾਰਾਂ ਨੂੰ ਗੱਦੀਆਂ ਦੁਆਉਣ ਲਈ ਪੰਜਾਬ ਤੇ ਪੰਜਾਬ ਦੀਆਂ ਮੰਗਾਂ ਨੂੰ ਵੀ ਦਾਅ ਤੇ ਲਾ ਸਕਦੇ ਹਨ। ਕੀ ਅਸੀਂ ਗੁਰੂ ਗੋਬਿੰਦ ਸਿੰਘ ਦੇ ਸਿੱਖ ਅਖਵਾਉਣ ਦਾ ਅਧਿਕਾਰ ਰੱਖਦੇ ਹਾਂ?

ਦਸਮ ਗੁਰੂ ਦੀ ਸਭ ਤੋਂ ਵੱਡੀ ਦੇਣ ਸਾਡੇ ਲਈ ਸਾਹਿਤ ਸਿਰਜਣਾ ਨੂੰ ਨਵਾਂ ਮੋੜ ਦੇਣ ਦੀ ਹੈ। ਸਮੇਂ ਦੀ ਲੋੜ ਮੁਤਾਬਕ ਸਾਹਿਤ ਕੇਵਲ ਅਧਿਆਤਮਕ ਖੇਤਰ ਦੀ ਚੀਜ਼ ਨਾ ਰਹਿ ਕੇ ਜੰਗ ਦੇ ਮੈਦਾਨ ਵਿਚ ਜੂਝਣ ਵਾਲੀ ਵਸਤੂ ਲੈ ਕੇ ਹਾਜ਼ਰ ਹੋਇਆ। ਦਸਮ ਗੁਰੂ ਅਤੇ ਉਨ੍ਹਾਂ ਦੀ ਛਤਰ ਛਾਇਆ ਹੇਠ ਬਵੰਜਾ ਕਵੀਆਂ ਨੇ ਜੋ ਸਾਹਿਤ ਰਚਿਆ ਉਸਨੇ ਇਤਿਹਾਸਕ ਪਰਿਵਰਤਨਾਂ ਵਿਚ ਆਪਣਾ ਯੋਗਦਾਨ ਪਾਇਆ। ਇਸ ਸਾਹਿਤ ਨੇ ਮਾਨਵਵਾਦੀ ਕਦਰਾਂ ਕੀਮਤਾਂ ਨੂੰ ਸਭ ਤੋਂ ਪਹਿਲ ਦਿੱਤੀ। ਮੰਦਿਰ, ਮਸਜਿਦ ਦੇ ਝਗੜਿਆਂ ਤੋਂ ਉਪਰ ਉੱਠ ਕੇ ਦਸਮ ਗੁਰੂ ਨੇ 'ਮਾਨਵ ਕੀ ਜਾਤ ਸਬੈ ਏਕੈ ਪਹਿਚਾਨਬੋ' ਦਾ ਨਾਅਰਾ ਦਿੱਤਾ। ਪਰ ਅੱਜ ਜਦੋਂ ਮਸਜਿਦ ਨੂੰ ਢਾਹੁਣ ਵਾਲਿਆ ਦੀ ਪਾਰਟੀ ਦੇ ਪ੍ਰਧਾਨ ਅਟਲ ਬਿਹਾਰੀ ਵਾਜਪਾਈ ਤਿੰਨ ਸੌ ਸਾਲਾ ਜਸ਼ਨਾਂ ਦਾ ਆਰੰਭ ਕਰਦੇ ਹਨ ਤਾਂ ਉਹਨਾਂ ਦੀਆਂ ਅੱਖਾਂ ਦਸਮ ਗੁਰੂ ਦੀ ਸਿਖਿਆ ਵੱਲ ਨਹੀਂ, ਸਗੋਂ ਰਾਜਨੀਤੀ ਵਲ ਸਨ। ਇਹ ਕਿਹੋ ਜਿਹੇ ਸਮਿਆਂ ਵਿਚ ਅਸੀਂ ਜੀ ਰਹੇ ਹਾਂ?

ਦਸਮ ਗੁਰੂ ਪੰਚਾਇਤ ਨੂੰ ਸਾਰੀ ਸ਼ਕਤੀ ਦੇਣ ਤਕ ਸੀਮਤ ਨਹੀਂ ਰਹਿੰਦੇ। ਉਹ ਤਾਂ ਇਸ ਗੱਲੋਂ

ਵੀ ਸੁਚੇਤ ਹਨ ਕਿ ਇਸ ਸਾਰੀ ਸ਼ਕਤੀ ਦਾ ਸੋਮਾ ਲੋਕ ਹਨ। 'ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋਸੇ ਗਰੀਬ ਕਰੋਰ ਪਰੇ' ਕਥਨ ਦੀ ਇਹੀ ਧੁਨੀ ਸਾਡੇ ਤਕ ਪਹੁੰਚਦੀ ਹੈ। ਇਉਂ ਲੋਕ ਸ਼ਕਤੀ ਪੰਜ ਪਿਆਰਿਆਂ ਵਿਚ ਤੇ ਅਗਾਂਹ ਗੁਰੂ ਵਿਚ ਵਿਦਮਾਨ ਹੈ ਤੇ ਮੋੜਵੇਂ ਰੂਪ ਵਿਚ ਲੋਕਾਂ ਲਈ ਹੀ ਜ਼ਾਲਮਾਂ ਦੇ ਖ਼ਿਲਾਫ ਕਾਰਜਸ਼ੀਲ ਹੈ। ਇਸ ਦੇਣ ਨੂੰ ਧਿਆਨ ਵਿਚ ਰੱਖੇ ਬਗ਼ੈਰ ਅਸੀਂ ਗੁਰੂ ਗੋਬਿੰਦ ਸਿੰਘ ਦੇ ਜ਼ਸ਼ਨਾਂ ਨੂੰ ਮਨਾ ਹੀ ਨਹੀਂ ਸਕਦੇ?

ਪੰਚਾਇਤ ਦੀ ਬਣਤਰ ਵਿਚੋਂ ਹੋਰ ਕਈ ਅਰਥ ਉਜਾਗਰ ਹੁੰਦੇ ਹਨ। ਇਹ ਪੰਚਾਇਤ ਤਥਾ ਕਥਿਤ ਨੀਵੀਆ ਜਾਤੀਆਂ ਨੂੰ ਆਪਣੇ ਵਿਚ ਸਮੇਟਦੀ ਹੈ। ਇਨ੍ਹਾਂ ਲੋਕਾਂ ਨੇ ਆਪਣਾ ਥਾਂ ਕਿਸੇ ਦੀ ਮਿਹਰ ਨਾਲ ਨਹੀਂ ਸਗੋਂ ਆਪਣੇ ਸਿਰ ਹਾਜ਼ਰ ਕਰਕੇ ਸੁਰਖਿਅਤ ਕੀਤਾ ਸੀ। ਚਾਹੀਦਾ ਇਹ ਸੀ ਕਿ ਇਸ ਪਰੰਪਰਾ ਨੂੰ ਅਗਾਂਹ ਤੋਰ ਕੇ ਸਿੱਖ ਧਰਮ ਸਿਰਫ ਸਿੱਖ ਧਰਮ ਹੁੰਦਾ ਪਰ ਇਥੇ ਤਾਂ ਖਾਨੇ ਬਣਾ ਕੇ ਜੱਟਾਂ ਨੇ ਬ੍ਰਾਹਮਣ ਦੀ ਥਾਂ ਲੈ ਲਈ ਤੇ ਇਹ ਲੋਕ 'ਚੂੜ੍ਹੇ-ਚਮਾਰ' ਹੀ ਬਣ ਕੇ ਰਹਿ ਗਏ। ਕੀ ਕੋਈ ਅਕਾਲ ਤਖ਼ਤ ਇਹ ਹੁਕਮਨਾਮਾ ਜਾਰੀ ਕਰੇਗਾ ਕਿ ਹਰ ਜਾਤ ਵਿਚ ਆਪਸੀ ਵਿਆਹ ਸੰਬੰਧ ਹੋਣੇ ਚਾਹੀਦੇ ਹਨ, ਜੋ ਇਨ੍ਹਾਂ ਸੰਬੰਧਾਂ ਤੋਂ ਇਨਕਾਰ ਕਰੇਗਾ, ਉਹ ਤਨਖਾਹੀਆਂ ਹੋਵੇਗਾ? ਸ਼ਾਇਦ ਅਜਿਹਾ ਕਦੀ ਵੀ ਨਹੀਂ ਹੋਵੇਗਾ।

ਸੰਖੇਪ ਵਿਚ ਕਹੀਏ ਤਾਂ ਗੱਦਰ ਲਹਿਰ ਨੇ ਅਕਾਲੀਆਂ ਦੇ ਮੁਢਲੇ ਦੌਰਾਂ ਵਿਚ ਸਿਖ ਧਰਮ ਦਾ ਜਾਂ ਗੁਰੂ ਗੋਬਿੰਦ ਦੁਆਰਾ ਖਾਲਸੇ ਦੇ ਸਿਰਜੇ ਤੱਤ/ਵੱਥ ਨੂੰ ਸੰਭਾਲਿਆ ਗਿਆ ਪਰ ਹੁਣ ਤਾਂ ਸਿੱਖੀ ਜੋ ਕੇਵਲ ਰੂਪ ਤਕ ਸੀਮਤ ਹੋ ਗਈ ਸੀ ਹੌਲੀ ਹੌਲੀ ਵਿਗਾੜ ਵਲ ਧੱਕੀ ਜਾ ਰਹੀ ਹੈ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਫਿਰ ਦਸਮ ਗੁਰੂ ਦੀ ਬਾਣੀ ਤੇ ਉਨ੍ਹਾਂ ਵਲੋਂ ਵੱਥ ਤੇ ਰੂਪ ਦੀ ਏਕਤਾ ਨੂੰ ਮੁੜ ਧਿਆਨ ਗੋਚਰੇ ਕਰੀਏ ਅਤੇ ਅਜੋਕੇ ਯੁੱਗ ਅਨੁਕੂਲ ਸਹੀ ਦੁਸ਼ਮਣ ਦਾ ਪਛਾਣ ਕਰਨੀ ਸਿਖੀਏ ਤਾਂ ਹੀ ਸਾਡਾ ਤ੍ਰੈ-ਸ਼ਤਾਬਦੀ ਮਨਾਉਣ ਦਾ ਕੋਈ ਫਾਇਦਾ ਹੋਵੇਗਾ।

## 2. ਪਰਗਤੀਵਾਦ ਤੇ ਹਮਲਾ

ਸਾਹਿਤ ਅਕਾਦਮੀ ਇਨਾਮ ਜੇਤੂ ਨਾਵਲਕਾਰ ਰਾਮ ਸਰੂਪ ਅਣਖੀ ਨੇ ਆਪਣੇ ਤ੍ਰੈਮਾਸਿਕ ਪਰਚੇ 'ਕਹਾਣੀ ਪੰਜਾਬ' ਦੇ ਵੀਹਵੇਂ ਅੰਕ ਵਿਚ ਅਜੋਕੀ ਕਹਾਣੀ ਦੀ ਗਲ ਕਰਦਿਆਂ ਪਰਗਤੀਵਾਦ ਤੇ ਕਈ ਗੰਭੀਰ ਦੋਸ਼ ਲਾ ਕੇ ਤਾਬੜ ਤੋੜ ਹਮਲਾ ਕੀਤਾ ਹੈ। ਸੰਦਰਭ ਪੱਖੋਂ ਇਹ ਹਮਲਾ ਬਿਨਾਂ ਕਿਸੇ ਕਾਰਨ ਤੇ ਲੋੜ ਦੇ ਕੀਤਾ ਗਿਆ ਹੈ। ਲਗਦਾ ਇਉਂ ਹੈ ਕਿ ਜਿਵੇਂ ਅਣਖੀ ਕਾਫੀ ਸਮੇਂ ਤੋਂ ਆਪਣੇ ਮਨ ਅੰਦਰ ਪਰਗਤੀ ਵਾਦ ਵਿਰੁੱਧ ਗੁੱਸਾ ਲਈ ਬੈਠਾ ਹੋਵੇ ਤੇ ਹੁਣ ਉਹ ਸਾਰਾ ਕੱਢ ਦਿੱਤਾ ਹੋਵੇ।

ਅਣਖੀ ਵਲੋਂ ਪਰਗਤੀਵਾਦ ਤੇ ਲਾਏ ਦੋਸ਼ ਕੋਈ ਨਵੇਂ ਨਹੀਂ ਹਨ। ਇਹ ਦੋਸ਼ ਘਸੇ ਪਿੱਟੇ ਤੇ ਪੁਰਾਣੇ ਹਨ, ਜਿਹੜੇ ਬੁਰਜੁਆਂ ਸਿਧਾਂਤਕਾਰ ਇਸ ਵਿਰੁੱਧ ਬਹੁਤ ਵੇਰ ਲਾ ਚੁੱਕੇ ਹਨ ਤੇ ਮੂੰਹ ਦੀ ਖਾ ਚੁੱਕੇ ਹਨ। ਇਹ ਹਮਲਾ ਬੇਲੋੜਾ ਤੇ ਬਿਨਾਂ ਕਿਸੇ ਕਾਰਨ ਇਸ ਲਈ ਹੈ ਕਿ ਪਰਗਤੀਵਾਦ ਜਿਨ੍ਹਾਂ ਉਦੇਸ਼ਾਂ ਨੂੰ ਲੈ ਕੇ ਤੁਰਿਆ ਸੀ, ਅਜੋਕੇ ਸੰਦਰਭ ਵਿਚ ਮੋਟੇ ਤੌਰ ਤੇ ਉਹਨਾਂ ਦੀ ਕੋਈ ਸਾਰਥਕਤਾ ਨਹੀਂ ਹੈ। ਪਰਗਤੀਵਾਦ ਦੇ ਜ਼ੁੰਮੇ ਮੁਖ ਕਾਰਜ ਫਾਸ਼ੀਵਾਦ ਸਾਮਰਾਜੀ ਤੇ ਜਗੀਰੂ ਕਦਰਾਂ ਦਾ ਵਿਰੋਧ ਸਾਹਿਤ ਤੇ ਸਭਿਆ ਦੇ ਮੰਚ ਤੋਂ ਕਰਨਾ ਸੀ। ਇਹ ਕਾਰਜ ਇਹਨੇ ਥੋਹੜ ਬਹੁਤੇ ਅੰਤਰ ਨਾਲ ਸੰਸਾਰ ਪੱਧਰ ਤੇ ਪੂਰਾ ਕੀਤਾ ਹੈ। ਪਰਗਤੀਵਾਦ ਨੇ ਸਾਹਿਤ ਸਮਾਜ ਲਈ ਦੇ ਉਦੇਸ਼ ਨੂੰ ਪਹਿਲੀ ਵੇਰ ਸਪਸ਼ਟ ਕੀਤਾ ਤੇ ਅਮਲ ਵਿਚ ਲਾਗੂ ਕੀਤਾ। ਇਸਨੇ ਆਪਣੇ ਸਮੇਂ ਦੇ ਸਮਾਜ ਵਿਚ ਪ੍ਰਚਲਤ ਰੂੜੀਵਾਦੀ, ਜਗੀਰੂ, ਸੰਸਕਾਰਾਂ ਤੇ ਸੱਟ ਮਾਰੀ, ਸਾਹਿਤ ਨੂੰ ਅਧਿਆਤਮਿਕ ਜਕੜ ਤੋਂ ਮੁਕਤ ਕਰਕਾ ਕੇ ਵਿਗਿਆਨ ਮੁਖੀ ਬਣਨ ਵੱਲ ਤੋਰਿਆ ਇਸ ਉਪਰੰਤ ਜਿਹੜੇ ਸਾਹਿਤਕਾਰ ਆਪਣੇ ਆਪ ਨੂੰ ਪਰਗਤੀਵਾਦੀ ਨਹੀਂ ਮੰਨਦੇ ਸਨ, ਉਹ ਵੀ ਸਮਾਜ ਨਾਲੋਂ ਟੁੱਟਕੇ ਲਿਖਣ ਦੀ ਜੁਰਅਤ ਨਹੀਂ ਕਰ ਸਕੇ। ਜਿਨ੍ਹਾਂ ਅਜਿਹਾ ਕੀਤਾ, ਪਾਠਕਾਂ ਨੇ ਉਹਨਾਂ ਨੂੰ ਗੌਲਿਆ ਹੀ ਨਹੀਂ। ਪਰਗਤੀਵਾਦ



ਨੇ ਆਪਣੇ ਜਨਮ ਤੋਂ ਲੈ ਕੇ ਸੱਠਵਿਆਂ ਦੇ ਮੁੱਢ ਤਕ ਸਾਹਿਤ ਵਿਚ ਆਪਣਾ ਅਸਥਾਨ ਕਾਇਮ ਰੱਖਿਆ। ਪੰਜਾਬੀ ਦੇ ਸਾਰੇ ਸਿਰਕੱਢ ਲੇਖਕ ਆਪਣੇ ਆਪ ਨੂੰ ਪਰਗਤੀਵਾਦੀ ਅਖਵਾਉਣ ਵਿਚ ਮਾਣ ਸਮਝਦੇ ਸਨ। ਉਸ ਸਮੇਂ ਜੇ ਕਿਸੇ ਨੇ ਪਰਗਤੀਵਾਦ ਦਾ ਵਿਰੋਧ ਕਰਕੇ ਕਿਸੇ ਨਵੇਂ ਝੁਕਾਅ ਦੀ ਗਲ ਕੀਤੀ, ਉਹਨੇ ਹਾਰ ਖਾਧੀ। ਪਰਯੋਗਵਾਦ ਤੇ ਪ੍ਰਯੋਗਵਾਦੀਆਂ ਦਾ ਹਸ਼ਰ ਅੱਜ ਵੀ ਇਕ ਹਕੀਕਤ ਹੈ।

ਰਾਮ ਸਰੂਪ ਅਣਖੀ ਦੀ ਆਪਣੀ ਕਹਿਣੀ ਤੇ ਕਥਨੀ ਵਿਚ ਢੇਰ ਅੰਤਰ ਹੈ। ਇਹ ਸੱਚ ਹੈ ਕਿ ਅਣਖੀ ਨੇ ਕਦੇ ਵੀ ਆਪਣੇ ਆਪ ਨੂੰ ਪਰਗਤੀਵਾਦੀ ਨਹੀਂ ਮੰਨਿਆ। ਉਂਝ ਵੀ ਡੂੰਘੇ ਵਾਦ ਵਿਵਾਦਾਂ ਵਿਚ ਪੈਣਾ ਉਹਦੀ ਫਿਤਰਤ ਨਹੀਂ ਹੈ। ਪਰੰਤੂ ਉਹਨੇ ਅੱਜ ਤੋਂ ਪਹਿਲਾ ਕਦੇ ਪਰਗਤੀਵਾਦ ਦੇ ਵਿਰੁੱਧ ਵੀ ਕੁਝ ਨਹੀਂ ਕਿਹਾ ਸੀ। ਜਿੱਥੋਂ ਤਕ ਉਸ ਵਲੋਂ ਸਿਰਜੇ ਗਲਪ ਸਾਹਿਤ ਦਾ ਸਬੰਧ ਹੈ, ਉਹਦੇ ਵਿਚ ਬਹੁਤਾ ਸਮਾਜ ਮੁਖੀ ਯਥਾਰਥਵਾਦੀ ਹੈ। ਸਮਾਜਕ ਸਵਾਲਾਂ ਨੂੰ ਹਲ ਕਰਨ ਦੀ ਗੱਲ ਉਹਨੇ ਕਦੇ ਨਹੀਂ ਕੀਤੀ ਪਰੰਤੂ ਸਮਾਜ ਵਿਚਲੇ ਜਮਾਤੀ ਵਿਰੋਧਾਂ ਨੂੰ ਉਹਨੇ ਅਕਸਰ ਆਪਣੀਆਂ ਲਿਖਤਾਂ ਵਿਚ ਵਰਨਣ ਕੀਤਾ ਹੈ। ਉਹ ਜੇ ਚੇਤਨ ਪੱਧਰ ਤੇ ਨਹੀਂ ਤਾਂ ਸਹਿਜ ਰੂਪ ਵਿਚ ਪਰਗਤੀਵਾਦੀ ਘੇਰੇ ਵਿਚ ਆਉਂਦਾ ਹੈ। ਇਸ ਲਈ ਉਸ ਵਲੋਂ ਕੀਤਾ ਵਿਰੋਧ ਨਿਰਾਰਥਕ ਹੈ। ਜਿਥੋਂ ਤਕ ਪਰਗਤੀਵਾਦ ਦਾ ਅਜੋਕੇ ਸੰਦਰਭ ਵਿਚ ਸੰਬਧ ਹੈ ਉਹ ਬਹੁਤਾ ਸਾਰਥਕ ਨਹੀਂ। ਆਪਣੇ ਸਮੇਂ ਵਿਚ ਪਰਗਤੀਵਾਦ ਤੀਖਣ ਰੂਪ ਵਿਚ ਜਮਾਤੀ ਵੰਡ ਤੇ ਦਵੰਦ ਨੂੰ ਪੇਸ਼ ਨਹੀਂ ਕਰਦਾ, ਉਸ ਸਮੇਂ ਜਮਾਤੀ ਪਹੁੰਚ ਦੀ ਥਾਂ ਕੌਮੀ ਪਹੁੰਚ ਭਾਰੂ ਸੀ ਇਸ ਲਈ ਅਜ ਪਰਗਤੀਵਾਦ ਕਾਫੀ ਨਹੀਂ। ਇਸ ਤੋਂ ਅੱਗੇ ਜਨਵਾਦ ਤਕ ਪੁਜਣ ਦੀ ਜਰੂਰਤ ਹੈ, ਅੱਜ ਸਾਹਿਤ ਵਿਚ ਲੁਟੀਦੇ ਦਲਿਤ ਵਰਗਾਂ ਤੇ ਉਹਨਾਂ ਦੇ ਸੰਘਰਸ਼ ਨੂੰ ਪੇਸ਼ ਕਰਨ ਦੀ ਲੋੜ ਹੈ। ਹਰ ਲੋਕ ਪੱਖੀ ਸਾਹਿਤਕਾਰ ਲਈ ਜਰੂਰੀ ਹੈ ਕਿ ਉਹ ਸਮਾਜ ਦੇ ਕਲਿਆਣ ਲਈ ਇਹਨਾਂ ਵਰਗਾਂ ਨੂੰ ਚੇਤਨ ਰੂਪ ਵਿਚ ਚਿਤਰੇ, ਇਹਨਾਂ ਦੀ ਏਕਤਾ ਕਤਾਰਬੰਦੀ ਤੇ ਸੰਘਰਸ਼ ਨੂੰ ਪੇਸ਼ ਕਰੇ। ਇਸ ਗਲ ਤੋਂ ਕੌਣ ਇਨਕਾਰੀ ਹੋ ਸਕਦਾ ਕਿ ਸਮਾਜ ਦੇ ਜਮਾਤੀ ਤੌਰ ਤੇ ਵੰਡੇ ਹੋਣ ਕਾਰਨ ਸਾਹਿਤਕਾਰ ਵੀ ਨਿਰਲੇਪ ਨਹੀਂ ਰਹਿ ਸਕਦਾ ਉਹ ਅਚੇਤ ਜਾਂ ਸੁਚੇਤ ਤੌਰ ਤੇ ਕਿਸੇ ਇਕ ਵਰਗ ਦੇ ਹੱਕ ਵਿਚ ਖੜੋਂਦੇ ਹਨ। ਜਨਵਾਦ ਦੀ ਗਲ ਸਮਾਜ ਦੇ ਦਲਿਤ ਵਰਗਾਂ ਦੇ ਹਕ ਵਿਚ ਖੜਨ ਵਾਲੇ ਸਾਹਿਤਕਾਰਾਂ ਲਈ ਹੈ। ਇਹਨਾਂ ਜਮਾਤਾਂ ਦੇ ਵਿਰੋਧੀਆਂ ਲਈ ਨਹੀਂ। ਇਸ ਤਰਾਂ ਪਰਗਤੀਵਾਦ ਵੀ ਚੇਤਨ ਤੌਰ ਤੇ ਫਾਸ਼ੀਵਾਦ ਸਾਮਰਾਜਵਾਦ ਤੇ ਜਗੀਰੂ ਜਮਾਤਾਂ ਦੀ ਵਿਰੋਧ ਕਰਨ ਵਾਲੇ ਸਾਹਿਤਕਾਰਾਂ ਲਈ ਸੀ, ਇਹਨਾਂ ਦੇ ਪੱਖ ਵਿਚ ਖੜਨ ਵਾਲਿਆਂ ਲਈ ਨਹੀਂ। ਰਾਮ ਸਰੂਪ ਅਣਖੀ ਨੇ ਜਿਹੜੇ ਫਤਵੇ ਪਰਗਤੀਵਾਦ ਦੇ ਵਿਰੋਧ ਵਿਚ ਦਿੱਤੇ ਹਨ, ਉਹਨਾਂ ਦੀ ਕੋਈ ਹਕੀਕਤ ਨਹੀਂ। ਉਹ ਆਪੇ ਘੜੇ ਤੇ ਨਿਰਮੂਲ ਹਨ। ਅਸੀਂ ਸਦਾ ਰਾਮ ਸਰੂਪ ਅਣਖੀ ਨੂੰ ਸੁਚੇਤ ਤੌਰ ਤੇ ਨਾਂ ਸਹੀ, ਸਹਿਜ ਪਰਗਤੀਵਾਦੀ ਸਮਝਿਆ ਹੈ ਅਤੇ ਆਪਣੀ ਕਤਾਰ ਵਿਚ ਗਿਣਿਆ ਹੈ। ਇਸ ਲਈ ਉਸ ਨੂੰ ਬੇਨਤੀ ਕਰਦੇ ਹਾਂ ਕਿ ਉਹ ਆਪਣੇ ਕਥਨ ਤੇ ਮੁੜ ਵਿਚਾਰ ਕਰੇ। ਪਰੰਤੂ ਜੇਕਰ ਫਿਰ ਵੀ ਉਹ ਇਹ ਸਮਝਦਾ ਹੈ ਕਿ ਉਹ ਦਰੁਸਤ ਹੈ ਫਿਰ ਖੁਲ੍ਹਕੇ ਗਲ ਕਰੇ ਤਾਂਕਿ ਉਹਦੇ ਨਾਲ ਚੰਗੀ ਤਰ੍ਹਾਂ ਸੰਵਾਦ ਰਚਾਇਆ ਜਾ ਸਕੇ। —ਸੰਪਾਦਕੀ ਮੰਡਲ

## 3. ਪਾਕਿਸਤਾਨ ਵਿੱਚ ਪੰਜਾਬੀ ਨਾਲ ਧੱਕਾ

ਪਤਾ ਲੱਗਾ ਏ ਕਿ ਪੰਜਾਬ ਐਗਜ਼ੈਮੀਨੇਸ਼ਨ (ਪ੍ਰੀਖਿਆ ਲੈਣ ਵਾਲੀ ਸੰਸਥਾ) ਅਥਾਰਟੀ ਨੇ ਪੰਜਾਬੀ ਦੇ ਅਖ਼ਤਿਆਰੀ ਮਜ਼ਮੂਨ (ਵਿਸ਼ੇ) ਨੂੰ ਮੈਟ੍ਰਿਕ ਦੇ ਇਮਤਿਹਾਨ ਵਿਚੋਂ ਕੱਢਣ ਦਾ ਪੱਕਾ ਮਤਾ ਲਿਆ ਏ। ਅਥਾਰਟੀ ਛੇਤੀ ਹੀ ਇਹ ਮਤਾ ਪੰਜਾਬ ਸਰਕਾਰ ਨੂੰ ਮਨਜ਼ੂਰੀ ਲਈ ਪੇਸ਼ ਕਰ ਦੇਵੇ। ਏਸ ਖ਼ਤਰੇ ਦਾ ਵੀ ਪਤਾ ਲੱਗਾ ਏ ਕਿ ਪੰਜਾਬ ਸਰਕਾਰ ਨੇ ਅਥਾਰਟੀ ਦਾ ਇਹ ਮਤਾ ਮੰਨ ਲੈਣਾ ਏ ਤੇ ਮੈਟ੍ਰਿਕ ਵਿਚੋਂ ਪੰਜਾਬੀ ਦਾ ਅਖ਼ਤਿਆਰੀ (Optional) ਮਜ਼ਮੂਨ ਮੁਕਾ ਦੇਣਾ ਏ। ਪੰਜਾਬ ਸਰਕਾਰ ਨੇ ਜੇ ਅਜਿਹਾ ਕੋਈ ਹੁਕਮ ਜਾਰੀ ਕਰ ਦਿਤਾ ਤਾਂ ਇਹ ਪੰਜਾਬੀ ਖਲਕਤ ਦੀ ਬੜੀ ਵੱਡੀ ਬਦ-

ਕਿਸਮਤੀ ਹਵੇਗੀ। ਪੰਜਾਬ ਦੀ ਖਲਕਤ ਨੂੰ ਪਹਿਲੋਂ ਈ ਆਪਣੀ ਮਾਦਰੀ ਜ਼ੁਬਾਨ ਪੜ੍ਹਨ-ਲਿਖਣ ਦਾ ਹੱਕ ਨਹੀਂ ਮਿਲਿਆ ਹੋਇਆ। ਸਾਰੀ ਪੜ੍ਹਾਈ-ਲਿਖਾਈ ਓਪਰੀਆਂ ਬੋਲੀਆਂ ਵਿੱਚ ਤੇ ਓਪਰੀਆਂ ਬੋਲੀਆਂ ਦੀ ਈ ਕਰਨਾ ਪੈਂਦੀ ਏ। ਏਸ ਵਜ੍ਹਾ ਤੋਂ ਪੰਜਾਬ ਵਿੱਚ ਅਨਪੜ੍ਹਤਾ ਆਪਣੇ ਸਿਖਰਾਂ ਉੱਤੇ ਅੱਪੜੀ ਹਈ ਏ। ਏਸ ਖਰਾਬੀ ਨੂੰ ਵੇਖਦਿਆਂ ਹੋਇਆ ਕੁਝ ਸੁਰਤ ਮੱਤ ਵਾਲੇ ਲੋਕ ਵਰ੍ਹਿਆਂ ਤੋਂ ਪਿੱਟਦੇ ਪਏ ਨੇ ਕਿ ਪੰਜਾਬ ਦੇ ਲੋਕਾਂ ਨੂੰ ਆਪਣੀ ਮਾਦਰੀ ਜ਼ੁਬਾਨ ਪੜ੍ਹਨ ਦਾ ਹੱਕ ਦਿੱਤਾ ਜਾਵੇ। ਪਰ ਕਿਸੇ ਵੀ ਸਰਕਾਰ ਨੇ ਏਸ ਗੱਲ ਨੂੰ ਕਦੀ ਨਹੀਂ ਗੌਲਿਆ। ਆ-ਜਾ ਕੇ ਗੋਗਲੂਆਂ ਤੋਂ ਮਿੱਟੀ ਝਾੜਨ ਲਈ ਮਿਡਲ ਤੇ ਹਾਈ ਤਾਲੀਮ ਦੀ ਹੱਦ ਤਾਈਂ ਪੰਜਾਬੀ ਨੂੰ ਅਖ਼ਤਿਆਰੀ ਮਜ਼ਮੂਨ ਦੇ ਤੌਰ 'ਤੇ ਪੜ੍ਹਾਏ ਜਾਣ ਦੀ ਇਜ਼ਾਜ਼ਤ ਦਿੱਤੀ ਏ। ਏਸ ਇਜ਼ਾਜ਼ਤ ਦਾ ਇਹ ਹਾਲ ਏ ਕਿ ਇਕ ਅਖ਼ਤਿਆਰੀ ਮਜ਼ਮੂਨ ਦੇ ਤੌਰ ਉੱਤੇ ਵੀ ਪੰਜਾਬੀ ਨੂੰ ਉਹ ਸਹੂਲਤਾਂ ਨਹੀਂ ਦਿੱਤੀਆਂ, ਜਿਹੜੀਆਂ ਕਿ ਦੂਜੇ ਅਖ਼ਤਿਆਰੀ ਮਜ਼ਮੂਨਾਂ ਨੂੰ ਦਿੱਤੀਆਂ ਜਾਂਦੀਆਂ ਨੇ। ਮਿਸਾਲ ਦੇ ਤੌਰ ਉੱਤੇ ਅਜਿਹਾ ਕੋਈ ਤਰਬੀਅਤੀ ਬੰਦੋਬਸਤ ਨਹੀਂ ਕੀਤਾ ਗਿਆ, ਜਿਹਦੇ ਰਾਹੀਂ ਉਸਤਾਦਾਂ ਨੂੰ ਪੰਜਾਬੀ ਪੜ੍ਹਨ ਦੀ ਜਾਂਚ ਸਿਖਾਈ ਜਾਵੇ। ਨਤੀਜਾ ਕਿ ਸਕੂਲਾਂ ਵਿੱਚ ਪੰਜਾਬੀ ਅਖ਼ਤਿਆਰੀ ਪੜ੍ਹਾਉਣ ਲਈ ਕੋਈ ਉਸਤਾਦ ਨਹੀਂ। ਜਿੱਥੇ ਕਿਧਰੇ ਵੀ ਕੋਈ ਰੈਗੂਲਰ ਉਸਤਾਦ ਆਪਣੀ ਮਾਦਰੀ ਜ਼ੁਬਾਨ ਦਾ ਦਰਦ ਮਹਿਸੂਸ ਕਰਦਾ ਏ, ਉਹ ਬਿਨਾ ਕਿਸੇ ਮੁਆਵਜ਼ੇ ਦੇ ਰਜ਼ਾਕਾਰਾਨਾ (ਮੁਫ਼ਤ ਸੇਵਾ) ਤੌਰ ਤੇ ਪੰਜਾਬੀ ਅਖ਼ਤਿਆਰੀ ਪੜ੍ਹਾਉਣ ਲੱਗ ਪੈਂਦਾ ਏ। ਫੇਰ ਇਹ ਕਿ ਮਿਡਲ ਦੀ ਹੱਦ ਤਾਈਂ ਪੰਜਾਬੀ ਦੀਆਂ ਕਿਤਾਬਾਂ ਈ ਨਹੀਂ ਲੱਭਦੀਆਂ। ਜਿਹੜੀਆਂ ਕੋਈ ਕਿਸੇ ਵੇਲੇ ਛਾਪੀਆਂ ਗਈਆਂ ਸਨ, ਉਨ੍ਹਾਂ ਨੂੰ ਦੂਜੀ ਵਾਰ ਛਾਪਣ ਦੀ ਲੋੜ ਨਹੀਂ ਮਹਿਸੂਸ ਕੀਤੀ ਗਈ। ਏਸ ਕਰਕੇ ਮਿਡਲ ਵਿੱਚ ਕੋਈ ਪਾਹੜਾ ਆਪਣੀ ਮਾਂ-ਬੋਲੀ ਪੜ੍ਹਨਾ ਚਾਹੁੰਦਾ ਏ ਤਾਂ ਉਹਦਾ ਦਿਲ ਡਾਢਾ ਟੁੱਟਦਾ ਏ। ਮੈਟ੍ਰਿਕ ਦੀ ਹੱਦ ਤੇ ਸੂਰਤੇ ਹਾਲ (ਸਥਿਤੀ) ਕੁਝ ਵੱਲ ਏ। ਉਹ ਵੀ ਇੰਝ ਕਿ ਉੱਤੇ ਦੱਸੇ ਘਾਟੇ ਆਪਣੀ ਥਾਂਵੇਂ, ਪਰ ਕੁੜੀਆਂ ਮੁੰਡੇ ਹੁੰਮ-ਹੁੰਮਾ ਕੇ ਪੰਜਾਬੀ ਦਾ ਅਖ਼ਤਿਆਰੀ ਮਜ਼ਮੂਨ ਲੈਂਦੇ ਨੇ ਤੇ ਦੂਜੇ ਮਜ਼ਮੂਨਾਂ ਦੇ ਮੁਕਾਬਲੇ ਵਿੱਚ ਥੋੜ੍ਹਾ ਟਿੱਲ ਮਾਰ ਕੇ ਚੰਗਾ ਚੋਖਾ ਪਾਸ ਕਰ ਜਾਂਦੇ ਨੇ। ਇਹਦਾ ਇਹ ਮਤਲਬ ਨਹੀਂ ਕਿ ਪੰਜਾਬੀ ਅਖ਼ਤਿਆਰੀ ਅਸਲੋਂ ਫੁਲਕਾ ਮਜ਼ਮੂਨ ਏ ਜਾਂ ਇਹਦੇ ਵਿੱਚ ਕੰਮ ਦੀ ਕੋਈ ਸ਼ੈਅ ਹੈ ਈ ਨਹੀਂ। ਇਹਦਾ ਕੋਰਸ ਦੂਜੇ ਅਖ਼ਤਿਆਰੀ ਮਜ਼ਮੂਨਾਂ ਵਾਂਗੂੰ ਈ ਏ। ਫਰਕ ਸਿਰਫ਼ ਏਨਾ ਏ ਕਿ ਇਹ ਪੜ੍ਹਿਆਰਾਂ ਦੀ ਮਾਦਰੀ (ਮਾਂ ਬੋਲੀ) ਜ਼ੁਬਾਨ ਏ, ਜਦੋਂ ਕਿ ਦੂਜੇ ਅਖ਼ਤਿਆਰੀ ਮਜ਼ਮੂਨ ਓਪਰੀਆਂ ਬੋਲੀਆਂ ਦੇ ਨੇ। ਪੜ੍ਹਿਆਰਾਂ ਨੂੰ ਆਪਣੀ ਜ਼ੁਬਾਨ ਵਿੱਚ ਆਪਣੀ ਜ਼ੁਬਾਨ ਦੀਆਂ ਈ ਗੱਲਾਂ ਪੜ੍ਹਨ ਵਿੱਚ ਕੋਈ ਔਕੜ ਨਹੀਂ ਆਉਂਦੀ। ਇਕ ਵਾਰੀ ਰੇੜ੍ਹੇ ਪੈਂਦੇ ਨੇ ਤੇ ਫੇਰ ਰਿੜ੍ਹੇ ਜਾਂਦੇ ਨੇ। ਮਾਤਰੀ ਜ਼ੁਬਾਨ ਵਿੱਚ ਪਰਚਾ ਕਰਦਿਆਂ ਵੀ ਉਹਨਾਂ ਨੂੰ ਕੋਈ ਅੜਿੱਕਾ ਨਹੀਂ ਪੈਂਦਾ ਤੇ ਉਹ ਰੱਜ ਕੇ ਲਿਖ ਲੈਂਦੇ ਨੇ।

ਐਗਜ਼ਾਮੀਨੇਸ਼ਨ ਅਥਾਰਟੀ ਨੂੰ ਚਾਹੀਦਾ ਸੀ ਕਿ ਏਸ ਹਕੀਕਤ ਨੂੰ ਪਛਾਣਦੀ ਤੇ ਮਾਦਰੀ ਜ਼ੁਬਾਨ ਨੂੰ ਜ਼ਰੀਆ ਤਾਲੀਮ (ਸਿਖਿਆ ਦਾ ਮਾਧਿਅਮ) ਤੇ ਲਾਜ਼ਮੀ ਮਜ਼ਮੂਨ ਮੰਨ ਲੈਣ ਦੀ ਸਿਫਾਰਿਸ਼ ਤਿਆਰ ਕਰਦੀ ਕਿਉਂ ਜੋ ਸਾਇੰਸ, ਟਕਨਾਲੋਜੀ, ਜ਼ਿਰਾਇਤ (ਖੇਤੀਬਾੜੀ) ਤੇ ਹੋਰ ਦੂਜੇ ਮੁਫੀਦ (ਲਾਹੇਵੰਦ) ਮਜ਼ਮੂਨ ਉਦੋਂ ਤਾਈਂ ਕਾਮਯਾਬ ਨਹੀਂ ਹੋ ਸਕਦੇ, ਜਦੋਂ ਤਾਈਂ ਪੜ੍ਹਿਆਰਾਂ ਨੂੰ ਉਨ੍ਹਾਂ ਦੀ ਮਾਦਰੀ ਜ਼ੁਬਾਨ ਵਿੱਚ ਨਹੀਂ ਪੜ੍ਹਾਏ ਜਾਂਦੇ। ਪੰਜਾਬ ਸਰਕਾਰ ਦਾ ਫਰਜ਼ ਬਣਦਾ ਏ ਕਿ ਉਹ ਅਥਾਰਟੀ ਦੀ ਪੰਜਾਬੀ ਅਖ਼ਤਿਆਰੀ ਦੇ ਖਿਲਾਫ਼ ਸਿਫਾਰਿਸ਼ ਨੂੰ ਨਾ ਮੰਨੇ ਤੇ ਮੈਟ੍ਰਿਕ ਦੀ ਤਾਲੀਮ ਨੂੰ ਸਹੀ ਅਰਥਾਂ ਵਿੱਚ ਲਾਹੇਵੰਦ ਤੇ ਕਾਰ ਆਮਦ ਬਣਾਵਣ ਲਈ ਪੰਜਾਬ ਵਿੱਚ ਪੰਜਾਬੀ ਨੂੰ ਜ਼ਰੀਆ ਤਾਲੀਮ (ਸਿੱਖਿਆ ਦਾ ਮਾਧਿਅਮ) ਤੇ ਲਾਜ਼ਮੀ (ਜ਼ਰੂਰੀ) ਮਜ਼ਮੂਨ ਬਣਾਵਣ ਦਾ ਪ੍ਰਬੰਧ ਕਰੇ।

**(ਪੰਚਮ-ਲਾਹੌਰ)**



(ਪ੍ਰਗਤੀਵਾਦੀ ਧਾਰਾ ਦਾ ਪ੍ਰਸਿੱਧ ਪੰਜਾਬੀ ਕਵੀ ਮੇਜਰ ਪਿਆਰਾ ਸਿੰਘ, ਬਿਨਾਂ ਕਿਸੇ ਛਪੇ ਕਾਵਿ-ਸੰਗ੍ਰਹਿ ਦੇ, ਪੰਜਾਬੀ ਕਾਵਿ-ਖੇਤਰ ਵਿੱਚ ਜਾਣਿਆਂ-ਪਛਾਣਿਆ ਨਾਮ ਹੈ।) **—ਸੰਪਾਦਕ**

**ਇਸ ਵਾਰ ਦਾ ਵਿਸ਼ੇਸ਼ ਕਵੀ**

## ਚਾਰ ਕਵਿਤਾਵਾਂ/ਮੇਜਰ ਪਿਆਰਾ ਸਿੰਘ

### (1) ਤੂੰ ਆਪਣਾ ਦਰ

ਤੂੰ ਆਪਣਾ ਦਰ ਖੋਲ੍ਹ ਕੇ ਰੱਖੀਂ
ਮੈਂ ਫਿਰ ਪਰਤ ਕੇ ਆਵਾਂਗਾ
ਭਰਿਆ ਪੂਰ ਉਮਰ ਦੀ ਬੇੜੀ
ਪਰਲੇ ਪਾਰ ਪੁਚਾ ਆਵਾਂ

ਇਹ ਮਾਸੂਮ ਇੰਵਾਣੇ ਪਲ ਜੋ
ਮੇਰੀ ਉਂਗਲੀ ਫੜ ਕੇ ਤੁਰ ਪਏ
ਅਣਜਾਣੇ, ਅਣਡਿੱਠੇ ਰਾਹ ਤੋਂ
ਖ਼ੌਫ਼ਜ਼ਦ੍ਹਾ ਨੇ, ਇਨ੍ਹਾਂ ਨੂੰ ਬੱਸ
ਜੰਗਲ ਦੇ ਉਸ ਮੋੜ ਤੋਂ
ਅਗਾਂਹ ਲੰਘਾ ਆਵਾਂ

ਕਈ ਪੂਰੇ ਅਣਪੂਰੇ, ਸੁਪਨੇ
ਹਾਲੇ ਤਕ ਵੀ
ਨਾਲ ਤੁਰਨ ਦੀ ਜ਼ਿਦ ਕਰਦੇ ਨੇ
ਇਹਨਾਂ ਨੂੰ ਮੈਂ
ਕੰਧ-ਪਿਛਲੇ ਸੂਰਜ ਦੇ ਵਿਹੜੇ
ਕਿਸੇ ਖੇਡ ਵਿੱਚ ਲਾ ਆਵਾਂ

ਪਹਿਲੇ ਪਹਿਰ ਪ੍ਰਾਹੁਣੇ ਆਏ
ਲੱਖ ਖ਼ੁਸ਼ੀਆਂ ਲੱਖ ਚਾਅ
ਦੂਜੇ ਪਹਿਰੇ
ਜੱਗ-ਜ਼ੋਬਨ ਦਾ ਜਸ਼ਨ ਸੁਹਾਵਾ
ਸਮਾਂ ਖਲੋ ਕੇ ਇਕ ਕਦਮ 'ਤੇ
ਚੁੱਪ-ਚੁਪੀਤੇ ਮਾਣ ਗਿਆ
ਤੀਜਾ ਪਹਿਰ ਉਣੀਂਦਾ ਝਾਗੇ
ਇਹਨੂੰ ਕਿਤੇ ਸੁਆ ਆਵਾਂ

ਉਸ ਪਰਬਤ ਤੋਂ ਪਾਰ ਸਰੋਵਰ
ਵਾਰੋ-ਵਾਰੀ ਸੰਝ ਤੇ ਸਰਘੀ
ਜਿਸ ਵਿੱਚ ਨ੍ਹਾ ਕੇ
ਰੂਪ ਸੁਆਰਨ
ਥੱਕੀਆਂ-ਟੁੱਟੀਆਂ ਰੁੱਤਾਂ ਜਿੱਥੇ
ਮੱਧਮ ਪਏ ਹੋਏ ਰੰਗ ਨਿਖਾਰਨ
ਇਹ ਮੇਰਾ ਚੋਲਾ ਅਧਰਾਣਾ
ਜੋ ਹੁਣ ਤੇਰੀ ਨਿਗ੍ਹਾ ਨਹੀਂ ਚੜ੍ਹਦਾ
ਉਥੇ ਲਾਹ ਕੇ
ਅੰਮ੍ਰਿਤ-ਜਲ ਵਿੱਚ ਟੁੱਭੀ ਲਾ ਕੇ
ਨਵੇਂ ਨਕੋਰ, ਸੁਹੰਢਣੇ ਵਸਤਰ

ਤਨ 'ਤੇ ਫੇਰ ਸਜਾ ਆਵਾਂ
ਤੂੰ ਆਪਣਾ ਦਰ ਖੋਲ੍ਹ ਕੇ ਰੱਖੀਂ

### (2) ਦਿਨ ਚੜ੍ਹਿਆ

ਦਿਨ ਚੜ੍ਹਿਆ ਇਕ ਬਿਨ ਸਿਰਨਾਵੇਂ
ਸੂਰਜ ਉੱਗਿਆ
ਧੁੱਪ ਖਿੜੀ
ਨੀਲੇ ਪਰਛਾਵੇਂ
ਹੋਰ ਸੰਙੂਣੇ, ਹੋਰ ਡੂੰਘੇਰੇ ਹੋਏ
ਇਕ ਦੂਜੇ ਨੂੰ ਲੱਭਦੇ-ਫੜਦੇ
ਖੇਡ ਖੇਡ ਵਿੱਚ
ਕੁਝ ਹੱਸੇ, ਕੁਝ ਰੋਏ।

ਇਕ ਦੂਜੇ ਦੇ ਪੈਰਾਂ ਵਿੱਚ ਸਨ
ਪਰ ਸਿਰ ਉੱਤੇ
ਇਕ ਦੂਜੇ ਦੀ ਛਾਂ ਤਣੀ
ਮਹਿਕ ਮਹਿਕ ਧਰਤੀ ਆੱਙਣ
ਕਾਇਨਾਤ ਕੁੱਲ ਰਹਿਮਤ ਰਹਿਮਤ
ਅੰਬਰ ਵਗਿਆ ਕਣੀ ਕਣੀ

ਦਿਨ ਢਲਿਆ
ਤਾਂ
ਧੁੱਪ ਸਮੇਟ ਕੇ ਪੰਖ ਸੁਨਹਿਰੀ
ਜਾ ਬੈਠੀ ਰੁੱਖ-ਟੀਸੀ
ਸੂਰਜ ਦੀ ਪਿੱਠ ਪਿੱਛੇ ਘੁਲੀਆਂ
ਆਪੋ-ਵਿਚਦੀ
ਛਾਵਾਂ ਤੇ ਪਰਛਾਵਾਂ
ਇਕ ਬੇਰੰਗ ਜਿਹੇ ਬਿੰਦੂ ਵਿਚ
ਸਿਮਟੇ ਰੰਗ-ਰੇਖਾਵਾਂ
ਹੱਸਣ-ਰੋਣ, ਲੁਕਣ-ਲੱਭਣ ਦੀ
ਖੇਡ ਸਮਾਪਤ
ਕੀ ਖੋਵਾਂ
ਕੀ ਪਾਵਾਂ

### (3) ਕਲਮ ਸ਼ਾਇਰ

ਪਤਾ ਨਹੀਂ
ਸਾਡੇ ਸਾਧਨ-ਹੀਣ ਸੁਪਨਿਆਂ ਕੋਲੋਂ
ਕੀ ਚਾਹੁੰਦੇ ਹੋ, ਹੋਰ!

ਕੀ ਏਨਾ ਕੁਝ ਕਾਫ਼ੀ ਨਹੀਂ?
ਕਿ
ਏਸ ਤਿਹਾਈ ਧਰਤੀ ਨੂੰ ਅਸਾਂ
ਲੱਪ ਕੁ ਹੰਝੂ ਪੀਣ ਲਈ ਦਿੱਤੇ!

ਇਸ ਦਾ ਦਿੱਤਾ
ਕੌੜਾ, ਫਿੱਕਾ



ਖ਼ੁਸ਼ੀ-ਖ਼ੁਸ਼ਾਲੀ
ਚਖਿਆ, ਚੁੰਮਿਆ,
ਆਪਣੇ ਹਿੱਸੇ ਨਾਲੋਂ ਵਧ ਕੁਝ
ਤਿਲ ਪਰ ਇਸਦਾ ਦਰਦ ਵੰਡਾਇਆ
ਇਸਦੇ ਦੁਖਦੇ ਜ਼ਖਮ ਪਲੋਸੇ
ਖਾਲੀ ਹੱਥੀਂ
ਬਿਨ ਮਲ੍ਹਮਾਂ ਦੇ
ਕੂਲੇ ਬੋਲਾਂ ਦਾ ਕੋਈ ਫਹਿਆ ਲਾਇਆ
ਪਤਝੜ ਰੁੱਤੇ ਏਸ ਬਾਗ ਦੇ
ਕੁਮਲਾਏ ਹੋਏ ਫੁੱਲ-ਕਲੀਆਂ ਨੂੰ
ਸੁਕੀਆਂ ਟਹਿਣੀਆਂ ਨਾਲ ਪਲ੍ਹਮਦੇ
ਮੌਤ ਮੰਗਦੇ
ਪੱਤਿਆਂ ਨੂੰ ਅਸਾਂ
ਕੁਝ ਝੂਠੇ
ਕੁਝ ਸੁੱਚੇ ਸੱਚੇ
ਵਾਅਦਿਆਂ ਵਰਗੇ ਲਾਰੇ-ਲੱਪੇ
ਜੀਣ ਲਈ ਦਿੱਤੇ
ਅਣਹੋਇਆਂ ਦੀ ਪੱਥਰ ਅੱਖ 'ਚ
ਸੁਗਮ ਸੰਕੇਤ ਥੀਣ ਲਈ ਦਿੱਤੇ

ਜ਼ਰਾ ਕੁ ਸੋਚੋ!
ਇਹ ਵੀ ਤਾਂ ਕੁਝ ਘੱਟ ਨਹੀਂ ਮਿਤਰੋ!
ਪਤਾ ਨਹੀਂ
ਤੁਸੀਂ ਕੀ ਚਾਹੁੰਦੇ ਓ, ਹੋਰ?

### (4) ਏਹ ਖੇਡ!

ਜਗਦੀ, ਬੁਝਦੀ
ਬੁਝਦੀ, ਜਗਦੀ
ਤਰਲ ਜਿਹੀ ਇਕ ਲੀਕ
ਬਹੁਤ ਬਾਰੀਕ
ਦਿਸਹੱਦੇ ਤੋਂ ਦੂਰ ਕਦੇ
ਇਹ ਪਲਕਾਂ ਤੋਂ ਨਜ਼ਦੀਕ
ਏਸ ਲੀਕ ਦੇ ਉਰਲੇ ਪਾਸੇ
ਕੁੱਲ ਦੁਨੀਆਂ ਦੇ ਦੁਖ-ਸੁਖ ਵੱਸਣ
ਮੰਨਣ, ਰੁੱਸਣ
ਰੋਵਣ, ਹੱਸਣ
ਸਾਹਾਂ ਦੀ ਤਸਦੀਕ

ਏਸ ਲੀਕ ਦੇ ਪਰਲੇ ਪਾਸੇ
ਸੁਪਨ-ਸੁਹਾਵੀ
ਧਰਤ ਬੜੀ ਰਮਣੀਕ
ਸਮੇਂ ਦੇ ਪਾਰਲੇ ਕੰਢੇ ਤੀਕ
ਕਿ ਜਿਥੋਂ
ਸੱਤ ਰੰਗ ਸੈਨਤਾਂ ਮਾਰ ਬੁਲਾਉਂਦੇ

ਅੱਖ ਮਿਲਾਉਂਦੇ
ਗਲ ਲੱਗਣ ਲਈ ਨੇੜੇ-ਨੇੜੇ ਆਉਂਦੇ
ਪੋਟੇ ਛੂਹ ਕੇ
ਪਰ੍ਹਾਂ ਕਿਤੇ ਤੁਰ ਜਾਂਦੇ
ਹੱਥ ਹਿਲਾਉਂਦੇ

ਇਹ ਇਕ ਆਦਿ-ਜੁਗਾਦੀ ਖੇਡ
ਨਾ ਪਾਇਆ ਭੇਦ
ਤੁਰ ਚੱਲੇ ਹਾਂ
ਪਲੋ-ਪਲੀ ਵਿਚ
ਉਮਰ ਵਿਹਾ ਜੁਗ-ਜੇਡ
ਇਹ ਕੇਹੀ ਖੇਡ!

### (5) ਸਮਿਆਂ-ਜਾਇਆ

ਕੱਚ-ਵਰੇਸੇ ਵਿਗਸੀਆਂ ਤਾਂਘਾਂ
ਛੋਟੀ ਅੱਖ ਤੇ ਵੱਡਾ ਸੁਪਨਾ
ਸਾਂਭ ਨਾ ਹੋਇਆ
ਭਰ ਭਰ ਡੁੱਲ੍ਹਿਆ
ਤਿਪ ਤਿਪ ਚੋਇਆ
ਸੱਤੇ ਰੰਗ ਕਿਰੇ ਵਿੱਚ ਰਾਹਾਂ
ਹਰ ਇਕ ਰੰਗ ਦੀ ਆਪਣੀ ਵੇਦਨ
ਕੋ ਹੱਸਿਆ, ਕੋ ਰੋਇਆ

ਕਾਇਆਂ ਸੁੱਤੀ ਜਾਂ ਅਧਸੁੱਤੀ
ਕਾਮਨਾ ਜਾਗੇ, ਧੜਕੇ
ਰੂਹ ਦਾ ਦੁਖ-ਸੁਖ
ਜਗਿਆਸਾ ਦਾ ਪਰਲਾ ਕੰਢਾ
ਰਿਸ਼ੀ ਫਰੋਲੇ ਉਲਝੇ ਪੁਲਝੇ ਵਰਕੇ
ਉਰਲੇ ਪਾਰ ਦੇਹਾਂ ਦੇ ਸੁਖ-ਦੁਖ
ਹੋਣੀ ਤੇਰੀ ਮੇਰੀ
ਵਿਚਲੀ ਵਾਟ ਲੰਮੇਰੀ
ਆਰ-ਪਾਰ ਦੇ ਵਿਚਾਲੇ
ਪੁੰਨ-ਪਾਪ ਦੇ ਦਾਅਵੇ-ਮਨ ਪ੍ਰਚਾਵੇ

ਨਾ ਮਨ ਮੁਕਤੀ-ਮਾਰਗ ਲੋਚੇ
ਨਾ ਤਨ ਤ੍ਰਿਪਤ-ਤਿਹਾਇਆ
ਸਮਿਆਂ-ਜਾਇਆ
ਇਕ ਉਮਰ ਲਈ ਸੌ ਸੌ ਪੈਂਡੇ
ਕਿਵ ਕੋਈ ਪੰਧ ਮੁਕਾਵੇ!

ਮੋਖ ਦੁਆਰ ਦੇ ਪਰਲੇ ਪਾਸੇ
ਤਨ-ਤ੍ਰਿਪਤੀ ਦਾ ਤਰਲਾ
ਤ੍ਰਿਸ਼ਨਾ, ਤ੍ਰਿਪਤੀ ਮਾਵਾਂ-ਧੀਆਂ
ਕਿੰਜ ਕੋਈ ਸਮਝਾਵੇ!

ਕਲਾ-ਨਿਕੇਤਨ, P.O. ਧਰਮਗੜ੍ਹ (ਰੋਪੜ)



## ਖਾਲਸਾ-ਸਿਰਜਣਾ ਦੀ ਤੀਜੀ ਸ਼ਤਾਬਦੀ

### ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ / ਡਾ. ਹਰਿਭਜਨ ਸਿੰਘ

ਉਦੋਂ ਹਾਜ਼ਰ ਸਾਂ ਮੈਂ
ਤੇਰੇ ਹੱਥ ਵਿਚ ਜਦੋਂ ਤਲਵਾਰ
ਨੰਗੀ ਪਿਆਸ ਵਾਂਗੂੰ ਤੜਫਾਈ ਸੀ
ਲਹਿਰਦਾ, ਸੁਲਗਦਾ ਮੇਲਾ-
ਜਦੋਂ ਸੁੱਕੇ ਸਰੋਵਰ ਵਾਂਗ ਗੁੰਮ ਸੁੰਮ ਬੁਝ ਗਿਆ ਸੀ
ਦੂਰ ਤੀਕਰ ਚੁਪ ਦੇ ਬੰਜਰ ਵਿਛੇ ਸਨ
ਜਿਨ੍ਹਾਂ ਦੇ ਵਿਚ ਸਵਾਸ ਵੀ ਉੱਗਦਾ ਨਹੀਂ ਪੂਰਾ
ਉਦੋਂ ਹਾਜ਼ਰ ਸਾਂ ਮੈਂ
ਤੇਰੇ ਮੂੰਹੋਂ ਜਦੋਂ ਇਕ ਬੋਲ ਦਾ ਟੁਕੜਾ
ਸੁਲਗਦੀ ਲਾਟ ਵਾਂਗੂ ਨਿਕਲਿਆ ਸੀ
ਸੀਸ ਜਿਸ ਦੇ ਪਾਸ ਹੈ ਹਾਜ਼ਰ ਕਰੇ
ਉਦੋਂ ਬੇਸੀਸ ਬੰਦੇ ਵਾਂਗ ਮੇਰੀ ਹਾਜ਼ਰੀ ਸੀ
ਮੇਰੇ ਸੀਨੇ 'ਚੋਂ ਮੇਰੀ ਜਾਨ
ਅਚੇਤੀ ਲਹਿਰ ਵਾਗੂੰ ਤ੍ਰਭਕ ਕੇ ਉੱਠੀ.
ਤੇ ਫਿਰ ਡੀਕੀ ਨਦੀ ਦੀ ਲਹਿਰ ਵਾਂਗੂ ਸੌਂ ਗਈ
ਮੈਂ ਆਪਣੇ ਆਪ ਦੀ ਇਕ ਲੀਕ
ਆਪਣੀ ਹਾਜ਼ਰੀ ਤੋਂ ਬਿਨ ਉਦੋਂ ਕੁਝ ਵੀ ਨਹੀਂ ਸਾਂ
ਮੈਂ ਆਪਣੀ ਥਾਂ ਤੇ ਬੈਠਾ ਸਾਂ ਬਿਰਛ ਵਾਂਗੂ
ਜਿਨੂੰ ਮੁੱਢੋਂ ਕਿਸੇ ਦੋ ਚਾਰ ਹੱਥ ਛੱਡ ਕੇ
ਸਬੂਤਾ ਵੱਢ ਦਿੱਤਾ ਸੀ
ਨਿਰੀ ਨੰਗੀ ਨਿਕੱਦੀ ਹੀਣਤਾ
ਮੇਰੇ ਉਪਰ ਮੇਰੀ ਆਪਣੀ ਵੀ ਛਾਂ ਕੋਈ ਨਹੀਂ ਸੀ
ਉਦੋਂ ਹਾਜ਼ਰ ਸਾਂ ਮੈਂ
ਤੇਰੀ ਤਕਣੀ ਜਦੋਂ ਛਿਲਤੀ ਕਿਰਨ ਵਾਂਗੂੰ
ਮੇਰੇ ਵਿਰਲਾਂ 'ਚੋਂ ਅੰਦਰ ਝਾਕਦੀ ਸੀ
ਮੇਰੇ ਅੰਦਰ ਜੋ ਇਕ ਸੂਰਜ ਜਿਹਾ ਤੂੰ ਬਾਲ ਧਰਿਆ ਸੀ
ਉਹਦੇ ਚਾਨਣ 'ਚ ਮੇਰੀ ਹਉਂ ਵਿਆਕੁਲ ਸੀ
ਮੈਂ ਆਪਣੇ ਆਪ ਨੂੰ ਪੁੱਛਦਾ ਪਿਆ ਸਾਂ
ਮੇਰੇ ਧੜ ਤੇ ਮੇਰਾ ਸਿਰ ਹੈ ਜਾਂ ਸਿਰ ਦਾ ਦੰਭ ਹੈ
ਜੋ ਵਿਖਾਇਆ ਤਾਂ ਜਾ ਸਕਦੈ
ਵਰਤਿਆ ਬਿਲਕੁਲ ਨਹੀਂ ਜਾਂਦਾ
ਮੈਂ ਆਪਣਾ ਆਪ ਹਾਂ ਜਾਂ ਅਜਨਬੀ ਹਾਂ
ਮੈਂ ਗੁਰੂ-ਦਰਬਾਰ ਵਿਚ ਬੈਠਾ ਪੁਰਖ ਹਾਂ
ਜਾਂ ਨਾਰ ਹਾਂ
ਜੋ ਘਰੋਂ ਨਿਕਲੀ ਤਾਂ ਸੀ
ਪਿੰਡੇ ਤੇ ਇਕ ਵਾਫਰ ਜਿਹਾ ਅੰਗ ਜੋੜ ਕੇ
ਪਰ ਭਰੇ ਚਾਨਣ, ਭਰੇ ਬਾਜ਼ਾਰ ਸਭ ਦੇ ਸਾਮ੍ਹਣੇ
ਅੰਗ ਭੁਰਿਆ
ਨਾਰ ਦਾ ਬੁੱਚਾ ਅਸਲ ਸਭ ਤੇ ਉਜਾਗਰ ਹੋ ਗਿਆ
ਮੈਨੂੰ ਹੁਣ ਆਪਣੀ ਹੀ ਹਾਜ਼ਰੀ ਇਕ ਭਾਰ ਲਗਦੀ ਸੀ

ਤੇ ਭਰੇ ਮੇਲੇ ਦੀ ਚੁੱਪ
ਬੋਝ ਸੀ ਉਪਹਾਸ ਦਾ
ਤੇ ਚਮਤਕਾਰਾ ਜਦੋਂ ਹੋਇਆ
ਉਦੋਂ ਹਾਜ਼ਰ ਸਾਂ ਮੈਂ
ਮੇਰੇ ਲਾਗੇ ਹੀ ਬੈਠਾ ਸੀ ਚਮਤਕਾਰੀ
ਜਿਨ੍ਹੇ ਆਪਣੇ ਹੀ ਹੱਥੀਂ ਸੀਸ ਲਾਹ ਕੇ ਆਪਣਾ
ਸਹਿਜੇ ਟਿਕਾ ਦਿੱਤਾ ਤੇਰੇ ਚਰਨੀਂ
ਤੇਰੇ ਹੱਥ ਵਿਚ ਅਚਲ ਤਲਵਾਰ ਵੀ
ਛਿਣ ਭਰ ਲਈ ਥੱਰਰਾ ਗਈ ਸੀ
ਮੁਅਜ਼ਜ਼ਾ ਤਕ ਕੇ
ਸੀਸ ਵਾਲੇ ਸੀਸ ਅਰਪਨ ਵਾਸਤੇ
ਤਲਵਾਰ ਦੇ ਮੁਹਤਾਜ਼ ਨਹੀਂ ਹੁੰਦੇ
ਚਮਤਕਾਰੀ ਨੇ ਆਪਣਾ ਸੀਸ
ਇਉਂ ਸਹਿਜੇ ਟਿਕਾਇਆ ਸੀ ਤੇਰੇ ਚਰਨੀਂ
ਜਿਵੇਂ ਅੰਬਰ ਦੇ ਪੈਰੀਂ
ਨਿਤ ਸਵੇਰਾ ਆਪਣਾ ਸੂਰਜ ਬਾਲ ਧਰਦਾ ਹੈ
ਤ੍ਰਭਕ ਕੇ ਉੱਠੀ ਸੀ ਮੇਰੀ ਜਾਨ
ਮੁੜ ਕੇ ਵਿਰਲ 'ਚੋਂ ਡੁੱਲ੍ਹ ਜਾਣ ਲਈ
ਕੀਲ ਵਿਚ ਬੱਝਾ ਹੋਇਆ ਮੇਲਾ
ਰਤਾ ਕੁ ਹਿੱਲ ਕੇ ਥਿਰ ਹੋ ਗਿਆ
ਚੁੱਪ ਥਰੜਾਈ ਰਤਾ ਤੇ ਫਿਰ ਬਰੇਤੇ ਸੌਂ ਗਈ
ਤੇ ਚਮਤਕਾਰੀ ਪੁਰਖ ਇਕ ਹੋਰ
ਹੋਰ ਤੇ ਇਕ ਹੋਰ ਤੇ ਇਕ ਹੋਰ
ਇਕ ਗਗਨ ਇੱਕੋ ਸਮੇਂ
ਕਈ ਸੂਰਜ ਉਦੈ ਹੋਏ
ਤੇ ਮੈਂ ਬੇਸੀਸਾ ਧੀਰਿਆ
ਸ਼ੁਕਰ ਹੈ, ਹੁਣ ਗੁਰੂ ਨੂੰ ਲੋੜ ਨਹੀਂ
ਤੇ ਜਦੋਂ ਤੂੰ ਸੀਸ ਨੂੰ ਦਸਤਾਰ ਦਾ ਸਤਿਕਾਰ ਦੇ ਕੇ
ਤਖ਼ਤ ਉੱਤੇ ਪਾਸ ਆਪਣੇ ਹੀ ਬਿਠਾਇਆ ਸੀ
ਮੈਂ ਝੂਰਿਆ
ਹਾਇ ਜੇ ਪਹਿਲਾ ਪਤਾ ਹੁੰਦਾ
ਕਿ ਏਨਾ ਪਿਆਰ ਦੇ ਕੇ
ਸਤਿਗੁਰੂ ਨੇ ਸੀਸ ਵਾਪਸ ਮੋੜ ਦੇਣਾ ਹੈ
ਤਾਂ ਮੈਂ.......
ਤਾਂ ਮੈ.........
ਮੰਨਿਆਂ ਕਿ ਮੇਰੇ ਧੜ ਤੇ ਮੇਰਾ ਸੀਸ ਨਹੀਂ
ਸੀਸ ਦਾ ਪਾਖੰਡ ਤਾਂ ਹੈ
ਮੈਂ ਇਹ ਪਖੰਡ ਹੀ ਆਪਣੇ ਗੁਰੂ ਨੂੰ ਭੇਂਟ ਕਰਦਾ
ਪਰ ਨਹੀਂ
ਤੇਰੀ ਤਕਣੀ ਅਜੇ ਛਿਲਤੀ ਕਿਰਨ ਵਾਂਗੂੰ
ਮੇਰੇ ਵਿਰਲਾਂ 'ਚੋਂ ਅੰਦਰ ਝਾਕਦੀ ਸੀ
ਮੇਰੇ ਅੰਦਰ ਜੋ ਤੂੰ ਸੂਰਜ ਜਿਹਾ ਇਕ ਬਾਲ ਧਰਿਆ ਸੀ



ਉਹ ਜਿਉਂਦਾ-ਜਾਗਦਾ ਸੀ
ਤੇ ਕਹਿ ਰਿਹਾ ਸੀ--
ਏਸ ਥਾਵੇਂ ਦੰਭ ਦਾ ਸਿੱਕਾ ਨਹੀਂ ਚਲਦਾ
ਸੀਸ ਅਰਪਨ ਦਾ ਸਦਾ ਵੇਲਾ ਹੈ, ਪਰ
ਆਪਣੇ ਧੜ ਤੇ ਸੀਸ ਪੈਦਾ ਕਰ
ਮੈਂ ਤੇਰੇ ਦਰਬਾਰ ਵਿਚ
ਹਾਲੇ ਵੀ ਹਾਜ਼ਰ ਹਾਂ
ਮੈਂ ਅਪਣੀ ਥਾਂ ਤੇ ਬੈਠਾ ਹਾਂ
ਬਿਰਛ ਵਾਂਗੂੰ
ਜਿੰਨੂੰ ਮੁੱਢੋਂ ਕਿਸੇ ਦੋ ਚਾਰ ਹੱਥ ਛੱਡ ਕੇ
ਸਬੂਤਾ ਵੱਢ ਦਿੱਤਾ ਹੈ
ਮੇਰੇ ਧੜ ਤੇ ਅਜੇ ਤੀਕਰ ਵੀ ਮੇਰਾ ਸੀਸ ਨਹੀਂ
ਹੁਣ ਸੀਸ ਦਾ ਪਾਖੰਡ ਵੀ ਨਹੀਂ
ਸੋਚਦਾ ਹਾਂ
ਮੇਰੇ ਧੜ ਤੇ ਨਵੇਂ ਸੂਰਜ ਜਿਹਾ
ਜਦੋਂ ਸੀਸ ਉੱਗੇਗਾ
ਰੌਸ਼ਨੀ ਉਸ ਦੀ,
ਗੁਰੂ ਦਾ ਨਾਮ ਲੈ ਕੇ, ਅਰਪ ਦੇਵਾਂਗਾ
ਨਿਰੀ ਨੰਗੀ ਨਿਕੱਦੀ ਹੀਣਤਾ
ਮੈਥੋਂ ਹੁਣ ਜੀਵੀ ਨਹੀਂ ਜਾਂਦੀ

## ਬੇਦਾਵੇ ਪਿਛੋਂ/ਹਰਭਜਨ ਸਿੰਘ ਹੁੰਦਲ

ਉਹ ਜਿਸ ਨੇ ਬੇਦਾਵਾ ਲਿਖਿਆ
ਮੈਂ ਹੀ ਸਾਂ

ਕਿੰਨਾ ਚਿਰ ਕੋਈ ਭੁੱਖਾ-ਭਾਣਾ
ਲੜ ਸਕਦਾ ਸੀ।
ਕਿੰਨਾ ਚਿਰ, ਹੱਥਾਂ ਵਿੱਚ ਬਲਦੀ ਅੱਗ ਫੜ ਕੇ
ਨੰਗੇ ਪਿੰਡੇ, ਖੜ ਸਕਦਾ ਸੀ?

ਨਿੱਕੇ ਬੱਚੇ ਯਾਦ ਬੜਾ ਹੀ ਆਉਂਦੇ ਸੀ,
ਉੱਠਦੇ ਬਹਿੰਦੇ
ਘਰ ਦੇ ਫ਼ਿਕਰ ਸਤਾਉਂਦੇ ਸੀ।
ਨਿੱਕੇ ਵੱਡੇ ਨੁਕਸਾਨਾਂ ਨੂੰ ਚੇਤੇ ਕਰਕੇ
ਡੋਲ ਗਿਆ ਸਾਂ
ਸ਼ੰਕੇ ਦੱਸਣ, ਕਿੰਨੀ ਵਾਰੀ
ਕੋਲ ਗਿਆ ਸਾਂ।

ਪਰ ਕੋਈ ਨਾ ਕੋਈ,
ਲਾਗੇ ਬੈਠਾ ਹੁੰਦਾ
ਤੇ ਸ਼ਰਮਿੰਦਾ ਮੁੜ ਆਉਂਦਾ ਸਾਂ
ਕੀਤੇ ਉੱਤੇ ਪਛਤਾਉਂਦਾ ਸਾਂ
ਪਤਨੀ ਪਿੱਛੇ, ਨਾਲ ਸ਼ਰੀਕਾਂ

ਲੜਦੀ ਲੜਦੀ ਅੱਕ ਗਈ ਸੀ।
ਆਉਂਦੇ ਜਾਂਦੇ, ਉਸ ਦੇ ਸਦਾ ਸੁਨੇਹੇ ਆਉਂਦੇ,
ਕਰ ਕਰ ਰੋਜ਼ ਉਡੀਕਾਂ
ਆਖਰ ਥੱਕ ਗਈ ਸੀ।

ਪਿੰਡ ਦਾ ਲਹਿਣੇਦਾਰ ਬਾਣੀਆਂ
ਤੰਗ ਕਰਦਾ ਸੀ
ਪੈਸੇ ਮੰਗਦਾ, ਬੋਲ-ਕਬੋਲ ਵੀ ਆਖਣ ਤੋਂ
ਨਾ ਸੰਗ ਕਰਦਾ ਸੀ।

ਬੁੱਢੇ ਬਾਪ ਦਾ ਅੰਤਮ-ਵੇਲਾ ਨੇੜੇ ਸੀ
ਦਾਦੀ-ਅੰਮਾਂ
ਰੋਜ਼ ਧਰੇਕਾਂ ਹੇਠ ਬਹਿ ਕੇ
ਜਾਂ ਮੇਰੀ ਗੱਲ ਕਰਦੀ ਸੀ।
ਠੰਢਾ ਹਉਕਾ ਭਰਦੀ ਸੀ।

ਉਹ ਜਿਸ ਨੇ ਬੇਦਾਵਾ ਲਿਖਿਆ
ਮੈਂ ਹੀ ਸਾਂ।

ਆਪਣੀ ਕੀਤੀ ਉੱਤੇ ਪਾਣੀ ਫੇਰ ਗਿਆ ਸਾਂ
ਤਿਲ-ਤਿਲ ਕਰਕੇ ਜੋੜੇ ਹੋਏ
ਸੰਘਰਸ਼ਾਂ ਦੇ ਹੀਰੇ-ਮੋਤੀ
ਆਪਣੇ ਹੱਥੀਂ ਕੇਰ ਗਿਆ ਸਾਂ।

ਪਰ ਜਦ ਵਰ੍ਹਿਆਂ ਪਿੱਛੋਂ
ਆਪਣੇ ਪਿੰਡ ਪੁੱਜਾ ਸਾਂ
ਸਭ ਨੇ ਫਿੱਟੇ-ਲਾਹਨਤ ਕੀਤੀ
ਮਾਂ-ਬੁੱਢੀ ਨੇ ਅੰਦਰੋਂ ਅੰਦਰੀ
ਕਿੰਨਾਂ ਦੁੱਖ ਮਨਾਇਆ ਸੀ
ਸੁਣ ਬੇਦਾਵਾ, ਸ਼ਰਮਿੰਦੀ ਨੂੰ
ਅਗਲਾ ਸਾਹ ਨਾ ਆਇਆ ਸੀ।

ਆਪਣੇ ਫ਼ਿਕਰਾਂ ਨਾਲੋਂ ਸਭ ਨੂੰ
ਤੇਰੇ ਫ਼ਿਕਰ ਵਧੇਰੇ ਸੀ।
ਫੁੱਲਾਂ ਵਰਗੇ ਬਾਲਾਂ ਦੀ ਗੱਲ ਸੁਣ ਕੇ
ਕਿਸ ਨਾ ਹੰਝੂ ਕੇਰੇ ਸੀ।

ਜਿੱਧਰ ਨੂੰ ਵੀ ਜਾਂਦਾ ਸਾਂ
ਹਰ ਕੋਈ ਮੈਨੂੰ ਤੇਰੇ ਬਾਰੇ ਪੁੱਛਦਾ ਸੀ
ਸੁਬਹ-ਸਵੇਰੇ ਤੇ ਤਿਰਕਾਲੀਂ
ਖ਼ਬਰੇ ਕਿੰਨਾ ਲੁੱਛਦਾ ਸੀ।

ਮੈਂ ਸ਼ਰਮਿੰਦਾ ਹੋਇਆ ਕੁ ਨਾ ਦੱਸਦਾ ਸੀ
ਬੱਚਾ-ਬੁੱਢਾ ਮੇਰੇ ਉੱਤੇ
ਤੀਰ-ਨੁਕੀਲੇ ਕੱਸਦਾ ਸੀ
ਮਿੰਨ੍ਹਾ-ਮਿੰਨ੍ਹਾ ਹੱਸਦਾ ਸੀ।



ਹੌਲੀ-ਹੌਲੀ,
ਆਪਣੇ ਹੀ ਪਿੰਡ ਅੰਦਰ ਰਹਿਣਾ
ਕਿੰਨਾ ਔਖਾ ਹੋਇਆ ਸੀ
ਅੰਦਰ ਵੜ ਕੇ
ਸੌ-ਸੌ ਵਾਰੀ ਰੋਇਆ ਸੀ।

ਇਕ ਦਿਨ ਫਿਰ ਮੈਂ
ਸਾਰਾ ਟੱਬਰ 'ਕੱਠਾ ਕੀਤਾ
ਮਨ ਦੀ ਹਾਲਤ
ਅਤੇ ਨਿਮੋਸ਼ੀ ਦੱਸੀ ਸੀ
ਮੇਰੀ ਗੱਲ ਤੇ ਨਿੱਕੀ ਬੱਚੀ
ਤੇ ਘਰ ਵਾਲੀ ਹੱਸੀ ਸੀ।

ਘਰ ਵਾਲੀ ਨੇ ਸਾਫ਼ ਕਿਹਾ ਸੀ:
'ਛੁੱਟੀ ਲੈ ਕੇ ਜੇ ਆਉਂਦੇ ਤਾਂ ਚੰਗਾ ਸੀ
ਪਰ ਇਹ ਬੇਦਾਵਾ ਤਾਂ ਮੂਲੋਂ ਹੀ ਮੰਦਾ ਸੀ।'

ਤੁਹਾਨੂੰ ਛੱਡ ਕੇ ਹੁਣ ਮੈਂ ਕਿੱਦਾਂ
ਉਸ ਨਗਰ ਵਿੱਚ ਰਹਿ ਸਕਦਾ ਸੀ
ਤਾਹਨੇ ਮਿਹਣੇ ਹੋਰ ਨਾ ਹੁਣ ਮੈਂ ਸਹਿ ਸਕਦਾ ਸੀ।

ਹੁਣ ਮੈਂ ਕੋਲ ਤੁਹਾਡੇ ਮੁੜ ਕੇ ਆਇਆ ਹਾਂ
ਸੀਸ ਤਲੀ ਤੇ ਧਰ ਕੇ ਨਾਲ ਲਿਆਇਆ ਹਾਂ

ਉਹ ਰੁੱਕਾ ਬੇਦਾਵੇ ਵਾਲਾ
ਪਾੜ ਦਿਓ ਤਾਂ ਚੰਗਾ ਹੈ।
ਇਹ ਬੰਦਾ ਤਾਂ ਹਰ ਅੱਖ ਅੰਦਰ
ਪਹਿਲਾਂ ਹੀ ਬਹੁ-ਨੰਗਾ ਹੈ।

ਅਹਿ ਲਓ ਮੇਰਾ ਸੀਸ ਅਮਾਨਤ ਜਿਹੜੀ ਸੀ
ਇਹ ਸ਼ਰਮਿੰਦਗੀ ਮੈਂ ਤਾਂ ਖੁਦ ਸਹੇੜੀ ਸੀ।

ਉਹ ਜਿਸ ਨੇ ਬੇਦਾਵਾ ਲਿਖਿਆ
ਹੋਰ ਕੋਈ ਸੀ।
ਐਹ, ਜਿਸ ਨੇ ਹੈ ਰੱਖ ਹਥੇਲੀ
ਸੀਸ ਦੁਬਾਰਾ ਹਾਜ਼ਰ ਕੀਤਾ
ਮੈਂ ਹੀ ਆਂ।

## ਨਾਬਰ ਮਿੱਟੀ/ਹਰਭਜਨ ਸਿੰਘ ਹੁੰਦਲ

ਕੀ ਪਾ ਦਿੱਤਾ ਸੀ ਬਾਟੇ ਵਿਚ ਦਸਵੇਂ ਗੁਰੂ ਨੇ
ਬਾਣੀ ਦੇ ਸ਼ਬਦ
ਖੰਡੇ ਦੀ ਛੂਹ
ਜਾਂ ਮਾਤਾ ਦੇ ਪਤਾਸੇ?

ਕੀ ਘੋਲ ਦਿੱਤਾ ਸੀ
ਸੁੱਚੇ ਜਲ ਵਿਚ ਗੁਰਾਂ ਦੇ ਹੱਥ ਨੇ
ਕਿ ਚਿੜੀਆਂ ਉੱਠ ਕੇ ਲੱਗੀਆਂ

ਬਾਜ਼ਾਂ ਨਾਲ ਖਹਿਬੜਨ
ਭਾਈ ਲਾਲੋ ਚੁੱਕ ਕੇ ਕਿਰਪਾਨ
ਪੈ ਗਿਆ ਸੀ ਮਲਕ ਭਾਗੋ ਦੇ ਗਲ
ਤੇ ਰਾਜਿਆਂ ਦੀ ਕਲਗੀ ਨੂੰ ਹੱਥ
ਪਾਉਣ ਲੱਗੇ ਆਮ ਜਹੇ, ਘਾਹ ਖੋਤਰਦੇ,
ਸਾਧਾਰਨ ਬੰਦੇ।
ਕੱਲ੍ਹ ਦੇ ਕੰਮੀ-ਕਮੀਨ
ਲੱਗੇ ਤਖ਼ਤ ਦੇ ਪਾਵਿਆਂ ਨੂੰ ਝੰਜੋੜਨ।
ਘੋੜਿਆਂ ਦੀਆਂ ਟਾਪਾਂ ਦਿੱਲੀ ਤੀਕ ਸੁਣਨ ਲੱਗੀਆਂ
ਨਗਾਰੇ ਦੀ ਗੂੰਜ, ਪਹਾੜੀ-ਰਾਜਿਆਂ ਦੀ
ਨੀਂਦਰ ਹਰਾਮ ਕਰਨ ਲੱਗੀ।

ਕੀ ਕਰ ਦਿੱਤਾ ਸੀ ਗੁਰਾਂ ਦੇ
ਸ਼ਬਦ ਨੇ
ਅੰਮ੍ਰਿਤ ਦੇ ਬਾਟੇ ਨੇ
ਖੰਡੇ ਦੀ ਛੂਹ ਨੇ
ਕਿ ਵੇਖਦੇ ਹੀ ਵੇਖਦੇ
ਅਬਦਾਲੀ ਵਰਗਿਆਂ ਦੇ ਘੋੜੇ
ਰਾਵੀ ਦਰਿਆ ਨੂੰ ਟੱਪਣ ਵੇਲੇ ਡੱਬਕਣ ਲੱਗੇ
ਇਤਿਹਾਸ ਦੇ ਕੋਰੇ ਪੱਤਰੇ
ਲਹੂ ਵਿਚ ਰੰਗੇ ਗਏ
ਖੇਤਾਂ 'ਚੋਂ ਸਿਰਾਂ ਦੀ ਫਸਲ ਉੱਗਣ ਲੱਗੀ
ਘਰਾਂ ਦੇ ਬਨੇਰਿਆਂ ਤੇ
ਨਾਬਰੀ ਦੇ ਸ਼ਮ੍ਹਾਦਾਨ ਰੌਸ਼ਨ ਹੋ ਗਏ

ਇਹ ਕਰਾਮਾਤ ਸ਼ਬਦ ਦੀ ਸੀ, ਸਤਲੁਜ ਦੇ ਪਾਣੀ ਦੀ,
ਸ਼ਹਾਦਤ ਦੀ,
ਜਾਂ ਕਿ ਆਨੰਦਪੁਰ ਦੀ
ਨਾਬਰ ਮਿੱਟੀ ਦੀ।

## ਇਹ ਜੋ ਅਰਦਾਸ ਨਹੀਂ ਹੈ/ਭਗਵਾਨ ਢਿੱਲੋਂ

ਮਹਾਰਾਜ, ਸੱਚੇ ਪਾਤਸ਼ਾਹ
ਹੋ ਤਾਂ ਗਏ ਹਨ ਤਿੰਨ ਸੌ ਸਾਲ
ਤੁਹਾਡੇ ਇਸ ਅਨਿਨ ਭਗਤ ਨੂੰ
ਆਬ-ਏ-ਹਯਾਤ ਦਾ ਬਾਟਾ ਛਕ ਕੇ ਸਿੰਘ ਬਣਿਆਂ
ਮਹਾਰਾਜ "ਭਲੇ ਬੁਰੇ ਕੀ ਪੀਰ ਪਛਾਨਤ, ਘਟ ਘਟ ਕੇ ਅੰਤਰ ਕੀ ਜਾਨਤ"
ਤੁਸੀਂ ਜਾਣੀ ਜਾਨ ਹੋ
ਇਹ ਤਾਂ ਤੁਹਾਨੂੰ ਚੰਗਾ ਭਲਾ ਪਤਾ ਹੈ
ਕਿ ਅਸੀਂ ਕਿੰਨੀ ਕੁ ਵਾਰ ਸਿੰਘ ਬਣੇ ਹਾਂ
ਤੇ ਕਿੰਨੀ ਵਾਰ ਸਿੰਘ ਹੋਣ ਦਾ ਕੀਤਾ ਹੈ ਅਭਿਨੈ
ਤੇ ਕਿੰਨੀ ਕੁ ਵਾਰ ਕੀਤੀ ਹੈ ਸ਼ੇਰ ਦੀ ਖੱਲ ਦੀ ਤਸਕਰੀ
ਮਹਾਰਾਜ, ਸੱਚੇ ਪਾਤਸ਼ਾਹ
ਤੁਹਾਨੂੰ ਭਲੀ ਭਾਂਤ ਪਤਾ ਹੈ ਕਿ ਅਸੀਂ ਕਿੰਨੀ ਵਾਰ



ਚਿੜੀਆਂ ਕੋਲੋਂ ਬਾਜ਼ ਤੁੜਾਏ ਹਨ
ਤੇ ਕਿੰਨੀ ਕੁ ਵਾਰ ਢਾਹੇ ਨੇ ਮਾਸੂਮ ਚਿੜੀਆਂ ਦੇ ਆਲ੍ਹਣੇ
ਐ ਚਿੜੀਆਂ ਕੋਲੋਂ ਬਾਜ਼ ਤੁੜਾਣ ਵਾਲਿਆ
ਤੁਸੀਂ ਅਸਾਨੂੰ ਰਾਜ ਬਖਸ਼ੇ, ਤਾਜ ਬਖਸ਼ੇ
ਸਰਦਾਰੀਆਂ ਬਖਸ਼ੀਆਂ, ਜ਼ਮੀਨਾਂ ਮਿਲਖਾਂ ਬਖਸ਼ੀਆਂ
ਮਹਾਰਾਜ ਜੇ ਤੁਰੇ ਹੀ ਹੋ ਤਾਂ ਥੋੜ੍ਹਾ ਹੋਰ ਕਰਮ ਕਰੋ
ਅਸਾਂ ਲਿਆਉਣਾ ਹੈ ਰਾਜ ਮੁੜ ਕੇ ਰਾਜੇ ਰਣਜੀਤ ਵਾਲਾ
ਪਰ ਅੱਜ ਦੇ ਫੂਲਾ ਸਿੰਘ ਨੂੰ ਵਰਜੋ
ਕਿ ਜੇ ਖੇਡਣੀ ਹੀ ਤਾਂ ਅਸਾਡੇ ਨਾਲ ਕੋਟਲਾ ਛਪਾਕੀ ਦੀ ਖੇਡ ਹੀ ਖੇਡੇ
ਐਵੇਂ ਨਾ ਕਿਤੇ ਤੇਲ ਦੇ ਕੜਾਹੇ 'ਚ ਕੋਰੜੇ ਸੁਤ ਕੇ ਰੱਖੇ
ਮਹਾਰਾਜ "ਅੱਖਾਂ ਵੇਖ ਨਾ ਰੱਜੀਆਂ ਬਹੁ ਰੰਗ ਤਮਾਸ਼ੇ"
ਮਹਾਰਾਜ ਮਿਹਰ ਕਰੋ
ਅਜੇ ਤਾਂ ਅਸਾਂ 'ਮੋਰਾਂ' ਨੂੰ ਪਟਰਾਣੀ ਬਣਾਉਣਾ ਹੈ।
ਤੇ ਆਪਣੇ ਕੰਵਰ ਦਲੀਪ ਸਿਹੁੰ ਨੂੰ ਨੰਦਨ ਪਹੁੰਚਾਉਣਾ ਹੈ
ਮਹਾਰਾਜ, ਤੁਸਾਂ ਨਿਓਟਿਆਂ ਦੀ ਓਟ ਹੋ
ਦਾਸ ਨੂੰ ਓਟ ਆਸਰਾ ਦਿਓ
ਮੈਨੂੰ ਬਾਣੀ ਪੜ੍ਹਨ ਸੁਣਨ ਦਾ ਬਲ ਬਖਸ਼ੋ
ਮਹਾਰਾਜ ਹੁਣ ਤਾਂ ਬਾਣੀ ਪੜ੍ਹਦਿਆਂ ਸੁਣਦਿਆਂ ਲਿਵ ਹੀ ਬੜੀ ਲੱਗਦੀ ਹੈ
ਸੱਚ ਜਾਣੋ ਜਦੋਂ ਵੀ ਪੜ੍ਹਦਾ ਹਾਂ
"ਕੇਤੀਆਂ ਖਾਣੀ, ਕੇਤੀਆਂ ਬਾਣੀ, ਕੇਤੇ ਪਾਤ ਨਰਿੰਦ"
ਸ਼ਬਦ 'ਕੇਤੀਆਂ' ਮੁੱਖ 'ਚੋਂ ਨਿਕਲਿਆ ਨਹੀਂ
ਕਿ ਦਾਸ ਦੀ ਲੱਗ ਜਾਂਦੀ ਤਾਂ ਏਨੀ ਲਿਵ
ਕਿ ਮੈਨੂੰ ਗਜ਼ਨੀ ਦੇ ਬਜ਼ਾਰ 'ਚ ਟਕੇ 'ਚ ਵਿਕਦੀਆਂ ਬੀਬੀਆਂ ਵੀ ਵਿਸਰ ਜਾਂਦੀਆਂ ਨੇ
ਬਸ ਜੇ ਕੁਛ ਯਾਦ ਰਹਿ ਜਾਂਦਾ ਹੈ
ਤਾਂ ਰਹਿ ਜਾਂਦੀ ਹੈ ਯਾਦ ਮੁਲਕ ਫਰਾਂਸ ਦੀ ਇਕ ਬੀਬੀ "ਕੇਤੀਆ"
ਉਸਨੂੰ ਤਾਂ ਅਜੇ ਅਸਾਂ ਚੰਡੀਗੜ੍ਹ ਦੀ ਸੈਰ ਕਰਾਉਣੀ ਹੈ
ਤੇ ਇਸ ਮੁਲਕ ਦੀ ਨਿਆਂ ਪਾਲਿਕਾ 'ਚ
ਆਪਣੇ ਕਾਕਿਆਂ ਦੇ ਨਾਂ ਵਸੀਅਤ ਕਰਾਉਣੀ ਹੈ
ਮਹਾਰਾਜ "ਚੀਟੀ ਤੇ ਕੁੰਚਰ ਅਸਥੂਲਾ। ਸਭ ਪਰ ਕਿਰਪਾ ਦ੍ਰਿਸ਼ਟ ਕਰ ਭੂਲਾ"
ਮਹਾਰਾਜ ਹੋਰ ਦਯਾ ਦ੍ਰਿਸ਼ਟੀ ਕਰੋ "ਅੰਧਲੇ ਦੀ ਟੇਕ ਬਣੋ
ਬਲ ਬਖਸ਼ੋ ਕਿ ਆਪਣੀਆਂ ਤੇਗਾਂ ਨਾਲ ਉਡਦੀਆਂ ਇੱਲ੍ਹਾਂ ਦੀਆਂ ਅੱਖਾਂ ਚੁਰਾ ਲਈਏ
ਤੇ ਏਨੇ ਸ਼ਕਤੀਸ਼ਾਲੀ ਕੰਨਟੈਕਟ ਲੈਂਜ਼ ਫਿਟ ਕਰਾ ਲਈਏ ਕਿ ਟਰਾਂਸਪਲਾਂਟ ਤੋਂ ਬਾਅਦ
ਜੋ ਦੇਖ ਲੈਣ ਉਹਨਾਂ ਗੁਰਧਾਮਾਂ ਦੀਆਂ ਗੋਲਕਾਂ ਨੂੰ ਵੀ
ਜਿਨ੍ਹਾਂ ਨੂੰ ਪੰਥ ਤੋਂ ਸਦਾ ਸਦਾ ਲਈ ਵਿਛੋੜਿਆ ਗਿਆ ਹੈ
ਮਹਾਰਾਜ ਵਾਪਿਸੀ ਵੇਲੇ ਅਸੀਂ ਵਗਦੀ ਰਾਵੀ ਦੇ ਕਿਨਾਰੇ ਕਿਨਾਰੇ ਤੇ ਜਾਵਾਂਗੇ
ਇੰਦਰ ਬਾਣੀਏ ਦੀਆਂ ਨੱਤੀਆਂ
ਤੇ ਬੇਗੋ ਨਾਰ ਦੀਆਂ ਡੰਡੀਆਂ ਲੱਭ ਲਿਆਵਾਂਗੇ
ਨਾ ਮਹਾਰਾਜ ਨਾ
ਮਾਇਆ ਕਹੀ ਸਿਰਸਾ ਨਦੀ 'ਚ ਰੋੜ੍ਹਨ ਵਾਲੀ ਚੀਜ਼ ਥੋੜ੍ਹੀ ਐ?
ਮਹਾਰਾਜ, ਸੱਚੇ ਪਾਤਸ਼ਾਹ
ਅਸੀਂ ਦੇਗਾਂ ਵਿਚ ਤੇ ਕੜਾਹਿਆ ਵਿਚ ਉਬਲਣ ਵਾਲੀ ਕੌਮ ਹਾਂ
ਅਸਾਂ ਧਰਮ ਦੀ ਖਾਤਰ ਕੀ ਕੀ ਜਫ਼ਰ ਨਹੀਂ ਜਾਲੇ

ਪਰ ਫੇਰ ਵੀ ਅਸਾਂ ਧਰਮ ਨਹੀਂ ਹਾਰਿਆ
ਗੁਰਦੁਆਰਿਆਂ 'ਚ ਅਸੀਂ ਵੀ ਮਣਾਂ ਮੂੰਹੀ ਨੀਲਾ ਰੰਗ ਉਬਾਲਿਆ
ਮਲੇਛਾਂ ਮਲੇਛਣੀਆਂ ਨੂੰ ਗੁਰੂ ਵਾਲੇ ਬਣਾਇਆ
'ਉੱਚ ਦੇ ਪੀਰ'
ਅਸੀਂ ਗਨੀ ਖਾਂ ਤੇ ਨਬੀ ਖਾਂ ਦੀਆਂ ਧੀਆਂ ਭੈਣਾਂ ਦੀਆਂ ਇਜ਼ਤਾਂ ਦੀ ਉਹ ਰਾਖੀ ਕੀਤੀ
ਕਿ ਖੂਹ ਖਾਤੇ ਤੇ ਲੰਮ ਸਲੰਮੇ ਕਮਾਦ ਹੀ ਨਹੀਂ
ਕਿ ਇਤਿਹਾਸ ਗਵਾਹ ਹੈ
ਕਿ ਅਸੀਂ ਧਰਮ ਨਹੀਂ ਹਾਰਿਆ, ਧਰਮ ਦਾ ਇਕਬਾਲ ਬੁਲੰਦ ਕੀਤਾ ਹੈ
ਮਹਾਰਾਜ ਅਸੀਂ ਆਪਣੇ ਨਿਸ਼ਾਨਿਆਂ ਦੇ ਨਿਸ਼ਾਨ ਸਾਹਿਬ
ਕੀਤੇ ਨੇ ਉੱਚੇ ਕੁਤਬ ਦੀ ਲਾਠ ਤੋਂ ਵੀ ਉਚੇ
ਮੰਟੋ ਸਰਹੱਦ ਤੇ ਖੜਾ ਪਾਗਲ ਹੋਇਆ
ਜਦੋਂ 'ਟੋਭਾ ਟੇਕ ਸਿੰਘ' ਲੱਭਦਾ ਰਿਹਾ
ਤਾਂ ਅਸੀਂ ਪਾਗਲਾਂ ਵਾਂਗ ਖਿੜ ਖਿੜਾ ਕੇ ਹੱਸਦੇ ਰਹ
ਤੇ ਵੱਢੇ ਟੁੱਕੇ ਪੰਜਾਬ ਦੇ ਜ਼ਖ਼ਮਾਂ ਤੇ
ਲੂਣ ਦੀਆਂ ਚੁਟਕੀਆਂ ਝੱਸਦੇ ਰਹੇ
ਮਹਾਰਾਜ "ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ"
ਮਹਾਰਾਜ ਸਾਡੀ ਲਹਿਰ ਦੇ ਟੁੱਟ ਚੁੱਕੇ 'ਲਿੰਕ'
ਬਾਹਰਲੇ ਰੀਮੋਟ ਕੰਨਟਰੋਲ ਨਾਲ ਫੇਰ ਜੋੜੇ
ਤਾਂ ਕਿ ਮਰ ਰਹੀ ਕੌਮ ਆਪਣੇ ਹੀ ਖਾਸ ਖਿਤੇ 'ਚ
ਆਜ਼ਾਦੀ ਨਾਲ ਸਾਹ ਲੈ ਸਕੇ
ਸੋ ਜੋਦੜੀ ਕਰਦਾ ਹਾਂ ਕਿ ਅਸੀਂ ਤੇ ਸਿਰਫ ਅਸੀਂ ਹੀ ਰਹੀਏ
"ਕੋਇ ਨਾ ਦਿਸੇ ਬਾਹਰਾ ਜੀਉ"
ਐ ਚਿੱਟਿਆਂ ਬਾਜ਼ਾਂ ਵਾਲਿਆ
'ਇਕ ਪਲ ਨਾ ਮਿਲਤੇ ਤੋਂ ਕਲਿਜੁਗ ਹੋਤਾ'
ਜਾਣੀ ਜਾਣ ਪਾਤਸ਼ਾਹ ਜੀਓ
ਬਗਲਿਆ ਨੇ ਤਾਂ ਸਾਨੂੰ ਬੇਦਾਵਾ ਹੀ ਲਿਖ ਦਿੱਤਾ ਹੈ
ਅਖੇ ਅੱਜ ਤੋਂ ਤੁਹਾਡੇ ਨਾਲ ਅਸਾਡੀ ਕੋਈ ਸਕੀਰੀ ਨਹੀਂ
ਫਰਦ ਜੁਰਮ ਇਹ ਹੈ ਕਲਗੀਆਂ ਵਾਲਿਆ
ਕਿ ਅਸੀਂ ਉਹਨਾਂ ਤੋਂ ਵੱਖ ਚਿੱਟੇ ਕਿਵੇਂ ਹੋ ਗਏ ਹਾਂ
ਅਸੀਂ ਤਾਂ ਸਗਲੀ ਅਨੰਦ ਦੀ ਪੁਰੀ ਨੂੰ ਵੀ ਚਿੱਟਾ ਰੰਗ ਕਰਾ ਦਿੱਤਾ ਹੈ
ਜੇ ਹੁਕਮ ਹੋਵੇ ਤਾਂ ਸਾਰੀ ਧਰਤੀ ਨੂੰ ਹੀ ਕਲੀ ਕਰਾ ਦਿੰਦੇ ਹਾਂ
ਮਹਾਰਾਜ "ਮੂਤ ਪਲੀਤੀ ਕਪੜੁ ਹੋਇ, ਦੇ ਸਾਬੂਣ ਲਈਐ ਉਹ ਧੋਇ"
ਬਖਸ਼ਣਹਾਰ ਕਿਰਪਾਲੂ ਪਾਤਸ਼ਾਹ ਜੀਓ
ਫੇਰ ਵੀ ਅਸਾਡੇ ਅੰਦਰ ਜਾਂ ਬਾਹਰ
ਜੇ ਕੋਈ ਦਾਗ ਰਹਿ ਗਿਆ ਹੋਵੇ ਤਾਂ ਧੋਣ ਦੀ ਕਿਰਪਾ ਕਰੋ
ਮਹਾਰਾਜ ਬਗਲਿਆ ਨਾਲ ਟੁਟੀ ਗੰਢ ਦਿਓ
ਬੇਦਾਵਾ ਪੜਵਾ ਦਿਓ
"ਮਹਾਰਾਜ ਮੈਂ ਪਾਪੀ ਤੂੰ ਬਖਸ਼ਣਹਾਰ"
ਮਹਾਰਾਜ ਤੁੱਛ ਬੁੱਧੀ ਵਾਲਿਆ ਨੂੰ
ਨੜ੍ਹਿਨਵੇਂ ਦੀ ਵਿਸਾਖੀ ਦੇ ਸਾਲ ਭਰ ਜਸ਼ਨ ਮਨਾਉਣ ਦੀ ਮੱਤ ਬਖਸ਼ੋ
ਪਰ ਨੜ੍ਹਿਨਵੇਂ ਦੇ ਚੱਕਰ 'ਚ ਨਾ ਪਾਇਓ
ਮਹਾਰਾਜ, ਬਾਣੀ ਪੜ੍ਹਦਿਆਂ ਸੁਣਦਿਆਂ



ਇਤਿਹਾਸ ਵਾਚਦਿਆਂ ਪਰਖਦਿਆਂ
ਦਾਸ ਤੋਂ ਅਨੇਕਾਂ ਗਲਤੀਆਂ ਹੋ ਗਈਆਂ ਹੋਣਗੀਆਂ
ਭੁੱਲਾਂ ਹੋ ਗਈਆਂ ਹੋਣਗੀਆਂ
ਸੋ ਨੰਦ ਲਾਲਾ ਗੋਯਾ ਦਾ ਅਣਜਾਣ ਬੱਚਾ ਸਮਝ ਕੇ ਮੁਆਫ ਕਰ ਦੇਣਾ
ਸੋ ਆਓ, ਕਰੋ ਰਸਨਾ ਪਵਿਤਰ
ਇਕ ਵਾਰ ਫਿਰ ਗੱਜ ਵੱਜ ਕੇ ਆਖੋ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ।
ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ। ◆

## ਗ਼ਜ਼ਲ/ਮੱਖਣ ਸਿੰਘ ਕੁਹਾੜ

ਚਿੜੀ ਤੋਂ ਬਾਜ ਤੁੜਵਾਵੇ ਭਲਾ ਉਹ ਕੌਣ ਹੋ ਸਕਦੈ।
ਜੋ ਗਿਦੜੋਂ ਸ਼ੇਰ ਬਣਵਾਵੇ ਭਲਾ ਉਹ ਕੌਣ ਹੋ ਸਕਦੈ?
ਲਿਤਾੜੇ ਕੱਖ ਗਲੀਆਂ ਦੇ ਉਡਾ ਕੇ ਬੁਲ੍ਹਿਆਂ ਦੇ ਵਿੱਚ,
ਜ਼ੁਲਮ ਦੇ ਮਹਿਲ ਜੋ ਢਾਵ੍ਹੇ ਭਲਾ ਉਹ ਕੌਣ ਹੋ ਸਕਦੈ।
ਗਡੋਏ ਪੈਣ ਸੱਪਾਂ ਗਲ, ਕਬੂਤਰ ਬਿੱਲੀਆਂ ਗਲ ਪੈਣ,
ਹਵਾ ਐਸੀ ਜੋ ਵਗਵਾਵੇ, ਭਲਾ ਉਹ ਕੌਣ ਹੋ ਸਕਦੈ।
ਜ਼ੁਲਮ ਸਹਿਣਾ, ਜ਼ੁਲਮ ਕਰਨਾ, ਬਰਾਬਰ ਦੋਹਾਂ ਨੂੰ ਆਖੇ,
ਜੋ ਆਖੇ, ਕਰਕੇ ਦਿਖਲਾਵੇ, ਭਲਾ ਉਹ ਕੌਣ ਹੋ ਸਕਦੈ।
ਜੋ ਬੂਟਾ ਇੰਜ ਦਾ ਲਾਵੇ ਕਿ ਪੁੰਗਰੇ ਹੋਰ ਛਾਂਗਣ ਤੇ,
ਕਦੇ ਸੁੱਕੇ, ਨਾ ਕੁਮਲਾਵੇ, ਭਲਾ ਉਹ ਕੌਣ ਹੋ ਸਕਦੈ।
ਹਨੇਰੇ ਔਜੜੇ ਰਾਹੀਂ ਜਗਾਏ ਰੌਸ਼ਨੀ ਐਸੀ,
ਯੁੱਗਾਂ ਤਕ ਲੋਅ ਜੋ ਬਿਖਰਾਵੇ, ਭਲਾ ਉਹ ਕੌਣ ਹੋ ਸਕਦੈ।
ਉਗਲਦੇ ਲਾਵਿਆਂ ਵਰਗੇ ਸਮੇਂ ਦੀ ਹਿੱਕ ਤੇ ਚੜ੍ਹਕੇ,
ਸਥਾਈ ਪੈੜ ਜੋ ਪਾਵੇ, ਭਲਾ ਉਹ ਕੌਣ ਹੋ ਸਕਦੈ।
ਚਲਾਵੇ ਬਾਣ ਜਦ ਸ਼ਿਅਰਾਂ ਦੇ ਤਾਂ ਚਿੰਗਾੜੀਆਂ ਨਿਕਲਣ,
ਤੇ ਰੂਹ ਜ਼ਾਲਮ ਦੀ ਕੰਬ ਜਾਵੇ, ਭਲਾ ਉਹ ਕੌਣ ਹੋ ਸਕਦੈ।
ਬੜੇ ਬੇ-ਕਿਰਕ ਮੌਸਮ ਵਿਚ ਵੀ ਬੀਜੇ ਫਸਲ ਸੁਪਨੇ ਦੀ
ਫਸਲ ਬੀਜੇ ਤੇ ਪਕਵਾਵੇ ਭਲਾ ਉਹ ਕੌਣ ਹੋ ਸਕਦੈ।
ਗੁਰੂ, ਚੇਲਾ, ਕਵੀ ਜਾਂ ਬਾਦਸ਼ਾਹ, ਦਰਵੇਸ਼ ਉਹ ਹੋਵੇ,
ਰਣਾਂ ਤੱਤਿਆਂ 'ਚ ਡਟ ਜਾਵੇ ਭਲਾ ਉਹ ਕੌਣ ਹੋ ਸਕਦੈ।
ਭਲਾ ਉਹ ਕੌਣ ਹੋ ਸਕਦਾ ਜਿਹੜਾ ਵਾ ਦੇ ਪਰ ਤੋਲੇ,
ਜੋ ਖੁਸ਼ਬੂਆਂ ਨੂੰ ਪਰ ਲਾਵੇ, ਭਲਾ ਉਹ ਕੌਣ ਹੋ ਸਕਦੈ।
ਜਦੋਂ ਹੱਦ ਜ਼ਬਰ ਦੀ ਮੁੱਕੇ, ਜਦੋਂ ਕੜ ਸਬਰ ਦਾ ਟੁੱਟੇ,
ਉਦੋਂ ਤਲਵਾਰ ਲਹਿਰਾਵੇ ਭਲਾ ਉਹ ਕੌਣ ਹੋ ਸਕਦੈ।
ਜੋ ਸੱਚ ਖਾਤਰ ਪਿਤਾ ਵਾਰੇ, ਜੋ ਮਾਂ ਵਾਰੇ, ਜੋ ਪੁੱਤ ਵਾਰੇ,
ਤੇ ਖੁਦ ਕੁਰਬਾਨ ਹੋ ਜਾਵੇ, ਭਲਾ ਉਹ ਕੌਣ ਹੋ ਸਕਦੈ।
ਜੋ ਹੋਵੇ ਬਾਦਸ਼ਾਹ ਐਸਾ, ਦਿਲਾਂ ਤੇ ਰਾਜ ਕਰ ਜਾਵੇ,
ਮਗਰ ਦਰਵੇਸ਼ ਕਹਿਲਾਵੇ, ਭਲਾ ਉਹ ਕੌਣ ਹੋ ਸਕਦੈ।

ਅਮਨ ਨਗਰ, ਹਰਦੋਛੰਨੀ ਰੋਡ
ਗੁਰਦਾਸਪੁਰ

ਵਿਚਾਰ-ਚਰਚਾ

## ਖ਼ਾਲਸਾ ਸਿਰਜਣਾ ਜਸ਼ਨਾਂ ਸਮੇਂ ਪੰਜਾਬੀ ਭਾਸ਼ਾ ਅਤੇ ਪੰਜਾਬ ਸਰਕਾਰ

**ਸੂਫ਼ੀ ਅਮਰਜੀਤ**

ਪੰਜਾਬ ਦੀ ਅਕਾਲੀ ਸਰਕਾਰ, ਸ਼੍ਰੋਮਣੀ ਪ੍ਰਬੰਧਿਕ ਕਮੇਟੀ ਅਤੇ ਹੋਰ ਅਨੇਕਾਂ ਸਿੱਖ ਸੰਸਥਾਵਾਂ ਅਤੇ ਵਿਅਕਤੀਆਂ ਨੇ 1999 ਦੀ ਵਿਸਾਖੀ ਦੇ ਖ਼ਾਲਸਾ ਸਿਰਜਣਾ ਦੇ ਤਿੰਨ ਸੌ ਸਾਲ ਪੁਰਬ ਨੂੰ ਪੂਰੇ ਉਤਸ਼ਾਹ ਨਾਲ ਮਨਾਉਣ ਲਈ ਪ੍ਰੋਗਰਾਮ ਉਲੀਕੇ ਹਨ। ਇਹ ਪ੍ਰੋਗਰਾਮ ਮਹੀਨਾ ਭਰ ਪਹਿਲਾਂ ਤੋਂ ਵਿਸ਼ਾਲ ਰਾਜ ਪੱਧਰੀ ਮਾਰਚਾਂ, ਸੈਮੀਨਾਰਾਂ ਦੇ ਨਾਲ ਸ਼ੁਰੂ ਹੋ ਕੇ, ਸਾਲ ਭਰ ਹੀ ਚੱਲਣੇ ਹਨ। ਅਨੰਦਪੁਰ ਸਾਹਿਬ ਵਿੱਚ ਉਸਾਰੇ ਜਾਣ ਵਾਲੇ ਵੱਡੇ ਪ੍ਰੋਜੈਕਟਾਂ ਦੇ ਨਾਲ, ਲੱਖਾਂ ਸਿੱਖਾਂ ਨੂੰ ਅੰਮ੍ਰਿਤ ਛਕਾਉਣ ਦੇ ਟੀਚੇ ਮਿੱਥੇ ਗਏ ਹਨ।

ਉਪਰੋਕਤ ਅਤੇ ਹੋਰਨਾਂ ਅਨੇਕਾਂ ਪ੍ਰੋਗਰਾਮਾਂ ਨੂੰ ਧਿਆਨ ਵਿੱਚ ਰੱਖ ਕੇ ਗੰਭੀਰਤਾ ਨਾਲ ਸੋਚ ਕੇ ਹੈਰਾਨੀ ਹੁੰਦੀ ਹੈ ਅਤੇ ਕਹਿਣਾ ਪੈਂਦਾ ਹੈ ਕਿ ਸਮੁੱਚੇ ਸਿੱਖ ਸਮੁਦਾਏ ਦੀ ਰਾਜਨੀਤਕ ਅਤੇ ਧਾਰਮਿਕ ਲੀਡਰਸ਼ਿਪ (ਸਾਬਕਾ ਅਤੇ ਮੌਜੂਦਾ) ਦੇ ਉਚੇ, ਵੱਡੇ ਐਲਾਨਾਂ ਅਤੇ ਦਾਅਵਿਆਂ ਦੇ ਸ਼ੋਰ ਵਿੱਚ ਕਿਧਰੇ ਪੰਜਾਬੀ ਭਾਸ਼ਾ ਦੇ ਵਿਕਾਸ ਦਾ ਕੋਈ ਐਲਾਨ ਕਿਉਂ ਕੰਨੀ ਨਹੀਂ ਪੈ ਰਿਹਾ? ਕੀ ਰਾਜਨੀਤਕ ਤੇ ਧਾਰਮਿਕ ਸਿੱਖ ਲੀਡਰਸ਼ਿੱਪ ਨੇ ਤਿੰਨ ਸੌ ਸਾਲਾ ਖ਼ਾਲਸਾ ਸਿਰਜਣਾ ਪੁਰਬ ਦੇ ਅਵਸਰ ਉੱਪਰ ਪੰਜਾਬੀ ਨੂੰ ਬੇਦਾਵਾ ਲਿਖ ਦਿੱਤਾ ਹੈ।!? ਕੀ ਸਾਲ ਭਰ ਪਹਿਲਾਂ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਨ ਦੀ ਸਰਕਾਰੀ ਨੀਤੀ ਨੂੰ ਇਸ ਦਾ ਸਬੂਤ ਮੰਨ ਲੈਣਾ ਚਾਹੀਦਾ ਹੈ? ਸ਼ਾਇਦ, ਹਾਂ। ਇਹ ਸਪੱਸ਼ਟ ਤੌਰ ਉੱਪਰ ਮੰਨ ਲੈਣਾ ਚਾਹੀਦਾ ਹੈ ਕਿ ਅਕਾਲੀ ਸਰਕਾਰ ਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਪੰਜਾਬੀ ਭਾਸ਼ਾ ਵੱਲ ਦੁਸ਼ਮਣੀ ਵਾਲੀ ਨੀਤੀ ਉੱਪਰ ਚੱਲ ਪਏ ਹਨ।

ਇਹ ਨੀਤੀ ਹੈ ਪੰਜਾਬੀ ਬੋਲੀ, ਪੰਜਾਬੀਅਤ ਅਤੇ ਪੰਜਾਬੀ ਸੱਭਿਆਚਾਰ ਦੇ ਜੜ੍ਹੀਂ ਤੇਲ ਦੇਣ ਲਈ, ਪਹਿਲੀ ਜਮਾਤ ਤੋਂ ਅੰਗਰੇਜ਼ੀ ਦੀ ਪੜ੍ਹਾਈ ਸ਼ੁਰੂ ਕਰਨਾ ਅਤੇ ਪੰਜਾਬ ਭਰ ਵਿੱਚ ਪੰਜਾਬੀ ਨੂੰ ਰਾਜ ਭਾਸ਼ਾ ਦੇ ਕਾਨੂੰਨ ਨੂੰ ਪੂਰੀ ਤਰ੍ਹਾਂ ਲਾਗੂ ਨਾ ਕਰਨ ਦੀ, ਬਦਨੀਤੀ।

ਇਸ ਬਾਰੇ ਕਿਸੇ ਵੀ ਸਮਝਦਾਰ ਵਿਅਕਤੀ ਨਾਲ ਮੱਤਭੇਦ ਨਹੀਂ ਹੈ ਕਿ ਅੱਜ ਜਦੋਂ ਸੰਸਾਰ ਦੇ ਦੇਸ਼ ਅਤੇ ਲੋਕ ਇੰਨੇ ਨੇੜੇ ਹੋ ਗਏ ਹਨ, ਮਾਤਾ ਭਾਸ਼ਾ ਤੋਂ ਬਿਨਾਂ ਦੂਸਰੀਆਂ ਭਾਸ਼ਾਵਾਂ ਦਾ ਜਾਣਨਾ ਜ਼ਰੂਰੀ ਹੈ। ਪਰ ਇਹ ਗਿਆਨ ਕਿਸੇ ਤਰ੍ਹਾਂ ਵੀ ਮਾਤਭਾਸ਼ਾ ਦੀ ਕੁਰਬਾਨੀ ਦੇ ਕੇ ਪ੍ਰਾਪਤ ਕਰਨਾ, ਕਮਲੀ ਦੇ ਸਿਵਿਆਂ ਦੇ ਰਾਹ ਤੁਰਨ ਵਾਲੀ ਗੱਲ ਹੈ।

ਪੰਜਾਬੀ ਨੂੰ ਅਣਡਿੱਠ ਕਰਕੇ, ਅੰਗਰੇਜ਼ੀ ਪੜ੍ਹਨ ਦੀ ਭੇਡਚਾਲ ਵਿਚੋਂ, ਪੰਜਾਬ ਸਰਕਾਰ ਦਾ ਅੰਗਰੇਜ਼ੀ ਲਈ ਉਪਜਿਆ ਉਜੱਡ ਹੇਜ, ਆਮ ਜਨ ਸਮੂਹ ਨੂੰ ਸਮੋਹਤ ਕਰਨ ਲਈ ਪਰਬਲ ਹੋ ਜਾਣਾ ਕੁਦਰਤੀ ਹੈ। ਗ਼ਰੀਬੀ, ਆਰਥਿਕ ਸੰਕਟ, ਬੇਰੁਜ਼ਗਾਰੀ ਦੇ ਸੰਕਟ ਵਿੱਚ ਅਨਪੜ੍ਹਤਾ ਕਾਰਨ ਪੰਜਾਬੀ ਗ਼ਰੀਬ ਲੋਕਾਂ ਦਾ ਆਪਣੇ ਬੱਚਿਆਂ ਦੇ ਭਵਿੱਖ ਲਈ ਚਿੰਤਾਵਾਨ ਹੋਣਾ ਸੁਭਾਵਕ ਹੀ ਹੈ ਕਿ ਉਹ ਅੰਗਰੇਜ਼ੀ ਦੀ ਪੜ੍ਹਾਈ ਨੂੰ ਬੇਰੁਜ਼ਗਾਰੀ ਅਤੇ ਗ਼ਰੀਬੀ ਤੋਂ ਮੁਕਤੀ ਲਈ ਜਾਦੂ ਦੀ ਛੜੀ ਸਮਝਣ। ਵਾਸਤਵ ਵਿੱਚ ਅਜਿਹਾ ਨਹੀਂ ਹੈ ਕਿਉਂਕਿ ਅੰਗਰੇਜ਼ੀ ਮਾਤਭਾਸ਼ਾ ਵਾਲੇ ਪੂੰਜੀਵਾਦੀ ਦੇਸ਼ਾਂ, ਅਮਰੀਕਾ, ਕੈਨੇਡਾ, ਇੰਗਲੈਂਡ, ਅਸਟਰੇਲੀਆ, ਨਿਊਜ਼ੀਲੈਂਡ ਆਦਿ ਵਿੱਚ ਵੀ ਲੱਖਾਂ ਨਹੀਂ, ਕਰੋੜਾਂ ਲੋਕ ਬੇਰੁਜਗਾਰ ਅਤੇ ਗ਼ਰੀਬ ਹਨ। ਇਥੇ ਹਰ ਕੋਈ ਨਵੇਂ ਪੂੰਜੀਵਾਦੀ ਉਪਭੋਗਤਾ ਮਾਹੌਲ ਦੇ ਅਸਰ ਹੇਠ ਮਧਵਰਗੀ ਪਰਿਵਾਰਾਂ ਦੇ ਬੱਚਿਆਂ ਦੀ ਕੰਪਿਊਟਰ ਸਿੱਖਣ ਤੇ ਪ੍ਰਾਪਤ ਕਰਨ ਵੱਲ ਲੱਗੀ ਦੌੜ ਦੀ ਰੀਸ ਕਾਰਨ ਮਜਬੂਰ ਹੈ। ਕੰਪਿਊਟਰ ਅਜੋਕੇ ਯੁੱਗ ਦਾ ਅਜਿਹਾ ਜੰਤਰ ਹੈ ਜੋ ਆਰਥਿਕ, ਸਮਾਜੀ, ਪ੍ਰਬੰਧਕੀ ਅਤੇ ਸਿੱਖਿਆ ਦੇ ਖੇਤਰ ਵਿੱਚ ਜ਼ਰੂਰੀ ਹੋ ਗਿਆ ਹੈ। ਪ੍ਰੰਤੂ ਅਜਿਹੀ ਵੀ ਗੱਲ ਨਹੀਂ ਕਿ ਕੰਪਿਊਟਰ ਪ੍ਰਾਪਤੀ ਮੁੱਢਲੀਆਂ ਲੋੜਾਂ ਅਤੇ ਸੁਯੋਗ ਸਕੂਲ ਸਿੱਖਿਆ ਪ੍ਰਬੰਧ ਦੀ ਥਾਂ, ਲੋੜ ਬਣ ਗਈ ਹੋਵੇ। ਸਕੂਲਾਂ ਵਿੱਚ ਸਿੱਖਿਆ ਦਾ ਮਿਆਰ, ਪ੍ਰਬੰਧ, ਛੇ ਤੋਂ ਚੌਦਾਂ ਸਾਲ ਦੀ ਮੁਫ਼ਤ ਅਤੇ ਜ਼ਰੂਰੀ



ਸਿੱਖਿਆ ਨੂੰ ਅਮਲ ਵਿਚ ਲਿਆਉਣ ਦੀ ਥਾਂ, ਪਹਿਲੀ ਤੋਂ ਅੰਗਰੇਜ਼ੀ ਲਾਗੂ ਕਰਨਾ, ਗ਼ੈਰ ਜ਼ਿੰਮੇਵਾਰਾਨਾ ਤੇ ਅਹਿਮਕਾਨਾ ਨੀਤੀ ਹੀ ਕਿਹਾ ਜਾਂ ਸਕਦਾ ਹੈ।

ਅਸੀਂ ਖ਼ਾਲਸਾ ਸਿਰਜਣਾ ਦੇ ਤਿੰਨ-ਸੌ ਸਾਲਾ ਵਿਸਾਖੀ ਪ੍ਰੋਗਰਾਮਾਂ ਦੇ ਨਾਲ, ਪੰਜਾਬੀ ਭਾਸ਼ਾ ਦੀ ਕੀਮਤ ਉੱਤੇ ਅੰਗਰੇਜ਼ੀ ਨੂੰ ਲਾਗੂ ਕਰਨ ਦੀ ਨੀਤੀ ਨੂੰ ਇਸ ਲਈ ਜੋੜ ਰਹੇ ਹਾਂ ਕਿ ਸਾਡੇ ਪੰਜਾਬ ਦੇ ਲਗਭਗ 52 ਫੀਸਦੀ ਪੰਜਾਬੀ ਲੋਕ ਸਿੱਖ ਧਰਮ ਨਾਲ ਸੰਬੰਧਿਤ ਹਨ। ਇਹੋ ਹੀ ਲੋਕ ਸਨ, ਜਿਨ੍ਹਾਂ ਪੰਜਾਬੀ ਬੋਲੀ ਦੇ ਆਧਾਰ ਉੱਪਰ ਪੰਜਾਬ ਦੇ ਗਠਣ ਲਈ ਮੋਰਚੇ ਲਾਏ, ਹਜ਼ਾਰਾਂ ਦੀ ਗਿਣਤੀ ਵਿੱਚ ਜੇਲ੍ਹੀਂ ਗਏ, ਕੁਰਬਾਨੀਆਂ ਕਰਕੇ ਪੰਜਾਬੀ ਸੂਬੇ ਦੀ, ਭਾਵੇਂ ਅਧੂਰੀ, ਮੰਗ ਪ੍ਰਵਾਨ ਕਰਵਾਈ। ਪੰਜਾਬੀ ਸੂਬੇ ਦੀ ਮੋਹਰੀ ਅਕਾਲੀ ਪਾਰਟੀ ਦੀ ਅੱਜ ਦੀ ਸਰਕਾਰ, ਅੱਜ ਪੰਜਾਬੀ ਭਾਸ਼ਾ ਦੇ ਘਰ ਦੇ ਦੁਸ਼ਮਣਾਂ ਦੇ ਰੂਪ ਵਿੱਚ ਸਾਹਮਣੇ ਆਈ ਹੈ। ਜੇਕਰ ਪੰਜਾਬੀ ਦੇ ਅਲੰਬਰਦਾਰ ਹੀ ਇਸ ਨਾਲ ਧਰੋਹ ਕਮਾਉਣ ਲਈ ਉੱਤਰ ਪਏ ਹੋਣ ਤਾਂ ਫਿਰ ਪੰਜਾਬੀ ਨਾਲ ਪ੍ਰਤੀਬੱਧਤਾ ਰੱਖਣ ਅਤੇ ਪੰਜਾਬੀ ਭਾਸ਼ਾ ਦੀ, ਪੰਜਾਬੀ ਸੱਭਿਆਚਾਰ ਦੀ ਰਾਖੀ ਤੇ ਵਿਕਾਸ ਲਈ ਕਰਮਸ਼ੀਲ ਲੋਕ-ਸਮੂਹ ਤੇ ਬੁਧੀਜੀਵੀ ਵਰਗ ਨੂੰ ਪੰਜਾਬੀ ਦੀ ਅਲੰਬਰਦਾਰੀ ਦਾ ਝੰਡਾ ਸੰਭਾਲਣਾ ਬੜਾ ਜ਼ਰੂਰੀ ਹੋ ਜਾਂਦਾ ਹੈ।

ਕੀ ਰਾਜਸੀ ਤੇ ਧਾਰਮਿਕ ਅਕਾਲੀ ਲੀਡਰ ਪੰਜਾਬੀ ਨੂੰ ਆਪਣੀ ਕਮ-ਅਕਲੀ ਕਾਰਨ ਤਿਲਾਂਜਲੀ ਦੇਣ ਤੁਰੇ ਹਨ ਜਾਂ ਚਤਰ ਅਫ਼ਸਰਸ਼ਾਹੀ ਦੇ ਪਿਛਲੱਗ ਬਣ ਕੇ ਅਜਿਹਾ ਕਰਨ ਲੱਗੇ ਹਨ? ਅਕਾਲੀ ਦਲ ਦੀ ਰਾਜ ਸੱਤਾ ਵਿੱਚ ਭਾਈਵਾਲ ਭਾਜਪਾ, ਇਸ ਸਾਰੇ ਮੂਰਖ ਪਨ ਨੂੰ ਮੀਸਣੀ ਹਾਸੀ ਹੱਸਦਿਆਂ ਪਾਸੇ ਖਲੋ ਕੇ ਦੇਖ ਰਹੀ ਹੈ। ਭਾਜਪਾ, ਜਿਸ ਨੇ ਜਨ-ਸੰਘ ਦੇ ਨਾਂ ਹੇਠ, ਪੰਜਾਬੀ ਆਧਾਰਤ ਸੂਬੇ ਦੇ ਗਠਣ ਤੋਂ ਪਹਿਲਾਂ ਹੀ ਪੰਜਾਬੀ ਦਾ ਵਿਰੋਧ ਜਾਰੀ ਕੀਤਾ ਹੋਇਆ ਸੀ, ਹੁਣ ਆਪਣੀ ਸਫ਼ਲਤਾ ਲਈ ਸੰਤੁਸ਼ਟ ਨਜ਼ਰ ਆ ਰਹੀ ਹੈ। ਕਾਰਨ ਸਪੱਸ਼ਟ ਹੈ ਕਿ ਜੋ ਕੁਝ ਉਹ ਵਿਰੋਧ ਕਰਕੇ ਵੀ ਨਹੀਂ ਕਰ ਸਕੇ ਸਨ, ਉਹ ਉਨ੍ਹਾਂ ਨੂੰ ਹੁਣ ਅਕਾਲੀ ਪਾਰਟੀ ਖੁਦ ਕਰਕੇ ਦੇ ਰਹੀ ਹੈ। ਪੰਜਾਬੀ ਭਾਸ਼ਾ ਐਕਟ ਦੇ ਅਸਲ ਵਿੱਚ ਆਉਣ ਦੇ ਰਾਹ ਵਿੱਚ ਭਾਜਪਾ ਤੇ ਅੰਗਰੇਜ਼ੀ ਪੱਖੀ ਅਫ਼ਸ਼ਰਸ਼ਾਹੀ ਵਿਸ਼ੇਸ਼ ਰੂਪ ਵਿੱਚ ਰੁਕਾਵਟ ਬਣੇ ਹੋਏ ਹਨ ਅਤੇ ਸਿੱਖਿਆ ਮੰਤਰੀ ਤੇ ਸਰਕਾਰ ਉਨ੍ਹਾਂ ਦੇ ਜੀ-ਹਜ਼ੂਰੀਏ ਸਿੱਧ ਹੋ ਰਹੇ ਹਨ।

ਅਕਾਲੀ ਪਾਰਟੀ ਦੀ ਸਰਕਾਰ ਤੋਂ ਇਹ ਆਸ ਰੱਖੀ ਜਾਣੀ ਸੁਭਾਵਿਕ ਸੀ ਕਿ ਉਹ ਆਪਣੇ ਪਿਛੋਕੜ ਨੂੰ ਭੁੱਲੇਗੀ ਨਹੀਂ। ਉਹ ਅਧੂਰੇ ਪਏ, ਪੰਜਾਬੀ ਭਾਸ਼ਾ ਨਾਲ ਸੰਬੰਧਿਤ, ਕੰਮਾਂ ਨੂੰ ਨੇਪਰੇ ਚਾੜ੍ਹੇਗੀ। ਉਨ੍ਹਾਂ ਦੇ ਕਰਨ ਦਾ ਪਹਿਲਾ ਕੰਮ ਸੀ ਪੰਜਾਬ ਦੇ ਸਾਰੇ ਸਰਕਾਰੀ-ਗੈਰ-ਸਰਕਾਰੀ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਪੰਜਾਬੀ ਲਾਗੂ ਕਰਨਾ ਅਤੇ ਹਿੰਦੀ ਅਤੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਵੀ ਪੰਜਾਬੀ ਲਾਗੂ ਕਰਨ ਲਈ ਕਾਨੂੰਨ ਬਣਾਉਣਾ ਚਾਹੀਦਾ ਸੀ। ਪੰਜਾਬ ਵਿਚੋਂ ਅਨਪੜ੍ਹਤਾ ਖਤਮ ਕਰਨ ਲਈ ਸਾਖ਼ਰਤਾ ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਅਤੇ ਮੁਢਲੀ ਸਿੱਖਿਆ ਨੂੰ ਅਸਲੀ ਅਰਥਾਂ ਵਿੱਚ, ਅਮਲੀ ਰੂਪ ਵਿੱਚ ਲਾਜ਼ਮੀ ਤੇ ਮੁਫ਼ਤ ਲਾਗੂ ਕਰਨਾ ਸੀ। ਸਕੂਲਾਂ ਦੀਆਂ ਇਮਾਰਤਾਂ ਅਤੇ ਅਧਿਆਪਕਾਂ ਦੀਆਂ ਨਿਯੁਕਤੀਆਂ ਕਰਨਾ ਹੋਣਾ ਚਾਹੀਦਾ ਸੀ। ਸਭ ਤੋਂ ਵੱਧ ਮਹੱਤਵਪੂਰਨ ਸਮੁੱਚੇ ਸਿੱਖਿਆ ਬੋਰਡ ਨੂੰ ਕਿਰਿਆਸ਼ੀਲ ਬਣਾਉਣਾ ਸੀ। ਇਸ ਵੇਲੇ ਪੰਜਾਬ ਸਿੱਖਿਆ ਬੋਰਡ ਬਲਾਕ ਪੱਧਰ ਤੋਂ ਲੈ ਕੇ ਚੰਡੀਗੜ੍ਹ ਬੋਰਡ ਦੇ ਦਫ਼ਤਰ ਤੱਕ, ਅਮਲੀ ਤੌਰ ਉੱਪਰ, ਅਨਾਰਕੀ ਦੀ ਵਿਵਸਥਾ ਤੱਕ ਅਪੜਿਆ ਪਿਆ ਹੈ। ਇਹ ਉੱਜੜੇ ਪਿੰਡ ਦੀ ਤਸਵੀਰ ਪੇਸ਼ ਕਰਦਾ ਹੈ। ਜੇ ਇਹ ਕਰਮਸ਼ੀਲ ਹੋਵੇ ਤਾਂ ਮੰਤਰੀਆਂ ਨੂੰ ਸਕੂਲਾਂ ਵਿੱਚ ਪੁਲਸੀਆਂ ਵਾਂਗੂੰ ਛਾਪੇ ਮਾਰਨ ਦੀ ਲੋੜ ਨਾ ਪਵੇ। ਸਿੱਖਿਆ ਬੋਰਡ ਦੀ ਮਾੜੀ ਕਾਰਗੁਜ਼ਾਰੀ ਕਾਰਨ ਹੀ ਪਿੰਡਾਂ ਵਿੱਚ ਪ੍ਰਾਈਵੇਟ ਸਕੂਲਾਂ ਦੀਆਂ ਫੈਕਟਰੀਆਂ ਨੂੰ ਅਨਪੜ੍ਹ ਧਨੀ-ਮਾਲਕ ਮੁਨਾਫਿਆਂ ਲਈ ਚਲਾਉਣ ਦੇ ਯੋਗ ਹੋਏ ਹਨ। ਸਕੂਲਾਂ ਦੀ ਅਜਿਹੀ ਮਾੜੀ ਦਸ਼ਾ ਨੂੰ ਅਣਡਿੱਠ ਕਰਕੇ ਸਸਤੀ ਸ਼ੋਹਰਤ ਲਈ ਪੰਜਾਬ ਸਰਕਾਰ ਦਾ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਨ ਦਾ ਐਲਾਨ ਬੱਜਰ-ਗੁਨਾਂਹ ਹੈ। ਅਧਿਆਤਮਿਕ ਪੁਸਤਕਾਂ ਬੱਜਰ-ਗੁਨਾਂਹ ਦੀ ਸਜ਼ਾ ਨਾ ਕਾਬਲੇ ਮੁਆਫ਼ੀ ਦੱਸਦੀਆਂ ਹਨ।

ਤਿੰਨ ਸੌ ਸਾਲਾਂ ਖ਼ਾਲਸਾ ਸਿਰਜਣਾ ਦੇ ਜਸ਼ਨਾਂ ਦੀ ਸਫਲਤਾ ਪੰਜਾਬ ਦੇ ਆਰਥਿਕ ਅਤੇ ਸਿੱਖਿਆ ਵਿਕਾਸ ਉੱਪਰ ਨਿਰਭਰ ਕਰਦੀ ਹੈ। ਇਸ ਵਿਕਾਸ ਦੇ ਕਾਰਨ ਹੀ ਪੰਜਾਬੀ ਸੱਭਿਆਚਾਰ ਦਾ ਵਿਕਾਸ ਹੋਣਾ ਨਿਰਭਰ ਹੈ। ਉਦਾਹਰਨ ਲਈ ਇਸਰਾਈਲ ਨੂੰ ਲਿਆ ਜਾ ਸਕਦਾ ਹੈ, ਜਿਸ ਦੀ ਯਹੂਦੀ ਵਸੋਂ, ਅਨੇਕਾਂ ਸਦੀਆਂ ਬਦੇਸ਼ਾਂ ਵਿੱਚ ਬਿੱਖਰੀ ਭਟਕਦੀ ਫਿਰਦੀ ਰਹੀ। ਜੇਕਰ ਉਹ ਅੱਜ ਇਸਰਾਈਲ ਵਿੱਚ ਮੁੜ ਸਥਾਪਤ ਹੋ ਸਕੇ ਹਨ ਤਾਂ ਉਨ੍ਹਾਂ ਦੇ ਮੁਖ ਕਾਰਨਾਂ ਵਿਚੋਂ ਇਕ ਉਨ੍ਹਾਂ ਨੇ ਆਪਣੀ ਹੀਬਰੂ ਭਾਸ਼ਾ ਤੋਂ ਆਪਣੀਆਂ ਨਵੀਆਂ ਪੀੜ੍ਹੀਆਂ ਨੂੰ ਲਗਾਤਾਰ ਸਿਖਿਅਤ ਰੱਖਿਆ ਸੀ। ਜਿਹੜੇ ਆਪਣੇ ਬੱਚਿਆਂ ਨੂੰ ਹੀਬਰੂ ਭਾਸ਼ਾ ਤੋਂ ਸਿੱਖਿਅਤ ਨਹੀਂ ਰੱਖ ਸਕੇ, ਉਹ ਯੂਰਪ ਦੇ ਦੇਸ਼ਾਂ ਵਿੱਚ ਅਲੋਪ ਹੋ ਗਏ। ਜਿਨ੍ਹਾਂ ਹੀਬਰੂ ਨੂੰ ਭੁੱਲਣ ਨਹੀਂ ਦਿੱਤਾ, ਉਹ ਹੀ ਇਸਰਾਈਲ ਦੇ ਅੱਜ ਬਾਸ਼ਿੰਦੇ ਅਤੇ ਮਾਲਕ ਬਣੇ ਹਨ। ਜੇ ਕਰ ਹੁਣ ਪੰਜਾਬ ਵਿੱਚ ਰਹਿੰਦਿਆਂ ਅਕਾਲੀ ਪਾਰਟੀ ਹਾਕਮ ਹੋ ਕੇ ਵੀ, ਪੰਜਾਬੀ ਦੀਆਂ ਜੜ੍ਹਾਂ ਵੱਢਣ ਤੁਰ ਪਈ ਹੈ ਤਾਂ ਇਸ ਨਾਲ ਪੰਜਾਬੀ ਭਾਸ਼ਾ ਤੇ ਪੰਜਾਬੀ ਸੱਭਿਆਚਾਰ ਦਾ ਨੁਕਸਾਨ ਤਾਂ ਹੋਵੇਗਾ ਹੀ, ਨਾਲ ਹੀ ਉਹ ਵੀ ਇਤਿਹਾਸ ਦੇ ਕੂੜੇ ਦੇ ਢੇਰ ਦਾ ਅੰਗ ਬਣ ਜਾਣਗੇ।

ਖ਼ਾਲਸਾ ਸਿਰਜਣਾ ਦੇ ਜਸ਼ਨਾਂ ਦੀ ਸਾਰਥਿਕਤਾ ਇਸ ਵਿੱਚ ਹੈ ਕਿ ਪੰਜਾਬੀ ਦੀ ਰਾਖੀ ਤੇ ਵਿਕਾਸ ਲਈ ਦ੍ਰਿੜ੍ਹ ਸੰਕਲਪ ਹੋ ਕੇ ਸੰਘਰਸ਼ ਕੀਤਾ ਜਾਵੇ। ਪੰਜਾਬੀ ਭਾਸ਼ਾ ਦੀ ਰਾਖੀ ਲਈ ਸੰਘਰਸ਼ ਕਰਨ ਵਾਲੇ ਸਿਪਾਹੀਆਂ ਦੀ ਕਮੀ ਨਹੀਂ ਹੈ। ਪਾਕਿਸਤਾਨ ਵਿੱਚ ਦੇ ਪੰਜਾਬੀ ਪਿਆਰੇ, ਨੰਗੇ ਧੜ ਪੰਜਾਬੀ ਨੂੰ ਰਾਜ ਭਾਸ਼ਾ ਦੇ ਤੌਰ ਉੱਪਰ ਪਰਵਾਣ ਕਰਵਾਉਣ ਲਈ ਸਿਰੀਂ ਕੱਫਣ ਬੰਨ੍ਹ ਕੇ 'ਉਰਦੂ ਹਕੂਮਤ' ਨਾਲ ਸੰਘਰਸ਼ ਕਰ ਰਹੇ ਹਨ, ਅਸੀਂ ਉਨ੍ਹਾਂ ਦੀ ਦ੍ਰਿੜ੍ਹਤਾ ਦੀ ਪ੍ਰਸ਼ੰਸਾ ਕਰਦੇ ਹੋਏ, ਉਨ੍ਹਾਂ ਤੋਂ ਸਿੱਖਿਆ ਤੇ ਉਤਸ਼ਾਹ ਲੈ ਸਕਦੇ ਹਾਂ।

ਜੇਕਰ ਪੰਜਾਬ ਸਰਕਾਰ ਨੇ ਹੀ ਪੰਜਾਬੀ ਭਾਸ਼ਾ ਪ੍ਰਤੀ ਨਕਾਰਆਤਮਿਕ ਪਹੁੰਚ ਧਾਰਨ ਕੀਤੀ ਹੋਵੇ, ਫਿਰ ਬਦੇਸ਼ਾਂ ਵਿੱਚ, ਗੁਆਂਢੀ ਰਾਜਾਂ, ਹਰਿਆਣੇ, ਦਿੱਲੀ, ਪੂਰਬੀ ਰਾਜਸਥਾਨ, ਯੂ.ਪੀ. (ਊਧਮ ਸਿੰਘ ਨਗਰ) ਆਦਿ ਦੇ ਪੰਜਾਬੀ ਲੋਕ ਸੰਬੰਧਿਤ ਸਰਕਾਰਾਂ ਤੋਂ, ਦੂਜੀ ਭਾਸ਼ਾ ਦੇ ਤੌਰ ਉੱਤੇ ਪੰਜਾਬੀ ਦੀ ਪੜ੍ਹਾਈ ਦੀ ਮੰਗ ਜਿਹੜੇ ਮੂੰਹ ਨਾਲ ਕਰਨ ਦੇ ਯੋਗ ਹੋ ਸਕਦੇ ਹਨ?

ਖ਼ਾਲਸਾ-ਸਿਰਜਣਾ ਜਸ਼ਨਾਂ ਦੇ ਸਮੇਂ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਸਿੱਖੀ, ਜਿਸ ਦਾ ਪੰਜਾਬੀ ਨਾਲ ਜ਼ਮਾਂਦਰੂ ਸੰਬੰਧ ਹੈ, ਦੇ ਸੰਭਵ ਢੰਗ ਨਾਲ ਵਿਕਾਸ ਵੱਲ ਆਪਣੀ ਜਨਮ ਭੂਮੀ ਦੀ ਪੰਜਾਬ ਦੀ ਹਰ ਸਰਕਾਰ, ਪਹਿਲ ਦੇ ਆਧਾਰ ਉੱਪਰ ਧਿਆਨ ਦੇਵੇ। ਪ੍ਰੰਤੂ 'ਸਿੱਖਾਂ' ਦੀ ਸਰਕਾਰ ਹੋਣ ਦਾ ਦਾਅਵਾ ਕਰਨ ਵਾਲੀ ਅਕਾਲੀ ਸਰਕਾਰ, ਤੇ ਉਸ ਦੀਆਂ ਸਹਿਯੋਗੀ ਜੱਥੇਬੰਦੀਆਂ ਸ਼੍ਰੋਮਣੀ ਕਮੇਟੀ, ਸਿੱਖੀ ਧਰਮ ਸਥਾਨਾਂ ਦੇ ਅਧਿਕਾਰੀ ਆਦਿ ਨੂੰ ਇਹ ਸਰਟੀਫੀਕੇਟ ਨਹੀਂ ਮਿਲ ਜਾਂਦਾ ਕਿ ਉਹ ਸੱਚਮੁੱਚ ਹੀ ਸਿੱਖ ਧਰਮ ਦੇ ਧਾਰਨੀ ਅਤੇ ਸਰਪ੍ਰਸਤ ਹਨ। ਜਦੋਂ ਕਿ ਉਹ 'ਗੁਰਮੁਖੀ' ਲਿਪੀ ਵਾਲੀ ਪੰਜਾਬੀ ਦੀ ਦੁਰਗਤ ਕਰਕੇ ਰੋਲ ਰਹੇ ਹਨ, ਜਦੋਂ ਕਿ ਸਿੱਖ ਧਰਮ ਗ੍ਰੰਥ ਦੀ ਰਚਨਾ ਇਸੇ ਭਾਸ਼ਾ ਤੇ ਲਿਪੀ ਵਿੱਚ ਹੋਵੇ ਤੇ ਉਹ ਉਸ ਨਾਲ ਦੁਸ਼ਮਣਾਂ ਵਾਲਾ ਵਰਤਾਓ ਕਰਨ ਉਪਰ ਡੁੱਲ੍ਹੇ ਹੋਏ ਹੋਣ। ਹੈਰਾਨੀ ਹੁੰਦੀ ਹੈ ਕਿ ਇਹ ਕਿਸ ਤਰ੍ਹਾਂ ਦੇ 'ਸਿੱਖ' ਹੋਏ?

ਇਥੇ ਇਸ ਨੁਕਤੇ ਉੱਪਰ ਆ ਕੇ, ਧਰਮ ਅਤੇ ਰਾਜਨੀਤੀ ਦਾ ਅਸਲੀ ਖ਼ਾਸਾ ਸਾਹਮਣੇ ਆ ਜਾਂਦਾ ਹੈ। ਆਪਣੇ ਜਨਮ ਸਮੇਂ ਹਰ ਧਰਮ ਗ਼ਰੀਬਾਂ, ਦੱਬੇ-ਕੁਚਲੇ ਲੋਕਾਂ ਦੇ ਪੱਖ ਵਿੱਚ ਆਵਾਜ਼ ਉਠਾ ਕੇ ਤੁਰਦਾ ਹੈ। ਪ੍ਰੰਤੂ ਸਮਾਂ ਬੀਤਣ ਉੱਪਰ ਧਰਮ, ਜਿਨ੍ਹਾਂ ਹਾਕਮ ਜਮਾਤਾਂ ਦੇ ਅੱਤਿਆਚਾਰਾਂ ਦੇ ਵਿਰੋਧ ਵਿੱਚ ਪੈਦਾ ਹੋਇਆ ਹੁੰਦਾ ਹੈ, ਉਹ ਜਮਾਤਾਂ ਹੀ ਧਰਮ ਸੱਤਾ ਅਤੇ ਰਾਜ ਸੱਤਾ ਉੱਪਰ ਕਾਬਜ਼ ਹੋ ਕੇ, ਸੰਬੰਧਿਤ ਧਰਮ ਦੇ ਗ਼ਰੀਬਾਂ ਅਤੇ ਦੱਬੇ-ਕੁਚਲੇ ਲੋਕਾਂ ਉੱਪਰ ਮੁੜ ਧੌਂਸਵਾਦੀ ਦਾਬਾ ਠੋਸ ਦਿੰਦੀਆਂ ਹਨ। ਸਿੱਖ ਧਰਮ ਦੇ ਸੰਬੰਧ ਵਿੱਚ ਇਹ ਪੂਰੀ ਤਰ੍ਹਾਂ ਸੱਚ ਸਿੱਧ ਹੋਇਆ ਹੈ। ਲੋਕਾਂ ਦੀ ਧਰਮ ਪ੍ਰਤੀ ਘੋਰ ਸ਼ਰਧਾ, ਉਨ੍ਹਾਂ ਦੀ ਸੋਚ ਨੂੰ ਇਸ ਕਦਰ ਜਕੜ ਲੈਂਦੀ ਹੈ ਕਿ ਉਹ ਹਾਕਮਾਂ ਨੂੰ ਸਹਿ ਧਰਮੀ ਹੋਣ ਦੇ ਕਾਰਨ, ਆਪਣੇ ਦੁਸ਼ਮਣਾਂ ਦੇ ਰੂਪ ਵਿੱਚ ਪਛਾਣਨ ਦੇ ਅਸਮਰਥ ਹੋ ਜਾਂਦੇ ਹਨ। ਧਰਮ ਅਤੇ ਰਾਜਨੀਤੀ ਦੇ ਨਿਖੇੜੇ ਲਈ ਇਸੇ ਕਰਕੇ ਲੋਕ ਜਮਹੂਰੀ ਅਤੇ ਧਰਮ ਨਿਰਪੱਖ ਸ਼ਕਤੀਆਂ ਜ਼ੋਰ ਦਿੰਦੀਆਂ ਹਨ।



ਤਾਂ ਜੋ ਲੋਕ ਹਾਕਮਾਂ ਨੂੰ ਉਨ੍ਹਾਂ ਦੇ ਲੋਕ ਵਿਰੋਧੀ ਰੂਪ ਵਿੱਚ ਸੌਖਿਆਂ ਪਛਾਣ ਸਕਣ ਅਤੇ ਰਾਜ ਸੱਤਾ ਤੇ ਕਾਬਜ਼ ਹੋਣ ਲਈ ਉਹ ਧਰਮ ਦੀ ਵਰਤੋਂ ਨਾ ਕਰ ਸਕਣ। ਅਕਾਲੀ ਪਾਰਟੀ ਦੇ ਹਾਕਮ ਜਾਗੀਰਦਾਰ-ਰਜਵਾੜੇ ਤੇ ਪੂੰਜੀਪਤੀ ਆਪਣੇ ਸੁਆਰਥ ਲਈ ਹੀ ਸਿੱਖ ਧਰਮ ਦੀ ਰਾਜਨੀਤੀ ਤੇ ਧਰਮ ਨੂੰ ਇਕੱਠੇ ਹੋਣ ਲਈ ਹੱਠ ਕਰਦੇ ਰਹਿੰਦੇ ਹਨ। ਹੁਣ ਹਾਕਮ ਅਕਾਲੀ ਪਾਰਟੀ ਧਰਮ ਅਤੇ ਰਾਜਨੀਤੀ ਦੇ ਪੈਂਤੜੇ ਤੋਂ ਪੰਜਾਬੀ ਭਾਸ਼ਾ ਨਾਲ ਦੁਰਵਿਵਹਾਰ ਕਰ ਰਹੀ ਸ਼ਰਮਸਾਰ ਵੀ ਨਹੀਂ ਹੋ ਰਹੀ।

ਜਿਹੜੇ ਸਰਕਾਰਪ੍ਰਸਤ ਪੰਜਾਬੀ ਬੁੱਧੀਜੀਵੀ, ਸੰਕੀਰਨ ਸੋਚ ਤੇ ਸੁਆਰਥ ਦੇ ਕਾਰਨ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਨ ਦੀ ਨੀਤੀ ਦਾ ਸਮਰਥਨ ਇਹ ਕਹਿ ਕੇ ਕਰ ਰਹੇ ਹਨ ਕਿ ਅੰਗਰੇਜ਼ੀ ਪੰਜਾਬੀ ਦੀ ਥਾਂ ਨਹੀਂ, ਪੰਜਾਬੀ ਦੇ ਨਾਲ ਸ਼ੁਰੂ ਹੋ ਰਹੀ ਹੈ, ਇਸ ਨਾਲ ਪੰਜਾਬੀ ਦਾ ਕੋਈ ਨੁਕਸਾਨ ਨਹੀਂ ਹੋ ਰਿਹਾ, ਉਹ ਸਿੱਖਿਆਸ਼ਾਸ਼ਤਰੀਆਂ ਦੇ, ਮਾਂ ਬੋਲੀ ਵਿੱਚ ਮੁੱਢਲੀ ਸਿੱਖਿਆ ਦੇ ਸੰਸਾਰ ਪ੍ਰਸਿੱਧ ਸਿਧਾਂਤਾਂ ਵੱਲੋਂ ਅੱਖਾਂ ਮੀਟ ਕੇ ਅੰਗਰੇਜ਼ੀ ਦਾ ਪੱਖ ਪੂਰ ਰਹੇ ਹਨ। ਅਧਿਆਪਨ ਦੇ ਖੇਤਰ ਦੇ ਕੁਝ ਪ੍ਰਮੁਖਾਂ ਨੇ ਸ਼ਾਇਦ ਸਿੱਖਿਆ ਨਾਲ ਸੰਬੰਧਿਤ ਬਾਲ-ਮਨੋਵਿਗਿਆਨ ਨੂੰ ਕਦੀ ਸਮਝਿਆ ਹੀ ਨਾ ਹੋਵੇ। ਫਿਰ ਵੀ ਸਰਕਾਰ ਦੇ ਨਾਲ ਕਬਰ ਵਿੱਚ ਪੈਣ ਲਈ ਪਤਾ ਨਹੀਂ ਉਹ ਕਿਉਂ ਕਾਹਲੇ ਪਏ ਹੋਏ ਹਨ। ਬੇਸ਼ੱਕ ਸਰਕਾਰ ਦੀ ਇਹ ਹਿੰਮਤ ਨਹੀਂ ਕਿ ਉਹ ਪੰਜਾਬੀ ਨੂੰ ਇੱਕ ਦਮ ਪੜ੍ਹਾਉਣਾ ਬੰਦ ਕਰ ਦੇਵੇ, ਫਿਰ ਵੀ ਸ਼ੁਰੂਆਤ ਤਾਂ ਹੋ ਹੀ ਚੁੱਕੀ ਹੈ, ਜਦੋਂ ਕਈ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਨਾਂ ਦੀ ਭਾਸ਼ਾ ਕਿਧਰੇ ਨਜ਼ਰ ਨਹੀਂ ਆ ਰਹੀ।

ਸਾਡੇ ਉਚ ਵਰਗ ਅਤੇ ਬਦੇਸ਼ੀ ਕਾਰਪੋਰੇਸ਼ਨਾਂ ਨੂੰ ਸਾਡੇ ਲੋਕ ਸੱਭਿਆਚਾਰ ਨਾਲ ਕੋਈ ਹਿੱਤ ਨਹੀਂ ਹੈ, ਉਨ੍ਹਾਂ ਤਾਂ ਸੈਟਲਾਈਟ ਸੰਚਾਰ ਸਾਧਨਾਂ ਦੁਆਰਾ ਸੱਭਿਆਚਾਰਿਕ ਹੱਲਾ ਬੋਲ ਦਿਤਾ ਹੋਇਆ ਹੈ। ਉਹ ਸੱਭਿਆਚਾਰ ਨੂੰ ਉਪਭੋਗਤਾ ਵਸਤੂ ਦੇ ਰੂਪ ਵਿਚ ਹੀ ਦੇਖ ਰਹੇ ਹਨ ਅਤੇ ਮੁਨਾਫੇ ਦਾ ਇਕ ਹੋਰ ਵੱਡਾ ਸੋਮਾਂ ਸਮਝ ਰਹੇ ਹਨ। ਇਸ ਤੱਥ ਨੂੰ ਬੜੀ ਸੰਜੀਦਗੀ ਨਾਲ ਲੈਣਾ ਚਾਹੀਦਾ ਹੈ।

ਫਿਰ ਵੀ ਸਾਨੂੰ ਖੁਸ਼ੀ ਹੈ ਕਿ ਪੰਜਾਬੀ ਦੇ ਹੱਕ ਵਿਚ ਘਾਲਣਾ ਘਾਲਣ ਵਾਲੇ ਲੇਖਕ ਬੁੱਧੀਜੀਵੀਆਂ ਨੇ ਮੋਰਚਾ ਮੱਲ ਲਿਆ ਹੈ। ਉਹ ਇਸ ਗੱਲ ਦੀ ਵੀ ਪ੍ਰਵਾਹ ਨਹੀਂ ਕਰ ਰਹੇ ਕਿ ਉਹਨਾਂ ਨੂੰ ਰੂੜੀਵਾਦੀ ਸਮੇਂ ਦੇ ਨਾਲ ਨਾ ਤੁਰ ਸਕਣ ਵਾਲੇ ਆਖ ਕੇ ਭੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪ੍ਰੰਤੂ ਫਿਰ ਵੀ ਮਾਤ ਭਾਸ਼ਾ ਦੇ ਸੱਚ ਦੀ ਸ਼ੁਧਤਾ ਨੂੰ ਤੇ ਹੋਂਦ ਨੂੰ ਹਰ ਹਾਲਤ ਕਾਇਮ ਰੱਖਿਆ ਜਾਣਾ ਚਾਹੀਦਾ ਹੈ।

ਖਾਲਸਾ ਸਿਰਜਣਾ ਦੇ ਮਹਾਂਉਤਸਵ ਸਮੇਂ ਅਕਾਲੀ ਸਰਕਾਰ, ਸ਼੍ਰੋਮਣੀ ਕਮੇਟੀ, ਅਖੌਤੀ ਸੰਤ ਸਮਾਜ ਤੇ ਹੋਰ ਵੇਲੇ ਦਾ ਲਾਹਾ ਖੱਟਣ ਵਾਲੇ ਮੌਕਾ ਪ੍ਰਸਤ ਪੰਜਾਬੀ ਮਾਂ ਬੋਲੀ ਵੱਲ ਪਿੱਠ ਕਰਕੇ ਪੁੱਠੇ ਪੈਰੀਂ ਤੁਰਿਆ ਨੂੰ ਦੇਖ ਤੇ ਅੰਚਭਾ ਹੁੰਦਾ ਹੈ ਕਿ ਉਹ ਅਡੰਬਰੀ ਦਾਅਵਿਆਂ ਤੇ ਅਖੌਤੀ ਚੇਤਨਾ ਮਾਰਚਾਂ ਦੀ ਧੂੜ ਵਿਚ ਯਾਦਗਾਰੀ ਪ੍ਰੋਜੈਕਟਾਂ ਦੇ ਨੀਂਹ ਪੱਥਰਾਂ ਦੇ ਸਨਮੁੱਖ ਕਿਹੜੀ ਖੁਸ਼ੀ ਵਿਚ ਭੰਗੜੇ ਪਾ ਰਹੇ ਹਨ। ਜਦੋਂ ਕਿ ਉਹਨਾਂ ਦੇ ਅਮਲ ਪੰਜਾਬੀ ਭਾਸ਼ਾ ਜੋ ਕਿ ਸਾਡੇ ਸੱਭਿਆਚਾਰਕ ਦੀ ਹੋਂਦ ਦੀ ਰੂਹ ਹੈ, ਨੂੰ ਢਾਅ ਲਾਉਣ ਵਾਲੇ ਅਤੇ ਖ਼ਾਲਸਾ ਸਿਰਜਣਾ ਦੇ 1699 ਦੀ ਵਿਸਾਖੀ ਵੇਲੇ ਨਿਰਧਾਰਤ ਕੀਤੇ ਉਦੇਸ਼ਾਂ ਦੇ ਮੂਲੋਂ ਹੀ ਵਿਪਰੀਤ ਹਨ। ਪੰਜਾਬੀ ਭਾਸ਼ਾ ਪ੍ਰਤੀ ਅਕਾਲੀ ਸਰਕਾਰ ਦਾ ਕਾਲਾ ਕਿਰਦਾਰ, ਅਨੰਦਪੁਰ ਸਾਹਿਬ ਦੇ ਅੱਠਵੇਂ ਅਜੂਬੇ ਦੇ ਸਿੰਘ ਦੁਆਰ ਉਪਰ ਕਾਲੇ ਅੱਖਰਾਂ ਵਿਚ ਉਘੜ ਆਉਣ ਨੂੰ ਹਰ ਕੋਈ ਦੇਖ ਸਕੇਗਾ।

ਕੀ ਖ਼ਾਲਸਾ ਸਿਰਜਣਾ ਦੇ ਜਸ਼ਨਾਂ ਦੇ ਪਿਛਵਾੜੇ, ਅਕਾਲੀ ਸਰਕਾਰ ਦੀ ਪੰਜਾਬੀ ਸੱਭਿਆਚਾਰ ਦੀ ਤਬਾਹੀ ਦੀ ਨੀਂਹ ਰੱਖਣ ਦੇ ਸ਼ੰਕੇ ਕਿਧਰੇ ਸੱਚੇ ਤਾਂ ਨਾ ਹੋ ਜਾਣਗੇ? ਕੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਉਜਲੇ ਭਵਿੱਖ ਲਈ, ਪੰਜਾਬੀ ਲੋਕ, ਪੰਜਾਬੀ ਸਾਹਿਤਕਾਰ, ਪੰਜਾਬੀ ਕਲਾਕਾਰ ਅਤੇ ਪੰਜਾਬੀ ਹਿਤੂ ਬੁੱਧੀਜੀਵੀ ਦ੍ਰਿੜ੍ਹਤਾ, ਗਰਮਜੋਸ਼ੀ, ਰੋਹ ਤੇ ਪ੍ਰਤੀਬੱਧਤਾ ਦਾ ਸਬੂਤ ਦੇਣਗੇ? ਸ਼ਾਇਦ ਜਾਗਦੀਆਂ ਜ਼ਮੀਰਾਂ ਵਾਲਿਆਂ ਤੋਂ ਅਜਿਹੀ ਆਸ ਕੀਤੀ ਹੀ ਜਾਣੀ ਚਾਹੀਦੀ ਹੈ। ◆

## ਖਾਲਸੇ ਦੀ ਤੀਜੀ ਜਨਮ ਸ਼ਤਾਬਦੀ ਦਾ ਸੁਨੇਹਾ/ਸੁਰਜੀਤ ਗਿੱਲ

ਤੇਰਾਂ ਅਪਰੈਲ ਵਿਸਾਖੀ ਵਾਲੇ ਦਿਨ ਖਾਲਸੇ ਦੀ ਸਿਰਜਣਾ ਦੇ ਤਿੰਨ ਸੌ ਸਾਲ ਪੂਰੇ ਹੋ ਜਾਣਗੇ। ਸਿੱਖ ਮਜ਼ਹਬ ਦੇ ਪੈਰੋਕਾਰ ਇਹਨਾਂ ਪਿਛਲੇ ਤਿੰਨ ਸੌ ਸਾਲਾ ਤੇ ਮਾਣ ਕਰ ਸਕਦੇ ਹਨ। ਕਿਸੇ ਦੇਸ਼ ਕੌਮ ਜਾਂ ਫਿਰਕੇ ਦੇ ਜੀਵਨ ਵਿਚ ਤਿੰਨ ਸੌ ਸਾਲ ਕੋਈ ਬਹੁਤ ਲੰਮਾ ਸਮਾਂ ਨਹੀਂ ਹੁੰਦੇ। ਪਰੰਤੂ ਇਹਨਾਂ ਤਿੰਨ ਸੌ ਸਾਲਾ ਵਿਚ ਖਾਲਸੇ ਦੀ ਸਿਰਜਣਾ ਨੇ ਜਿਹੜੀਆਂ ਧਾਰਮਿਕ, ਸਮਾਜਿਕ ਤੇ ਸਿਧਾਂਤਕ ਪਿਰਤਾਂ ਪਾਈਆਂ ਹਨ। ਉਹ ਵਿਲੱਖਣ ਤੇ ਬਹੁਤ ਅਹਿਮ ਹਨ। ਅੱਜ ਇਹਨਾਂ ਦਾ ਲੇਖਾ ਜੋਖਾ ਕਰਨਾ ਬਣਦਾ ਹੈ।

ਜਿਸ ਸਮੇਂ ਗੁਰੂ ਗੋਬਿੰਦ ਸਿੰਘ ਨੇ ਸੰ: 1699 ਦੀ 13 ਅਪਰੈਲ ਨੂੰ ਖਾਲਸੇ ਦੀ ਸਿਰਜਣਾ ਕੀਤੀ, ਉਸ ਸਮੇਂ ਉਹ ਭਰ ਜਵਾਨੀ ਵਿਚ ਸਨ ਅਤੇ ਆਪਣੇ ਇਸ ਮਹਾਨ ਕਾਰਜ ਬਾਰੇ ਡੂੰਘੀ ਸੋਚ ਵਿਚਾਰ ਕਰ ਚੁੱਕੇ ਸਨ। ਉਸ ਸਮੇਂ ਦੀਆਂ ਪਰਸਥਿਤੀਆਂ ਨਿਘਾਰ ਡੁੱਬੇ ਦੇਸ਼ ਨੂੰ ਜਗਾਉਣ, ਭਾਰਤੀਆਂ ਵਿਚ ਆਤਮ ਵਿਸ਼ਵਾਸ਼ ਪੈਦਾ ਕਰਨ ਤੇ ਗੌਰਵ ਨੂੰ ਮੁੜ ਬਹਾਲ ਕਰਨ ਦੀ ਕਿਸੇ ਮਹਾਨ ਤਬਦੀਲੀ ਦੀ ਮੰਗ ਕਰਦੀਆਂ ਸਨ। ਹਿੰਦੂ ਧਰਮ ਦੀ ਵਰਣ ਵੰਡ ਰਾਹੀਂ ਲੀਰੋ ਲੀਰ ਹੋਈ ਭਾਰਤੀ ਕੌਮ ਨੂੰ ਜਗਾਕੇ ਇਕ ਲੜੀ ਵਿਚ ਪਰੋਣਾ ਜ਼ਰੂਰੀ ਸੀ। ਗੁਰੂ ਗੋਬਿੰਦ ਸਿੰਘ ਨੇ ਇਹ ਕਾਰਜ ਅਚਾਨਕ ਹੀ ਨਹੀਂ ਕੀਤਾ। ਬਲਕਿ ਗੁਰੂ ਨਾਨਕ ਦੇਵ ਤੋਂ ਅਰੰਭ ਹੋਏ ਕਾਰਜ ਨੂੰ ਦੂਜੇ ਗੁਰੂਆਂ ਤੇ ਸਿੱਖਾਂ ਨੇ ਅੱਗੇ ਤੋਂ ਅਗੇ ਵਧਾਇਆ, ਜਿਸ ਨੂੰ ਸੰਪੂਰਨਤਾ ਤਕ ਪਹੁਚਾਉਣਾ ਅਨੰਦਪੁਰ ਵਿਖੇ ਖਾਲਸੇ ਦੀ ਸਿਰਜਣਾ ਸੀ। ਇਸ ਤੋਂ ਪਹਿਲਾਂ ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਸ਼ਹੀਦ ਕੀਤੇ ਜਾ ਚੁੱਕੇ ਸਨ। ਗੁਰੂ ਤੇਗ ਬਹਾਦਰ ਨਾਲ ਭਾਈ ਮਤੀ ਦਾਸ, ਸਤੀ ਦਾਸ ਤੇ ਭਾਈ ਦਿਆਲਾ ਆਦਿ ਵੀ ਤਸੀਹੇ ਝੱਲ ਕੇ ਸ਼ਹੀਦ ਹੋਏ ਸਨ। ਇਹ ਕੁਝ ਇਕੋ ਸਮੇਂ ਜਬਰ ਤੇ ਸਬਰ ਦਾ ਸਿਖਰ ਸੀ। ਗੁਰੂ ਅਰਜਨ ਦੇਵ ਸਿੱਖ ਦਰਸ਼ਨ ਦੇ ਮਹਾਨ ਗਰੰਥ ਸਾਹਿਬ ਦੀ ਸੰਪਾਦਨ ਕਰ ਚੁੱਕੇ ਸਨ। ਅੰਮ੍ਰਿਤਸਰ ਵਿਖੇ ਹਰਿਮੰਦਰ ਦੀ ਉਸਾਰੀ ਨਾਲ ਸਿੱਖ ਸਮਾਜ ਲਈ ਇਕ ਕੇਂਦਰ ਕਾਇਮ ਹੋ ਚੁੱਕਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਤਲਵਾਰ ਨਾਲ ਜਾਬਰ ਹਕੂਮਤ ਨਾਲ ਟੱਕਰ ਚੁੱਕੇ ਸਨ। ਇਸ ਤਰ੍ਹਾਂ ਖਾਲਸੇ ਦੀ ਸਿਰਜਣਾ ਵਿਚ ਦੋ ਅਹਿਮ ਤੱਤ ਭਗਤੀ ਤੇ ਸ਼ਕਤੀ ਸ਼ਾਮਲ ਸਨ।

ਮੁਢਲੇ ਸਿਖ ਚਿੰਤਨ ਦੀਆਂ ਆਪਣੇ ਸਮੇਂ ਦੇ ਸਮਾਜ ਨਾਲੋਂ ਵਿਲੱਖਣਤਾਵਾਂ ਸਨ। ਜਿਹੜੀਆਂ ਆਪਣੇ ਸਮੇਂ ਦੀ ਜਗੀਰੂ ਪਰਥਾ ਤੋਂ ਉਲਟ ਸਨ। ਇਹ ਵਿਲੱਖਣਤਾਵਾਂ ਸਨ, ਇਸਤਰੀ ਜਾਤੀ ਨੂੰ ਬਰਾਬਰਤਾ ਦਾ ਅਸਥਾਨ ਦੇਣਾ ਤੇ ਉਸਦੇ ਸਮਾਜਿਕ ਦਰਜੇ ਨੂੰ ਬਹਾਲ ਕਰਨਾ। ਦੂਜੀ ਹਿੰਦੂ ਧਰਮ ਦੀ ਵਰਣ ਵੰਡ ਨੂੰ ਰੱਦ ਕਰਕੇ ਮਨੁੱਖੀ ਬਰਾਬਰਤਾ ਸਥਾਪਤ ਕਰਨਾ ਸੀ। ਤੀਜੇ ਕਿਰਤ ਦਾ ਸਤਿਕਾਰ ਸੀ। ਇਹਨਾਂ ਵਿਲੱਖਣਤਾਵਾਂ ਦੀ ਉਸ ਸਮੇਂ ਦੇ ਸਮਕਾਲੀ ਚਿੰਤਨ ਵਿਚ ਕਿਤੇ ਹੋਰ ਥਾਂ ਦੀ ਮਿਸਾਲ ਨਹੀਂ ਮਿਲਦੀ। ਖਾਲਸੇ ਦੀ ਸਿਰਜਣਾ ਸਮੇਂ ਇਹਨਾਂ ਵਿਲੱਖਣਤਾਵਾਂ ਨੂੰ ਅਮਲੀ ਰੂਪ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਵਲੋਂ ਸਿਰ ਮੰਗਣ ਸਮੇਂ ਉਚ ਜਾਤੀਆਂ ਵਿਚੋਂ ਆਉਣ ਦੀ ਥਾਂ ਉਸ ਸਮੇਂ ਨੀਵੀਆਂ ਸਮਝੀਆਂ ਜਾਂਦੀਆਂ ਜਾਤੀਆਂ ਵਿਚ ਆਏ ਸਨ। ਸਿਰ ਮੰਗਣ ਦੇ ਅਰਥ ਹਕੀਕਤ ਵਿਚ ਅਜਿਹੇ ਵਿਅਕਤੀ ਪੈਦਾ ਕਰਨਾ ਸਨ ਜਿੰਨਾ ਨੂੰ ਆਪਣੇ ਸੀਸਾਂ ਦਾ ਪਿਆਰ ਨਾ ਹੋਵੇ, ਭਾਵ ਮਰਜੀਵੜੇ ਮਨੁੱਖ ਪੈਦਾ ਕਰਨਾ ਸੀ। ਜਿੰਨਾ ਨੇ ਆਪਣੇ ਸਿਰ ਪੈਣ ਵਾਲੀਆਂ ਜ਼ੁੰਮੇਵਾਰੀਆਂ ਨੂੰ ਚੁੱਕਣ ਲਈ ਤਿਆਰ ਹੋਣਾ ਸੀ। ਮਾਤਾ ਵੱਲੋਂ ਤਿਆਰ ਅੰਮ੍ਰਿਤ ਵਿਚ ਪਤਾਸੇ ਪਾਉਣਾ ਇਸ ਗੱਲ ਦਾ ਸਬੂਤ ਹੈ ਕਿ ਅੱਗੇ ਆ ਰਹੇ ਕਾਰਜਾਂ ਵਿਚ ਇਸਤਰੀ ਨੂੰ ਵੀ ਅਹਿਮ ਜ਼ੁੰਮੇਵਾਰੀ ਨਿਭਾਉਣੀ ਹੋਵੇਗੀ। ਪੰਜ ਪਿਆਰੇ ਸਾਜਕੇ ਉਹਨਾਂ ਹੱਥੋਂ ਆਪ ਅੰਮ੍ਰਿਤ ਛਕਣਾ 'ਆਪੇ ਗੁਰ ਚੇਲਾ' ਦੀ ਪ੍ਰਥਾ ਦਾ ਆਰੰਭ ਕਰਨ ਸੀ। ਸਿਰਾਂ ਦੀ ਮੰਗ ਨੇ ਇਕੱਠੀ ਭੀੜ ਨੂੰ ਛਾਨਣਾ ਲਾ ਦਿੱਤਾ। ਸਿਰ ਲੱਥ ਇਕ ਪਾਸੇ ਹੋ ਗਏ ਡਰਪੋਕ, ਬੁਜ਼ਦਿਲ, ਖੁਦਗਰਜ਼ ਦੂਜੇ ਪਾਸੇ ਹੋ ਗਏ। ਅਗਲੇ ਕਾਰਜਾਂ ਤੇ ਆ ਰਹੇ ਇਮਤਿਹਾਨਾਂ ਵਿਚ ਅਜਿਹੇ ਲੋਕਾਂ ਦਾ ਕੋਈ ਸਥਾਨ ਨਹੀਂ ਸੀ। ਇਸਦੇ ਉਲਟ ਕਾਰਜ ਨੂੰ ਨੁਕਸਾਨ ਪੁਚਾਉਣ ਦਾ ਕਾਰਨ ਬਣ ਸਕਦੇ ਸਨ। ਇਸ ਲਈ ਇਹ ਨਖੇੜਾ ਜ਼ਰੂਰੀ ਸੀ। ਇਕੋ ਬਾਟੇ ਦਾ ਅੰਮ੍ਰਿਤ ਛਕਣ ਨਾਲ ਦੂਈ ਦੂਵੈਤ ਦਾ ਅੰਤ ਹੋ ਕੇ ਇਕ ਨਵਾਂ ਭਾਈਚਾਰਾ ਕਾਇਮ ਹੋਣਾ ਸੀ। ਜਿਸ ਦਾ ਜੀਵਨ ਤੇ ਮਰਨ



ਤਕ ਸਭ ਕੁਝ ਸਾਂਝਾ ਸੀ। ਖਾਲਸੇ ਦੀ ਸਿਰਜਣਾ ਦੇ ਸਮੁੱਚੇ ਕਾਰਜ ਨੇ ਸਿੱਖਾਂ ਵਿਚ ਨਵਾਂ ਆਤਮ ਬਲ ਤੇ ਆਤਮ ਵਿਸ਼ਵਾਸ਼ ਭਰ ਦਿੱਤਾ ਅਤੇ ਉਨ੍ਹਾਂ ਨੇ ਐਲਾਨ ਕੀਤਾ ਕਿ ਖਾਲਸਾ ਨਾ ਕਿਸੇ ਤੋਂ ਡਰਦਾ ਹੈ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਉਹ ਕਿਸੇ ਵਿਅਕਤੀ ਅੱਗੇ ਸਿਰ ਨਹੀਂ ਝੁਕਾਉਂਦਾ ਕੇਵਲ ਇਕੋ ਸ਼ਕਤੀ ਅਕਾਲ ਪੁਰਖ ਅੱਗੇ ਝੁਕਾਂਉਂਦਾ ਹੈ। ਇਸੇ ਭਾਵਨਾ ਦਾ ਸਿੱਟਾ ਸੀ ਕਿ ਖਾਲਸੇ ਤੇ ਭੀੜ ਸਮੇਂ ਅਤਿ ਦੇ ਔਖੇ ਸਮਿਆਂ ਵਿਚ ਵੀ ਸਿੱਖ ਡੋਲੇ ਨਹੀਂ, ਕਾਇਮ ਰਹੇ। ਸੰਸਾਰ ਦਾ ਕੋਈ ਤਸੀਹਾ ਕੋਈ ਦੁਨਿਆਵੀ ਪਦਾਰਥ ਦਾ ਲਾਲਚ ਉਹਨਾਂ ਨੂੰ ਆਪਣੇ ਆਦਰਸ਼ ਤੋਂ ਬੇਮੁੱਖ ਨਾ ਕਰ ਸਕਿਆ। ਸਰਹੰਦ ਦੀਆਂ ਕੰਧਾਂ, ਖੋਪਰੀਆਂ ਦਾ ਲਾਹੌਣਾ, ਬੰਦ ਬੰਦ ਕਟੌਣਾ, ਮਨੁਖੀ ਇਤਿਹਾਸ ਵਿਚ ਸ਼ਹਿਨਸ਼ੀਲਤਾ ਦਾ ਸਿਖਰ ਹੈ। ਮੀਰ ਮੰਨੂੰ ਦੀਆਂ ਜੇਲ੍ਹਾਂ ਵਿਚ ਚੱਕੀਆਂ ਚਲਾਉਣੀਆਂ, ਪੁੱਤਾਂ ਨੂੰ ਅੱਖਾਂ ਦੇ ਸਾਹਮਣੇ ਜਿਬਾਹ ਹੁੰਦੇ ਦੇਖਣਾ, ਫਿਰ ਵੀ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਇਸਤਰੀ ਨੂੰ ਪ੍ਰਾਪਤ ਹੋਏ ਨਵੇਂ ਸਮਾਜਿਕ ਦਰਜੇ ਤੋਂ ਪ੍ਰਾਪਤ ਹੋਇਆ ਆਤਮ ਬਲ ਸੀ।

ਗੁਰੂ ਸਾਹਿਬ ਵੱਲੋਂ ਆਪਣੇ ਅਗਲੇਰੇ ਕਾਰਜਾਂ ਲਈ ਨੀਵਿਆਂ ਨੂੰ ਚੁਣਨਾ ਕੋਈ ਅਚਨਚੇਤੀ ਘਟਨਾ ਨਹੀਂ ਸੀ। ਤਜਰਬੇ ਨੇ ਉਹਨਾਂ ਨੂੰ ਦਿਖਾ ਦਿੱਤਾ ਸੀ ਕਿ ਲੋੜ ਪੈਣ ਤੇ ਕੇਵਲ ਉਹੋ ਲੋਕ ਕੰਮ ਆਉਂਦੇ ਹਨ ਜਿਹੜੇ ਸਾਧਨਹੀਣ ਹਨ ਜਿਨ੍ਹਾਂ ਨੂੰ ਕੁਝ ਗੁਆਚਣ ਦਾ ਡਰ ਨਹੀਂ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਉਪਰੰਤ ਉਹਨਾਂ ਦਾ ਸੀਸ ਲਿਆਉਣ ਵਾਲਾ ਭਾਈ ਜੈਤਾ ਦਲਿਤ ਸੀ ਤੇ ਦੇਹ ਦਾ ਸਸਕਾਰ ਘਰ ਫੂਕ ਕੇ ਕਰਨ ਵਾਲਾ ਲੱਖੀ ਵਣਜਾਰਾ ਸੀ। ਸੀਸਾਂ ਦੀ ਮੰਗ ਸਮੇਂ ਵੀ ਇਹਨਾਂ ਜਾਤੀਆਂ ਦੇ ਲੋਕ ਅਗੇ ਆਏ ਸਨ। ਇਹਨਾਂ ਵੱਲ ਹੀ ਹੱਥ ਕਰਕੇ ਗੁਰੂ ਸਾਹਿਬ ਨੇ ਕਿਹਾ ਸੀ 'ਇਨਹੀ ਕੀ ਕਿਰਪਾ ਸੇ ਸਜੇ ਹਨ ਹੈਂ। ਮੋਹ ਗਰੀਬ ਤੋਂ ਕਰੋਰ ਪਰੇ ਹੈਂ', ਉਂਝ ਸਿੱਖੀ ਦੇ ਮੋਢੀ ਗੁਰੂ ਨਾਨਕ ਦੇਵ ਜੀ ਵੀ ਮਾਲਕ ਭਾਗੋ ਤੇ ਭਾਈ ਲਾਲੋ ਵਿਚਕਾਰ ਅੰਤਰ ਕਰਕੇ ਆਪਣੇ ਆਪ ਨੂੰ ਭਾਈ ਲਾਲੋ ਦੇ ਹੱਕ ਵਿਚ ਖੜਾ ਕਰਕੇ ਇਸ ਗਲ ਦਾ ਫੈਸਲਾ ਕਰ ਦਿੱਤਾ ਸੀ। ਇਸ ਤਰ੍ਹਾਂ ਸਿਖ ਧਰਮ ਕਿਰਤ ਕਰਨ ਵਾਲਿਆਂ ਦਾ ਧਰਮ ਬਣ ਗਿਆ ਸੀ। ਖਾਲਸੇ ਦੀ ਸਿਰਜਣਾ ਉਪਰੰਤ ਇਹ ਅਮਲ ਹੋਰ ਵੀ ਤੇਜ਼ ਹੋ ਗਿਆ ਤੇ ਨੀਵੇਂ ਇਸ ਵਲ ਖਿਚੇ ਤੁਰੇ ਆਏ। ਇਥੇ ਉਹਨਾਂ ਨੂੰ ਨੀਚਾਂ ਦੀ ਥਾਂ ਸਰਦਾਰ ਦਾ ਰੁਤਬਾ ਪ੍ਰਾਪਤ ਹੋਇਆ। ਇਸੇ ਆਤਮ ਬਲ ਸਦਕਾ ਖਾਲਸੇ ਨੇ ਜੀਵਨ ਦੇ ਖੇਤਰਾਂ ਵਿਚ ਅਹਿਮ ਪ੍ਰਾਪਤੀਆਂ ਕੀਤੀਆਂ। ਜਾਬਰ ਹਮਲਾਵਰਾਂ ਦੇ ਟਾਕਰੇ ਸਮੇਂ ਨਵੀਆਂ ਪਿਰਤਾਂ ਪਾਈਆਂ, ਜੰਗਾਂ ਸਮੇਂ ਧਰਮ ਅਸਥਾਨਾਂ ਇਸਤਰੀ ਤੇ ਬਜ਼ੁਰਗਾਂ ਦਾ ਸਤਿਕਾਰ ਕਾਇਮ ਰੱਖਿਆ। ਹਮਲਾਵਰਾਂ ਹੱਥੋਂ ਧੀਆਂ ਭੈਣ ਨੂੰ ਛੁਡਵਾਕੇ ਲਿਆਂਦਾ। ਉਹਨਾਂ ਦੀ ਮਰਜ਼ੀ ਦੇ ਉਲਟ ਮਨਮਰਜੀ ਕਰਨ ਦੀ ਕੋਈ ਮਿਸਾਲ ਨਹੀਂ ਮਿਲਦੀ। ਰਣਜੀਤ ਸਿੰਘ ਦਾ ਰਾਜ ਜਗੀਰੂ ਰਾਜ ਹੋਣ ਤੇ ਵੀ ਸੈਕੂਲਰ ਰਾਜ ਸੀ। ਉਸ ਵਿਚ ਕਿਸੇ ਧਰਮ ਜਾਤ, ਗੋਤ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਸੀ। ਇਸ ਤਰਾਂ ਸਮੁੱਚੇ ਪੰਜਾਬੀਆਂ ਦੇ ਇਕ ਕੌਮ ਹੋਣ ਲਈ ਰਾਹ ਪੱਧਰਾ ਕੀਤਾ।

ਸੁਤੰਤਰਤਾ ਸੰਗਰਾਮ ਸਮੇਂ ਸਾਮਰਾਜ ਵਿਰੁੱਧ ਸਿਰੜੀ ਸੰਘਰਸ਼ ਲੜਨ ਵਿਚ ਮੁੜ ਖਾਲਸਈ ਪਰੰਪਰਾਵਾਂ ਨੂੰ ਕਾਇਮ ਰਖਿਆ ਗਿਆ ਅਤੇ ਕੁਰਬਾਨੀਆਂ ਦੇ ਨਵੇਂ ਮਿਆਰ ਸਿਰਜੇ। ਵਿਦੇਸ਼ਾਂ ਵਿਚ ਰੋਟੀ ਰੋਜ਼ੀ ਦੀ ਭਾਲ ਵਿਚ ਗਏ ਸਧਾਰਨ ਸਿਖ ਉਥੋਂ ਸਿਰੜੀ ਸਾਮਰਾਜੀ ਵਿਰੋਧੀ ਹੋ ਕੇ ਦੇਸ਼ ਪਰਤੇ। ਫਾਸੀਆਂ, ਜੇਲ੍ਹਾਂ, ਕੁਰਕੀਆਂ ਉਹਨਾਂ ਨੂੰ ਡੁਲਾ ਨਾ ਸਕੇ। ਅੰਡੇਮਾਨ ਜੇਲ ਵਿਚ ਅਤਿ ਦੇ ਜਿਸਮਾਨੀ ਤਸੀਹੇ ਸਹਿ ਕੇ ਵੀ ਅਡੋਲ ਰਹੇ। ਵੈਲੂਰ ਜੇਲ ਵਿਚ ਬੰਦ ਮੋਪਲਾ ਬੱਚਿਆਂ ਨੂੰ ਰੋਟੀ ਦੇਣ ਬਦਲੇ ਬੁਢਾਪੇ ਵਿਚ ਵੀ ਕੋਰੜੇ ਤੇ ਬੈਂਤਾਂ ਖਾ ਕੇ ਭੁੱਖੇ ਨੂੰ ਰੋਟੀ ਦੇਣ ਦੀ ਪਰੰਪਰਾ ਕਾਇਮ ਰੱਖੀ। ਗੁਰਦਵਾਰਿਆਂ ਦੀ ਸ਼ਕਤੀ ਦਾ ਸੰਘਰਸ਼ ਅਰੰਭ ਕੇ ਸਾਮਰਾਜ ਨੂੰ ਬੇਨਕਾਬ ਕਰਨ ਦਾ ਮਹਾਨ ਕਾਰਜ ਕੀਤਾ। ਪਿਛੋਂ ਆਜ਼ਾਦ ਹਿੰਦ ਫੌਜ ਦੀ ਕਾਇਮੀ ਤੇ ਕਿਰਤੀ ਲਹਿਰ ਦੇ ਮੋਢੀ ਵੀ ਖਾਲਸਈ ਸਪਿਰਟ ਤੋਂ ਪ੍ਰੇਰਤ ਸਨ। ਇਹੋ ਕਾਰਨ ਸੀ ਕਿ ਭਾਈ ਸੰਤੋਖ ਸਿੰਘ ਨੇ ਪਹਿਲਾਂ ਰਸਾਲਾ ਕਿਰਤੀ ਕੱਢਣ ਸਮੇਂ ਦਰਬਾਰ ਸਾਹਿਬ ਜਾ ਕੇ ਮੁਖਵਾਕ ਲਿਆ ਤੇ ਕਿਰਤੀ ਤੇ ਮੱਥੇ ਤੇ ਲਿਖਿਆ। ਅੱਜ ਵੀ ਕਿਰਤੀ ਲਹਿਰ ਵਿਚ ਕੰਮ ਕਰਨ ਵਾਲੇ ਬਹੁਤੇ ਕਾਮੇ ਖਾਲਸੇ ਦੀ ਸਪਿਰਟ ਤੋਂ ਪ੍ਰਭਾਵਿਤ ਹਨ।

ਹੁਣ ਖਾਲਸੇ ਦੇ ਜਨਮ ਦੀ ਤੀਜੀ ਸ਼ਤਾਬਦੀ ਮਨਾਉਣ ਲਈ ਦੇਸ਼ਾਂ ਤੇ ਪਰਦੇਸ਼ਾਂ ਵਿਚ ਜਸ਼ਨ

ਮਨਾਏ ਜਾ ਰਹੇਂ ਹਨ। ਜਲੂਸ, ਭਵਨ ਤੇ ਹੋਰ ਅਡੰਬਰਾਂ ਉਤੇ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਮ ਲੇਵਾ ਅਥਾਹ ਪਦਾਰਥਕ ਪ੍ਰਾਪਤੀਆਂ ਦੇ ਮਾਲਕ ਹਨ ਉਹ ਅਥਾਹ ਪਦਾਰਥਕ ਕੁਰਬਾਨੀਆਂ ਕਰਨ ਦੇ ਸਮਰਥ ਹਨ। ਉਹ ਵੱਡੇ ਵੱਡੇ ਭਵਨ ਉਸਾਰ ਸਕਦੇ ਹਨ। ਇਹ ਸਾਰਾ ਕੁਝ ਬਾਹਰ ਮੁਖੀ ਆਡੰਬਰ ਤੇ ਜਲੌ ਹੈ। ਇਸ ਦਾ ਖਾਲਸਈ ਸਪਿਰਟ ਨਾਲ ਕੋਈ ਵਾਸਤਾ ਨਹੀਂ ਹੈ। ਅੱਜ ਲੋੜ ਆਤਮ ਚਿੰਤਨ ਦੀ ਹੈ। ਇਸ ਗੱਲ ਤੋਂ ਕੌਣ ਇਨਕਾਰੀ ਹੋ ਸਕਦਾ ਹੈ ਕਿ ਅੱਜ ਖਾਲਸਾ ਪੰਥ ਵੱਖ ਵੱਖਰੀਆਂ ਜਮਾਤਾਂ ਤੇ ਫਿਰਕਿਆਂ ਵਿਚ ਵੰਡਿਆਂ ਹੋਇਆ ਹੈ। ਇਸ ਵਿਚ ਜਮਾਤੀ ਵਿਤਕਰੇ ਹੀ ਨਹੀਂ ਹਨ ਬਲਕਿ ਪੁਰਾਣੇ ਬ੍ਰਾਹਮਣਵਾਦੀ ਵਹਿਮ ਭਰਮ ਤੇ ਵਿਤਕਰੇ ਕਾਇਮ ਹਨ। ਗੁਰਦੁਵਾਰੇ ਦੇ ਅੰਦਰ ਦਿਸਦੀ ਬਰਾਬਰੀ ਤੇ ਏਕਤਾ ਸਿੱਖ ਸਮਾਜ ਵਿਚ ਗਾਇਬ ਹੈ। ਜਿੰਨਾ ਨੀਵਿਆਂ ਨੂੰ ਗੁਰੂ ਨੇ ਬਰਾਬਰ ਦੇ ਦਸ ਕੇ ਗਲ ਲਾਇਆ ਸੀ, ਅਜ ਉਹ ਫਿਰ ਨੀਵੇਂ ਸਿੱਖ ਹੋ ਗਏ ਹਨ। ਉਹ ਮੁੜ ਬਰਾਬਰਤਾ ਦੀ ਭਾਲ ਵਿਚ ਨਵੇਂ ਧਰਮਾਂ ਤੇ ਉਪ ਧਰਮਾਂ ਵੱਲ ਜਾ ਰਹੇ ਹਨ। ਉਹਨਾਂ ਦਾ ਵਿਸ਼ਵਾਸ ਖਾਲਸਈ ਸਿਧਾਤਾਂ ਦੇ ਅਮਲ ਤੋਂ ਉਠ ਰਿਹਾ ਹੈ। ਅੱਜ ਸਿੱਖ ਸਮਾਜ ਵਿਚ ਜਮਾਤੀ ਵਿਤਕਰਾ ਸਿਖੀ ਦੇ ਅਸੂਲਾਂ, ਦਸਾਂ ਨੌਹਾਂ ਦੀ ਕਿਰਤ ਕਰਕੇ ਨਹੀਂ ਹੈ। ਬਲਕਿ ਸਿੱਖ ਧਨਾਡਾਂ ਵਲੋਂ ਗਲਤ ਢੰਗਾਂ ਨਾਲ ਪ੍ਰਾਪਤ ਕੀਤੇ ਧੰਨ ਕਾਰਨ ਹੈ। ਅੱਜ ਲੱਖਾਂ ਗਰੀਬ ਸਿੱਖ ਰੋਟੀ ਤੋਂ ਮਾਤਰ ਹਨ। ਉਹਨਾਂ ਨੂੰ ਨਾ ਕਿਰਤ ਕਰਨ ਦਾ ਅਵਸਰ ਮਿਲਦਾ ਹੈ ਨਾ ਹੀ ਕਿਰਤ ਦੀ ਕਦਰ ਹੈ। ਲੱਖਾਂ ਸਿੱਖ ਅੱਖਰ ਗਿਆਨ ਤੋਂ ਕੋਰੇ, ਗਿਆਨ ਵਿਹੂਣੇ ਹਨ। ਉਹ ਪਾਖੰਡੀ ਸਾਧਾਂ, ਅਖੌਤੀ ਸੰਤਾਂ, ਦੇਹਧਾਰੀ ਅਖੌਤੀ ਗੁਰੂਆਂ ਦੇ ਚੱਕਰ ਵਿਚੋਂ ਨਿਕਲਣ ਦੇ ਅਸਮਰਥ ਹਨ।

ਗੁਰਦੁਵਾਰਾ ਸੁਧਾਰ ਲਹਿਰ ਨੇ ਕੁੜੀਮਾਰ ਤੇ ਲੜੀ ਮਾਰ ਦੇ ਬਾਈਕਾਟ ਦਾ ਸੱਦਾ ਦਿੱਤਾ ਸੀ। ਅੱਜ ਘਰ ਘਰ ਕੁੜੀਆਂ ਮਾਰੀਆਂ ਜਾ ਰਹੀਆਂ ਹਨ। ਜਿਸ ਇਸਤਰੀ ਦੇ ਮਾਨ ਸਨਮਾਨ ਤੇ ਬਰਾਬਰਤਾ ਦੀ ਗਲ ਸਿਖ ਦਰਸ਼ਨ ਨੇ ਕੀਤੀ ਸੀ, ਉਹ ਸਿੱਖ ਸਮਾਜ ਵਿਚ ਪ੍ਰਚੱਲਤ ਨਹੀਂ ਹੈ। ਜਾਇਦਾਦ ਦੀ ਵੰਡ ਤੇ ਹਰ ਖੇਤਰ ਵਿਚ ਵਿਤਕਰਾ ਕੀਤਾ ਜਾ ਰਿਹਾ ਹੈ। ਆਪੇ ਸਿੱਖ ਧਾਰਾ ਵਿਚ ਇਸਤਰੀ ਨੀਵੇਂ ਦਰਜੇ ਦੀ ਸ਼ਹਿਰੀ ਹੈ। ਅੱਜ ਵੀ ਭਾਂਡੇ ਮਾਜਣ, ਕਪੜੇ (ਕਛਹਿਰੇ) ਧੋਣੇ, ਬੂਟ ਪਾਲਸ਼ ਕਰਨੇ ਉਸ ਲਈ ਰਾਖਵੇਂ ਹਨ।

ਖਾਲਸੇ ਦੀ ਸਾਜਣਾ ਸਮੇਂ ਵਿਚ ਅਕਾਲ ਪੁਰਖ ਨੂੰ ਮੰਨਣ, ਹੋਰ ਦੇਹਧਾਰੀਆਂ ਨੂੰ ਗੁਰੂ ਨਾ ਮੰਨਣ, ਮੜ੍ਹੀ ਮਸਾਣੀ, ਬੁੱਤ ਪੂਜਾ ਦੀ ਮਨਾਹੀ ਕੀਤੀ ਸੀ। ਉਹ ਸਭ ਕੁਝ ਪ੍ਰਚੱਲਤ ਹੈ। ਤਸਵੀਰਾਂ ਗੁਰਦਵਾਰਿਆਂ ਤੇ ਘਰਾਂ ਵਿਚ ਲਾਈਆਂ ਜਾਂਦੀਆਂ ਹਨ ਤੇ ਪੂਜੀਆਂ ਜਾਂਦੀਆਂ ਹਨ। ਅੱਜ ਧੰਨ ਬਾਬਾ ਬੁੱਢਾ ਜੀ ਇਸ ਕਰਕੇ ਨਹੀਂ ਕਿਹਾ ਜਾਂਦਾ ਕਿ ਉਹ ਗੁਰੂ ਘਰ ਦਾ ਸੱਚਾ ਸੇਵਕ ਸੀ ਬਲਕਿ ਇਸ ਲਈ ਪੂਜਿਆ ਜਾਂਦਾ ਹੈ ਕਿ ਉਹ ਗੁਰੂਆਂ ਨੂੰ ਤਿਲਕ ਦੇਣ ਵਾਲਾ ਰੰਧਾਵਾ ਜੱਟ ਸੀ। ਸਧਾਰਨ ਸਾਧਾਂ ਸੰਤਾਂ ਨੂੰ ਗੁਰੂਆਂ ਤੋਂ ਵੱਧ ਮਾਨਤਾ ਪ੍ਰਾਪਤ ਹੈ। ਸਿੱਖ ਸਮਾਜ ਸ਼ਰਾਬ ਪੀਣ ਤੇ ਹੋਰ ਨਸ਼ਿਆਂ ਵਿਚ ਗ੍ਰਸਤ ਹੈ। ਕੁਰਿਹਤਾਂ ਹੁਣ ਰਹਿਤਾਂ ਦਾ ਸਥਾਨ ਪ੍ਰਾਪਤ ਕਰ ਗਈਆਂ ਹਨ। ਜਿਸ ਪੂਜਾ ਦੇ ਧੰਨ ਨੂੰ ਗੁਰੂ ਗੋਬਿੰਦ ਸਿੰਘ ਨੇ ਸਰਸਾ ਨਦੀ ਵਿਚ ਰੋੜ੍ਹ ਦਿੱਤਾ ਸੀ ਤੇ ਧੰਨ ਹੜੱਪਣ ਵਾਲੇ ਮਸੰਦਾਂ ਨੂੰ ਸਾੜਿਆ ਸੀ, ਉਹੋ ਧੰਨ ਅੱਜ ਸਿੱਖ ਭਾਈਚਾਰੇ ਨੂੰ ਖੇਰੂੰ ਖੇਰੂੰ ਕਰਨ ਦਾ ਕਾਰਨ ਬਣਿਆ ਹੋਇਆ ਹੈ। ਸਰਬਤ ਦੇ ਭਲੇ ਦੀ ਗੱਲ ਕਰਨ ਵਾਲੇ ਸਿੱਖ ਅੱਜ ਕੇਵਲ ਆਪਣਾ ਭਲਾ ਹੀ ਸੋਚਦੇ ਹਨ।

ਇਤਿਹਾਸ ਗਵਾਹ ਹੈ ਕਿ ਰੂਹਾਨੀ ਸਭਿਆਚਾਰ ਦੇ ਖਾਤਮੇ ਉਪਰੰਤ ਬਾਹਰਮੁਖੀ ਸਭਿਆਚਾਰ ਬਹੁਤੀ ਦੇਰ ਜਿਊਂਦਾ ਨਹੀਂ ਰਹਿੰਦਾ। ਬੁੱਧ ਧਰਮ ਕਿਸੇ ਸਮੇਂ ਸਾਰੇ ਦੇਸ਼ ਦਾ ਧਰਮ ਤੇ ਸਰਕਾਰੀ ਧਰਮ ਦਾ ਦਰਜਾ ਰਖਦਾ ਸੀ। ਉਸ ਸਮੇਂ ਵੱਡੇ ਮੰਦਰ, ਵਿਹਾਰ ਤੇ ਮਹਿਲ ਉਸਾਰੇ ਗਏ। ਪਰੰਤੂ ਅੱਜ ਉਹ ਖਾਲੀ ਪਏ ਹਨ। ਉਹ ਕੇਵਲ ਲੋਕ ਭਵਨ ਉਸਾਰੀ ਦੇਖਣ ਜਾਂਦੇ ਹਨ, ਮੱਥਾ ਟੇਕਣ ਲਈ ਨਹੀਂ।

ਇਸ ਸਮੇਂ ਯਹੂਦੀ ਸੰਸਾਰ ਵਿਚ ਸਭ ਤੋਂ ਛੋਟੀ ਫਿਰਕੂ ਇਕਾਈ ਹੈ। ਪ੍ਰੰਤੂ ਉਹਨਾਂ ਨੇ ਆਪਣੀ ਬੋਲੀ ਤੇ ਰੂਹਾਨੀ ਕਲਚਰ ਨੂੰ ਕਾਇਮ ਰੱਖਣ ਦੇ ਉਪਰਾਲੇ ਕੀਤੇ ਹਨ। ਹਰ ਯਹੂਦੀ ਬੱਚਾ ਹੈਬਰੀਊ ਅਵੱਸ਼ ਪੜ੍ਹਦਾ ਹੈ। ਇਸ ਲਈ ਅੱਜ ਖਾਲਸੇ ਦੀ ਤੀਜੀ ਜਨਮ ਸ਼ਤਾਬਦੀ ਦੇ ਅਵਸਰ ਤੇ ਬਾਹਰ ਮੁਖੀ ਦਆਵੇ ਕਰਨ ਤੇ ਵੱਡੇ ਵੱਡੇ ਭਵਨ ਉਸਾਰਨ ਦੀ ਥਾਂ ਆਤਮ ਚਿੰਤਨ ਦੀ ਲੋੜ ਹੈ। ਹਕੀਕਤ ਵਿਚ ਰੂਹਾਨੀ ਖਾਲਸਈ ਸਭਿਆਚਾਰ ਉਸਾਰਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ◆





ਕੰਵਲਜੀਤ ਭੁੱਲਰ

## 1. ਅਜੇ ਮਨ ਉਦਾਸ ਹੈ?

ਠਹਿਰ ਜ਼ਰ੍ਹਾ
ਆ ਲੈਣ ਦੇ ਕੋਈ ਐਸੀ ਹਵਾ
ਜਿਸ ਵਿੱਚ ਮਰਜ਼ੀ ਨਾਲ ਜੀਣ ਦੇ ਹੱਕ ਦਾ ਕੋਈ ਸੁਨੇਹਾ ਹੋਵੇ
ਜ਼ਿਹਨ ਦੀ ਸੋਚ ਨੂੰ ਰਿਹਾਈ ਦਾ ਹੁਕਮ ਹੋਵੇ
ਪੈਰਾਂ ਨੂੰ ਭਟਕਣ ਤੋਂ ਮਨਾਹੀ ਲਈ ਸਲਾਹ ਹੋਵੇ
ਤੇ ਜ਼ਿੰਦਗੀ ਨੂੰ ਉਮਰ ਦੇ ਖਿਲਾਫ਼ ਸਾਜ਼ਿਸ਼ ਰਚਣ ਦੇ ਸੰਮਣ ਹੋਣ
ਫੇਰ ਕਰਾਂਗੇ ਆਪਾਂ ਕੋਈ ਮੁਸਕਰਾਉਣ ਦੀ ਗੱਲ
ਅਜੇ ਮਨ ਉਦਾਸ ਹੈ?
ਠਹਿਰ ਜ਼ਰ੍ਹਾ
ਆ ਲੈਣ ਦੇ ਕੋਈ ਐਸਾ ਮੌਸਮ
ਜਿਸ ਵਿੱਚ ਪੱਤੇ ਝੜਨ ਤਾਂ ਸਿਰਫ਼ ਨਫ਼ਰਤ ਦੇ
ਬਰਸਾਤਾਂ ਹੋਣ ਤਾਂ ਬੱਸ ਮੋਹ ਭਿੱਜੀਆਂ
ਜਿਸ ਵਿੱਚ ਵਤਨ ਦੀ ਅਸ਼ਾਂਤੀ ਵਰਗੀ ਕੋਈ 'ਨ੍ਹੇਰੀ ਨਾ ਝੁੱਲੇ
ਤੇ ਕਿਸੇ ਧਰਮ-ਜ਼ਾਤ ਦੇ ਬੱਦਲ ਨਾ ਕੜਕਣ
ਫ਼ੇਰ ਕਰਾਂਗੇ ਆਪਾਂ ਕੋਈ ਮੁਕਰਾਉਣ ਦੀ ਗੱਲ
ਅਜੇ ਮਨ ਉਦਾਸ ਹੈ?
ਠਹਿਰ ਜ਼ਰ੍ਹਾ
ਆ ਤਾਂ ਲੈਣ ਦੇ ਇਕੱਠਿਆਂ ਤੁਰਨ ਦਾ ਵਕਤ
ਹਾਲੇ ਤਾਂ ਰਾਹਾਂ 'ਚ ਮੌਜ ਨਹੀਂ ਬਰੂਦ ਹੈ
ਹਾਲੇ ਅੱਖਾਂ ਦਾ ਗਰਭ ਬਾਂਝ ਹੈ, ਸੁਪਨੇ ਨਹੀਂ ਜੰਮਦਾ
ਅਜੇ ਤਾਂ ਆਪਾਂ ਬਹੁਤ ਕੁਝ ਉਡੀਕਣਾ ਹੈ
ਜਿਵੇਂ...
ਸੜਕਾਂ ਬੰਨਿਆਂ 'ਤੇ ਪਈਆਂ ਲਾਸ਼ਾਂ ਦੀ ਮਰਦਮ-ਸ਼ੁਮਾਰੀ
ਨੈਣਾਂ 'ਚ ਆਏ ਹੜ੍ਹਾਂ ਦੀ ਰੋਕਥਾਮ ਲਈ-ਸਰਕਾਰੀ ਫੈਸਲੇ
ਬਾਹਰ ਬੂਹੇ 'ਚ ਖੜੋਕੇ-ਸੋਚ ਰਹੀ ਖੁਸ਼ੀ ਦੀ ਪਦਚਾਪ
ਘਰ-ਘਰ 'ਚ ਸੱਚੀਂ-ਮੁੱਚੀਂ ਦੇ ਹਾਸਿਆਂ ਦੀ ਬਿੜਕ
ਜੰਗਲ ਹੋ ਗਏ ਮਨਾਂ 'ਚ ਉੱਗਦੇ ਬਾਗ਼
ਤੇ ਹੋਰ ਵੀ ਕਿੰਨਾ ਕੁਝ??
ਤਾਂਹੀਓਂ ਤਾਂ ਆਖਦਾ ਹਾਂ
ਠਹਿਰ ਜਾ ਜ਼ਰਾ
ਪਹਿਲਾਂ-ਢਾਹੇ ਗਏ ਮੰਦਿਰ ਦੀ ਧੂੜ ਬਹਿ ਲੈਣ ਦੇ
ਪਹਿਲਾਂ ਸਾੜੀ ਗਈ ਮਸਜਿੱਦ ਦੀ ਅੱਗ ਬੁਝ ਲੈਣ ਦੇ
ਪਹਿਲਾਂ ਡੁੱਲ੍ਹੇ ਲਹੂ ਦੀ ਸ਼ਨਾਖ਼ਤ ਹੋ ਲੈਣ ਦੇ
ਪਹਿਲਾਂ ਇਨਸਾਨ ਨੂੰ ਜਾਨਵਰ ਦੇ ਖੋਲ 'ਚੋਂ ਨਿੱਕਲ ਆਉਣ ਦੇ।
ਫੇਰ ਚੱਲਾਂਗੇ
ਤੇ ਰਾਹ 'ਚ ਹੀ ਕਰ ਲਵਾਂਗੇ ਕੋਈ ਮੁਸਕਰਾਉਣ ਦੀ ਗੱਲ???
ਪਰ ਅਜੇ ਮਨ ਉਦਾਸ ਹੈ???

### ਮਹਾਂਬੀਰ ਸਿੰਘ ਦਰਦੀ

(1)

ਗ਼ਜ਼ਲ ਮੇਰੀ ਜਦੋਂ ਹਰ ਪੀੜ ਦੇ ਇਜ਼ਹਾਰ ਤੱਕ ਪਹੁੰਚੀ
ਕਹਾਣੀ ਸ਼ੌਕ ਮੇਰੇ ਦੀ ਅਚਾਨਕ ਦਾਰ ਤੱਕ ਪਹੁੰਚੀ

ਤਮੰਨਾ ਜ਼ਿੰਦਗੀ ਦੀ ਰੋਹ ਭਰੀ ਵੰਗਾਰ ਤੱਕ ਪਹੁੰਚੀ
ਅਵਾਮੀ ਵੇਦਨਾ ਪਰ ਕਦ ਕਿਸੇ ਸਰਕਾਰ ਤੱਕ ਪਹੁੰਚੀ

ਕਦੀਮੀ ਸਾਂਝ ਵੇਖੋ ਅੱਜ 'ਕੰਡਿਆਲੀ-ਤਾਰ' ਤੱਕ ਪਹੁੰਦੀ
ਅਮਲ ਦੀ ਬਾਤ ਸੀ ਜਿਹੜੀ ਨਿਰੇ ਪ੍ਰਚਾਰ ਤੱਕ ਪਹੁੰਦੀ

ਕਥਾ ਖ਼ੁਸ਼ਹਾਲ ਜੀਵਨ ਤੇ ਸਰਬ-ਕਲਿਆਣ ਦੀ ਯਾਰੋ!
ਅਜੇ ਤੀਕਰ ਨਹੀਂ ਮਜ਼ਦੂਰ ਦੇ ਲੰਗਾਰ ਤੱਕ ਪਹੁੰਚੀ

ਸੁਦੇਸ਼ੀ ਦਾ ਨਵਾਂ ਇਤਿਹਾਸ 'ਮੁਦਰਾ-ਕੋਸ਼' ਨੇ ਲਿਖਿਐ
ਕਿਵੇਂ ਹਰ ਯੋਜਨਾ ਸਾਡੀ ਉਹਦੀ ਹਰ ਮਾਰ ਤੱਕ ਪਹੁੰਚੀ

ਬੜੇ ਸੰਚਾਰ ਦੇ ਸਾਧਨ ਨਵੀਂ ਤਕਨੀਕ ਨੇ ਕੱਢੇ
ਦਿਲਾਂ ਦੀ ਪੀੜ ਨਾ ਐਪਰ ਕਿਸੇ ਸੰਚਾਰ ਤੱਕ ਪਹੁੰਚੀ

ਕਲਮ ਮੇਰੀ ਮੁਹੱਬਤ ਤੇ ਅਮਨ ਦੇ ਗੀਤ ਲਿਖ-ਲਿਖ ਕੇ
ਸੁਨੇਹੇ ਦੋਸਤੀ ਦੇ ਲੈ ਕੇ 'ਵਾਘਿਉਂ-ਪਾਰ' ਤੱਕ ਪਹੁੰਚੀ

ਤਰੱਕੀ ਦੇਸ਼ ਦੀ ਹਾਲੇ ਤਾਂ ਕਛੂਏ ਵਾਂਗ ਚਲਦੀ ਹੈ
ਕਦੋਂ 'ਦਰਦੀ' ਅਜੋਕੇ ਦੌਰ ਦੀ ਰਫ਼ਤਾਰ ਤੱਕ ਪਹੁੰਚੀ

(2)

ਬੜਾ ਅਥਰਾ ਸੁਭਾਅ ਮੇਰਾ ਕਦੀ ਕੁਝ ਮਚਲ ਜਾਵਾਂਗਾ
ਗ਼ਜ਼ਲ ਗਾ ਕੇ ਸਮੇਂ ਦੀ ਤੋਰ ਨੂੰ ਮੈਂ ਬਦਲ ਜਾਵਾਂਗਾ

ਦਹਾਨਾਂ ਸੂਰਜਾਂ ਦਾ ਹਾਂ, ਹਨ੍ਹੇਰੇ ਨਿਗਲ ਜਾਵਾਂਗਾ
ਬਣਾ ਕੇ ਖ਼ੂਬਸੂਰਤ ਸ਼੍ਰਿਸ਼ਟੀ ਇਹ ਸਗਲ ਜਾਵਾਂਗਾ

ਸਮੇਂ ਦੇ ਹਰ ਵਲੇਵੇਂ ਨੂੰ ਬਣਾਉਂਦਾ ਸਰਲ ਜਾਵਾਂਗਾ
ਸ਼ੁਆ ਵਾਂਗੂੰ ਗ਼ਮਾਂ ਦੀ ਧੁੰਦ ਵਿੱਚੋਂ ਨਿਕਲ ਜਾਵਾਂਗਾ

ਮਿਲੇ ਮਾਯੂਸ ਮਾਨਵ ਨੂੰ ਨਵਾਂ ਅਹਿਸਾਸ ਜੀਵਨ ਦਾ
ਸਿਤਮ ਦੀ ਨੀਂਦ ਵਿੱਚ ਪਾ ਕੇ ਅਜਿਹਾ ਖ਼ਲਲ ਜਾਵਾਂਗਾ

ਨਵੇਂ ਯੁਗ ਦਾ ਨਵਾਂ ਰਸਤਾ ਰਹੇਗਾ ਸਾਫ਼ ਰੋਕਾਂ ਤੋਂ
ਚਟਾਨਾਂ ਨੂੰ ਬਣਾ ਕੇ ਆਬ ਵਾਂਗੂੰ ਤਰਲ ਜਾਵਾਂਗਾ

ਕਿਸੇ ਲਾਵੇ ਜਿਹਾ ਮਘਦਾ ਸੂਹਾ ਜਜ਼ਬਾਤ ਹਾਂ ਯਾਰੋ!
ਮਤਾਂ ਸਮਝੋ ਸਮੇਂ ਦੀ ਤਪਸ਼ ਅੰਦਰ ਪਿਘਲ ਜਾਵਾਂਗਾ

ਮਿਟਾ ਕੇ ਹੋਂਦ ਮਿਥਹਾਸਕ ਮਿੱਥਾਂ, ਰੀਤੀ-ਰਿਵਾਜਾਂ ਦੀ
ਨਵਾਂ ਕਲਿਆਣਕਾਰੀ 'ਦਰਦੀ' ਦੇ ਕੇ ਬਦਲ ਜਾਵਾਂਗਾ।

**(ਪਿੰਡ+ਡਾਕਖਾਨਾ ਟਿੱਬਾ (ਕਪੂਰਥਲਾ)**



### ਡਾ. ਸਿਕੰਦਰ ਭੱਟੀ

* ਸ਼ੋਰ ਅੱਥਰੇ ਵਿਚ ਸਫ਼ਰ ਅਪਣਾ ਮੁਕਾਊਗੀ ਨਦੀ।
  ਮਸਤ ਹੋ ਕੇ ਉਹ ਸਮੁੰਦਰ ਵਿੱਚ ਸਮਾਊਗੀ ਨਦੀ।
* ਇਸਦੇ ਚੰਚਲ ਨਾਜ਼-ਨਖ਼ਰੇ ਇਸਦੀ ਬਣਦੇ ਨੇ ਕਜ਼ਾ,
  ਆਪਣੀ 'ਹਉਮੈਂ' 'ਚ ਆਪੇ ਮੁੱਕ ਜਾਊਗੀ ਨਦੀ।
* ਡੋਲਦਾ ਦੀਵਾ ਨਦੀ ਦੀ ਮੌਜ਼ ਤੇ ਜੋ ਤਰ ਰਿਹਾ,
  ਉਸ ਤਾਂਈ ਨਾ ਹਵਾ ਤੇ ਨਾ ਬੁਝਾਊਗੀ ਨਦੀ।
* ਆਪਣੇ ਹੀ ਕੰਢਿਆਂ ਨੂੰ ਆਪ ਹੀ ਇਹ ਖੋਰਕੇ,
  ਆਪ ਹੀ ਇਹ ਗੀਤ ਗ਼ਮ ਦੇ ਫਿਰ ਤੋਂ ਗਾਊਗੀ ਨਦੀ।
* ਥਲ ਦੇ ਅੰਦਰ ਥਲ ਹੀ ਜਿਹੜੀ ਬਣ ਗਈ ਹੈ ਦੋਸਤੋ,
  ਤਪ ਰਹੇ ਇਸ ਥਲ ਦੀ ਕੀਕਣ ਤੇਹ ਬੁਝਾਊਗੀ ਨਦੀ।
* ਆਪਣਾ ਹੀ ਅਕਸ ਆਪਣੇ ਪਾਣੀਆਂ ਵਿੱਚ ਵੇਖ ਕੇ,
  ਆਪਣੀ ਹੋਂਦ ਤਾਂਈ ਫਿਰ ਗਵਾਊਗੀ ਨਦੀ।
* ਸ਼ੀਸ਼ਿਆਂ ਦਾ ਜਿਸਮ ਹੋਵੇ ਜਾਂ ਹੋਵੇ ਪੱਥਰ ਦਾ ਇਹ,
  ਠੋਹਕਰਾਂ ਇੱਕੋ ਜਿਹੀਆਂ ਸਭ ਨੂੰ ਲਗਾਊਗੀ ਨਦੀ।

**ਸੈਦਪੁਰ ਰੋਡ, ਸ਼ਾਹਕੋਟ (ਜਲੰਧਰ)**

### ਅਮਰਦੀਪ ਸੰਧਾਵਾਲੀਆ

(1)

ਬਸਤੀ ਦੇ ਲੋਕਾਂ ਤੋਂ ਉੱਠਿਆ ਸਾਡਾ ਹੁਣ ਵਿਸ਼ਵਾਸ ਜਿਹਾ,
ਮਨ ਵਿੱਚ ਲਾ ਕੇ ਜੰਗਲ ਆਪਾਂ ਕੱਟਦੇ ਹਾਂ ਬਨਵਾਸ ਜਿਹਾ।

ਘਰ ਨੂੰ ਹੁਣ ਜ਼ਰਬਾਂ ਤਕਸੀਮਾਂ ਜੇਬਾਂ ਅੰਦਰ ਦੇਂਦੇ ਹਾਂ,
ਬਿਸਤਰ ਤੇ ਵੀ ਹੋਵੇ ਅਕਸਰ ਦਫ਼ਤਰ ਦਾ ਅਹਿਸਾਸ ਜਿਹਾ।

ਹੁਸਨ ਤੇਰੇ ਦੇ ਪਰ ਨਿਕਲਣ ਤੇ ਮੈਨੂੰ ਤਾਂ ਡਰ ਹੈ ਲਗਦਾ,
ਨਾਲ ਪਰਾਂ ਦੇ ਜੁੜਿਆ ਕਿਉਂ ਕੇ ਹਰ ਵੇਲੇ ਪਰਵਾਸ ਜਿਹਾ।

ਮਿਰਜ਼ੇ ਵਾਂਗ ਭਜਾ ਕੇ ਤੈਨੂੰ ਲੈ ਜਾਵਾਂ ਤੇ ਮਰ ਜਾਵਾਂ,
ਮੁੰਦਰਾਂ ਪਾ ਕੇ ਭਸਮ ਰਮਾ ਕੇ ਲੈਣਾ ਕੀ ਸੰਨਿਆਸ ਜਿਹਾ।

ਤੇਰੇ ਮੁੱਖ ਤੋਂ ਮਿਲਿਆ ਮੈਨੂੰ ਚਾਨਣ ਦਾ ਸਿਰਨਾਵਾਂ ਸੀ,
ਜ਼ੁਲਫ਼ ਤੇਰੀ 'ਚੋਂ ਪੜ੍ਹਿਆ ਸੀ ਮੈਂ ਰਾਤਾਂ ਦਾ ਇਤਿਹਾਸ ਜਿਹਾ।

ਹਰ ਕੋਨਾ ਮੇਰੇ ਕਮਰੇ ਦਾ ਰੋਸ਼ਨ ਰੋਸ਼ਨ ਹੋਇਆ ਹੈ,
ਧੁੱਪ ਦੀ ਕਾਤਰ ਪਹਿਨ ਕੇ ਆਈ ਜਾਲੀਦਾਰ ਲਿਬਾਸ ਜਿਹਾ।

ਚਾਰ-ਚੁਫ਼ੇਰੇ ਤੇਰੀ ਮੇਰੀ ਚਰਚਾ ਲੋਕੀਂ ਨੇ ਕਰਦੇ,
ਆਮ ਜਿਹੇ ਲੋਕਾਂ ਨੂੰ ਮਿਲਿਆ ਮੁੱਦਾ ਹੈ ਇਹ ਖਾਸ ਜਿਹਾ।

ਦੁਰਘਟਨਾਵਾਂ ਹੌਕੇ, ਹੰਝੂ ਹਾਵਾਂ ਚਾਰ ਦਿਸ਼ਾਵਾਂ ਨੇ,
ਕਿਸ ਪਾਸੇ ਮੈਂ ਜਾ ਕੇ ਦੇਵਾਂ ਖ਼ੁਦ ਨੂੰ ਇਕ ਧਰਵਾਸ ਜਿਹਾ।

'ਅਮਰ' ਲੜਾਈ ਮਹਿਫ਼ਿਲ ਦੇ ਵਿਚ ਰੋਜ਼ ਕਰੇ ਤੇ ਰੋਜ਼ ਕਹੇ,
ਚੁੱਕ ਲੈ ਆਪਣੀ ਬੋਤਲ ਸਾਕੀ ਚੁੱਕ ਲੈ ਮੇਜ਼ ਗਿਲਾਸ ਜਿਹਾ।

(2)

ਬਾਗ਼ 'ਚੋਂ ਫੁੱਲ ਨੂੰ ਤੋੜਨਾ ਹੈ ਮਨ੍ਹਾ ਪਰ ਚਲੋ ਤੋੜ ਕੇ ਵੇਖਦੇ ਹਾਂ ਭਲਾ,
ਹੋ ਕੇ ਹੁਣ ਮਾਲੀਆਂ ਨੂੰ ਮੁਖ਼ਾਤਿਬ ਚਲੋ ਇਨਕਲਾਬੀ ਗ਼ਜ਼ਲ ਛੇੜਦੇ ਹਾਂ ਭਲਾ।

ਜੇਠ ਦੀ ਲੂ ਕਦੋਂ ਦੀ ਗਈ ਬੀਤ ਹੈ, ਸਿਰ 'ਤੇ ਵਗਦੀ ਪਈ ਹੁਣ ਹਵਾ ਸੀਤ ਹੈ,
ਸਰਦੀਆਂ ਦੀ ਠਰ੍ਹੀ ਰਾਤ ਵਿੱਚ ਬਾਲ ਕੇ ਚੇਤਿਆਂ ਨੂੰ ਜ਼ਰਾ ਸੇਕਦੇ ਹਾਂ ਭਲਾ।

ਮੁਖ਼ਬਰਾਂ ਦੀ ਸ਼ਰਾਰਤ ਮੁਸੀਬਤ ਬਣੀ, ਜਦ ਮੁਹੱਬਤ ਅਸਾਡੀ ਜ਼ਰੂਰਤ ਬਣੀ,
ਢੰਗ ਕੋਈ ਨਾ ਕੋਈ ਬਗ਼ਾਵਤ ਲਈ ਬੈਠ ਕੇ ਦੋਸਤਾ ਸੋਚਦੇ ਹਾਂ ਭਲਾ।

ਖ਼ਾਬ ਆਇਆ ਕੇ ਉਹ ਬੇਵਫ਼ਾ ਹੋ ਗਿਆ, ਮੈਲਾ ਉਸਦੀ ਵਫ਼ਾ ਦਾ ਸਫ਼ਾ ਹੋ ਗਿਆ,
ਚਿੱਠੀਆਂ ਨਾਲ ਸੰਦੂਕ ਭਰਿਆ ਪਿਆ, ਉੱਠ ਕੇ, ਖੋਲ੍ਹ ਕੇ ਫੋਲਦੇ ਹਾਂ ਭਲਾ।

ਰਿਸ਼ਤਿਆਂ 'ਚੋਂ ਸਦਾ ਬੇਵਿਸਾਹੀ ਮਿਲੀ, ਉਮਰ ਸਾਰੀ ਅਸਾਨੂੰ ਤਬਾਹੀ ਮਿਲੀ,
ਜ਼ਿੰਦਗੀ ਨਾਮ ਦੀ ਚੀਜ਼ ਹੁੰਦੀ ਹੈ ਕੀ, ਸ਼ਬਦ ਕੋਸ਼ਾਂ 'ਚ ਹੀ ਭਾਲਦੇ ਹਾਂ ਭਲਾ।

**(ਆਕਾਸ਼ਵਾਣੀ-ਬਠਿੰਡਾ)**

### ਨਿਰਮਲ ਪ੍ਰਸੰਨ

ਏਧਰ ਬਹਾਰ ਯਾਰੋ, ਉਧਰ ਉਜਾੜ ਯਾਰੋ।
ਪਾਉਂਦੇ ਨੇ ਹਾਰ ਜਿਹੜੇ, ਮਾਰਨ ਕਟਾਰ ਯਾਰੋ।
ਘੁੱਗੀ ਹੈ ਕਤਲ ਹੁੰਦੀ, ਸ਼ਿਕਰੇ ਦੇ ਪੰਜਿਆਂ ਤੋਂ,
ਖੁਸ਼ਬੂ ਉਧਾਲ ਜਾਵਣ ਜ਼ਿਹਨੀ ਬੀਮਾਰ ਯਾਰੋ।
ਅੰਨ੍ਹੇ ਗਰੂਰ ਵਾਲੇ, ਮੰਨਦੇ ਨਾ ਤਰਕ ਕੋਈ,
ਨਫ਼ਰਤ ਦੇ ਜਾਲ ਪਾਂਦੇ ਕਰਕੇ ਪਿਆਰ ਯਾਰੋ।
ਟੀ.ਵੀ. ਦੀ ਐਡ ਬਣਗੀ ਜੋ ਸੀ ਸ਼ਿੰਗਾਰ ਘਰ ਦਾ,
ਨੰਗੇ ਉਭਾਰ ਕਰਦੇ ਆਪਾ ਖੁਆਰ ਯਾਰੋ।
ਹਸਦਾ ਸੀ ਨਿੱਤ ਜਿਹੜਾ ਦੂਜੀ ਦੀ ਬੇਬਸੀ ਤੇ,
ਅੰਤਮ ਸਮੇਂ ਉਹ ਹੁੰਦਾ ਖ਼ੁਦ ਸ਼ਰਮਸ਼ਾਰ ਯਾਰੋ।
ਕਿਹੜਾ ਹੈ ਰੋਕ ਸਕਦਾ ਨ੍ਹੇਰੇ 'ਚ ਜੁਗਨੂੰਆਂ ਨੂੰ,
ਉਡਦੀ ਹੈ ਮਹਿਕ ਫੁੱਲਾਂ ਦੀ ਜੂਹਾਂ ਤੋਂ ਪਾਰ ਯਾਰੋ।
ਗ਼ਜ਼ਲਾਂ 'ਚ ਮੁੱਲ ਪੈਂਦਾ ਰਮਜ਼ਾਂ ਇਸ਼ਾਰਿਆਂ ਦਾ,
ਕੁੱਜੇ 'ਚ ਬੰਦ ਸਾਗਰ ਬਣਦੈ ਸ਼ਿੰਗਾਰ ਯਾਰੋ।

### ਗ਼ਜ਼ਲ/ਕਸ਼ਮੀਰ ਨੀਰ

(1)

ਅਸਾਥੋਂ ਬੇਜ਼ਮੀਰ ਮਹੌਲ ਵਿੱਚ ਵੱਸਿਆ ਨਹੀਂ ਜਾਂਦਾ,
ਕਿਵੇਂ ਜਾਂਦੀ ਏ ਪੱਛੀ ਆਤਮਾ ਦੱਸਿਆ ਨਹੀਂ ਜਾਂਦਾ।

ਜਦੋਂ ਇਨਸਾਨ ਚੋਂ ਇਨਸਾਨੀਅਤ ਹੀ ਮਰ ਮੁੱਕ ਜਾਵੇ,
ਉਦੋਂ ਰੋਇਆ ਨਹੀਂ ਜਾਂਦਾ ਅਤੇ ਹੱਸਿਆ ਨਹੀਂ ਜਾਂਦਾ।

ਬਣੇ ਬੇ-ਗ਼ੈਰਤੇ ਤਾਂ ਉਹ, ਸ਼ਰਮ ਆਉਂਦੀ ਅਸਾਨੂੰ ਹੈ,
ਉਨ੍ਹਾਂ ਤੇ ਬੇ-ਅਸਰ ਹਰ ਤੀਰ ਕਿ ਕੱਸਿਆ ਨਹੀਂ ਜਾਂਦਾ।

ਖੁਭੇ ਖੇਹ-ਖਿੰਝ ਦੀ ਦਲਦਲ 'ਚ ਸਾਰੇ ਹੀ, ਮਗਰ ਸਾਥੋਂ,
ਕਿਸੇ ਕੀਮਤ ਉਤੇ ਇਸ ਗੰਦ ਵਿੱਚ ਧਸਿਆ ਨਹੀਂ ਜਾਂਦਾ।



ਬਥੇਰਾ ਜ਼ੋਰ ਇਹ ਵੀ ਕਰਦੀਆਂ ਸਾਗਰ ਦੇ ਤੱਟਾਂ ਤੇ,
ਫੁਹਾਰਾਂ ਤੋਂ ਦੁਰਾਡੇ ਥਲਾਂ ਤੇ ਵੱਸਿਆ ਨਹੀਂ ਜਾਂਦਾ।

ਅਜੇ ਤਕ ਜੀਣ ਵਿਚੋਂ ਜੀਣ ਵਰਗਾ ਕੁਝ ਨਹੀਂ ਲੱਭਾ,
ਕਦੇ ਵੀ ਜ਼ਿੰਦਗੀ ਤੋਂ 'ਨੀਰ', ਪਰ ਨੱਸਿਆ ਨਹੀਂ ਜਾਂਦਾ।

(2)

ਘਰ ਵਿੱਚ ਖਿਲਾਰੀ ਨਾ ਫਿਰੋ ਥਾਂ-ਥਾਂ ਤੇ ਨੰਗੀਆਂ ਹਸਰਤਾਂ।
ਕੋਨੇ ਕਿਸੇ ਵਿੱਚ ਰਹਿਣ ਦੇ ਕਿੱਲੀ ਤੇ ਟੰਗੀਆਂ ਹਸਰਤਾਂ।

ਇਕ ਦਿਨ ਵਿਆਹੀਆਂ ਸਾਰੀਆਂ ਹੀ ਜਾਣ ਨਾਲ ਯਥਾਰਥਾਂ
ਜੋ ਜਾਂਦੀਆਂ ਹਨ ਸੁਪਨਿਆਂ ਦੇ ਨਾਲ ਮੰਗ੍ਹੀਆਂ ਹਸਰਤਾਂ।

ਫੁਲ ਲਾਟ ਬਣ-ਬਣ ਕੇ ਬਲੇ, ਅੰਗਿਆਰ ਫੁਲ ਬਣ ਖਿੜ ਪਏ
ਜਦ ਦਿਲ ਦੀਆਂ ਗਲੀਆਂ ਵਿਚੋਂ ਬਣ ਠਣ ਕੇ ਲੰਘੀਆਂ ਹਸਰਤਾਂ।

ਹੁਣ ਮਿਹਨਤਾਂ ਦੇ ਚਿਹਰਿਆਂ ਉੱਤੇ ਪਿਲੱਤਣ ਫਿਰ ਗਈ,
ਗੁਰਬਤ ਭਰੇ ਹਾਲਾਤ ਦੇ ਨਾਗਾਂ ਨੇ ਡੰਗੀਆਂ ਹਸਰਤਾਂ।

ਇਹ ਜ਼ਿੰਦਗੀ ਤਾਂ ਨਾਮ ਹੈ ਦੂਜਾ ਸੁਹੱਪਣ ਸੁਹਜ ਦਾ
ਸ਼ੀਸ਼ੇ 'ਚ ਅਪਣੇ ਆਪ ਨੂੰ ਤਕ-ਤਕ ਕੇ ਸੰਗੀਆਂ ਹਸਰਤਾਂ।

ਖਾਧਾ ਗੁਦਾਮਾਂ ਵਾਲਿਆਂ ਹਰ ਵਾਰ ਬੋਹਲ ਕਿਸਾਨ ਦਾ
ਫ਼ਸਲਾਂ ਸਿਰਫ਼ ਸਨ ਉਸ ਦੀਆਂ ਹਰਿਆਉਲ ਰੰਗੀਆਂ ਹਸਰਤਾਂ।

ਰਹਿਣੇ ਹਮੇਸ਼ਾ ਕੋਸ਼ਿਸ਼ਾਂ ਦੇ 'ਨੀਰ' ਖੰਡੇ ਖੜਕਦੇ
ਜਦ ਤਕ ਮਚਲਣਾ ਸੀਨਿਆਂ ਵਿੱਚ ਸੱਤ-ਰੰਗੀਆਂ ਹਸਰਤਾਂ।

**-ਅਫ਼ਜ਼ਲ ਗੜ੍ਹ (ਬਿਜਨੌਰ) ਯੂ.ਪੀ.**

### ਗ਼ਜ਼ਲ/ਭਜਨ ਆਦੀ

ਇਸ ਚੰਗਾੜੀ ਨੂੰ ਨਾ ਜੇ ਸੰਭਾਲਿਆ ਆਪਾਂ ਹੁਣ,
ਆਪਣਾ ਘਰ ਆਪ ਲੈਣਾ ਹੈ ਜਲਾ ਆਪਾਂ ਹੁਣ।

ਰੋਜ਼ ਮਕਤਲ ਵਾਂਗ ਘਰ ਦਾ ਲਾਲ ਵਿਹੜਾ ਹੋਇਗਾ,
ਗ਼ੈਰ ਦੀ ਜੋ ਚਾਲ ਨੂੰ ਨਾ ਸਮਝਿਆ ਆਪਾਂ ਹੁਣੇ!

ਲੋਕ ਦੇਖਣਗੇ ਤਮਾਸ਼ਾ ਦੂਰ ਖੜ੍ਹ ਕੇ ਅੱਗ ਦਾ,
ਰਾਖ਼ ਪਲ ਵਿੱਚ ਆਲ੍ਹਣਾ ਲੈਣਾ ਬਣਾ ਆਪਾਂ ਹੁਣੇ!

ਗ਼ੈਰ ਦੇ ਵਿਸ਼ਵਾਸ਼ ਤੇ ਹੁਣ ਜਾਨ ਸਭ ਦੀ ਜਾਇਗੀ,
ਆਪਣਾ ਜੇ ਆਪ ਨਾ ਕੀਤਾ ਬਚਾ ਆਪਾਂ ਹੁਣੇ!

ਜੋ ਹਵਾ ਪਾਣੀ ਦੇ ਅੰਦਰ ਜ਼ਹਿਰ 'ਆਦੀ' ਘੋਲਦੈ,
ਉਸ ਬੇਈਮਾਨ ਦਾ ਲਾਈਏ ਪਤਾ ਆਪਾਂ ਹੁਣੇ।

### ਗ਼ਜ਼ਲ/ਹਰਚਰਨ (ਡਾ.)

ਆਜ਼ਾਦੀ ਦੀ ਚਕਾ ਚੌਂਧ ਤੋਂ ਜੋ ਸੀ ਕੱਲ੍ਹ ਮਖ਼ਮੂਰ।
ਉਹ ਮਾਨਵ ਅੱਜ ਨੀਂਦੋਂ ਜਾਗਾ ਸੁਪਨਾ ਹੋਇਆ ਚੂਰ।

ਅਰਮਾਨਾਂ ਦੀ ਕਿਸ਼ਤੀ ਠੇਲ੍ਹਣ ਜੋ ਵੀ ਮਾਂਝੀ ਆਇਆ,
ਜ਼ਾਂ ਕਾਦਰ ਸੀ, ਜਾਂ ਅਬਦਾਲੀ ਜਾਂ ਗੌਰੀ, ਤੈਮੂਰ।

ਦੋਵੇਂ ਹੱਥੀਂ ਸਿਖਰ ਦੁਪਹਿਰੇ ਦਿਲ ਦੀ ਦਿੱਲੀ ਲੁਟ ਕੇ,
ਮਾਲ-ਮਤਾ ਸਭ ਹੂੰਝ-ਹਾਂਝ ਕੇ ਠੱਗ ਹੋਏ ਕਾਫ਼ੂਰ।

ਲੁੱਟਿਆ ਪੁੱਟਿਆ ਠਗਿਆਂ ਠਗਿਆਂ ਬੇਬਸ 'ਰੱਬ ਦਾ ਬੰਦਾ',
'ਤੇਰਾ ਭਾਣਾ ਮੀਠਾ ਕਰਕੇ' ਆਖਣ ਲਈ ਮਜ਼ਬੂਰ।

ਕੱਲ੍ਹ ਤੀਕ ਜਿਸ ਨੂੰ ਜਾਪ ਰਿਹਾ ਸੀ ਟੁੱਟੇ ਬੰਧਨ ਸਾਰੇ,
ਅੱਜ ਉਹ ਬੰਦਾ ਬਹਿ-ਬਹਿ ਸੋਚੇ ਹਾਲੇ ਦਿੱਲੀ ਦੂਰ।

ਆਪਣਿਆਂ ਮੁੜ ਤੀਰ ਚਲਾ ਕੇ ਸੀਨਾ ਛਲਣੀ ਕੀਤਾ,
ਪਹਿਲੇ ਜ਼ਖ਼ਮਾਂ ਤੇ ਨਾ ਹਾਲੇ ਆਇਆ ਸੀ ਅੰਗੂਰ।

ਸਿਸਕ ਸਿਸਕ ਦਮ ਤੋੜ ਰਿਹਾ ਹੈ ਅੱਜ ਜੀਵਨ ਦਾ ਚਾਅ,
ਕੀ ਅੱਖਾਂ ਵਿੱਚ ਰੌਣਕ ਹੋਣੀ, ਕੀ ਚਿਹਰੇ ਤੇ ਨੂਰ।

ਜਿਸ ਬੇੜੀ ਦਾ ਚੱਪਾ-ਚੱਪਾ ਹੋ ਚੁੱਕਾ ਹੈ ਜਰ-ਜਰ,
ਕਿੰਝ ਕਿਨਾਰੇ ਲੱਗ ਸਕਦਾ ਹੈ ਉਸ ਬੇੜੀ ਦਾ ਪੂਰ।

ਰਚਨਾਂ ਦੇ ਬਲਬੂਤੇ ਏਥੇ ਕਦ ਮਿਲਦੀ ਹੈ ਸ਼ੁਹਰਤ,
'ਤੂੰ ਵੀ ਸਿਖ ਲੈ ਤਿਕੜਮਬਾਜ਼ੀ' ਜੇ ਹੋਣਾ ਮਸ਼ਹੂਰ।

**303, ਕਮਾਲ ਪੁਰਾ, ਗਲੀ ਨੰ : 18, ਹੁਸ਼ਿਆਰਪੁਰ**

## ਗ਼ਜ਼ਲ/ਸ਼ਾਮ ਸੁੰਦਰ 'ਕਪੂਰ'

(1)

ਰਹਿੰਦੀ ਏ ਹਰ ਪਾਸੇ ਛਾਈ ਧੁੰਦ ਜਿਹੀ,
ਬੇਮੌਸਮ ਬੇਮੌਕਾ ਆਈ ਧੁੰਦ ਜਿਹੀ।
ਤਕ ਨ ਸਕਿਆ ਖੁਦ ਨੂੰ ਮਨ ਦੇ ਸ਼ੀਸ਼ੇ ਵਿੱਚ
ਤਾਇਓਂ ਅੱਖਾਂ ਅੱਗੇ ਛਾਈ ਧੁੰਦ ਜਿਹੀ।
ਵਿਤ ਮੂਜ਼ਬ ਹੂੰਝਣ ਦੀ ਕੋਸ਼ਿਸ਼ ਕਰਦਾ ਹਾਂ,
ਘਰ ਮੇਰੇ ਵਲ ਮੁੜ-ਮੁੜ ਆਈ ਧੁੰਦ ਜਿਹੀ।
ਪੂਰਬ ਦੇ ਸੂਰਜ ਦੀ ਲਾਲੀ ਨੂੰ ਖਾ ਗਈ,
ਪੱਛਮ ਦੇ ਪਾਸੇ ਤੋਂ ਆਈ ਧੁੰਦ ਜਿਹੀ।
ਇਸ ਵਿਗਿਆਨਕ-ਯੁੱਗ ਦੇ ਅੰਦਰ ਵੀ ਯਾਰੋ,
ਹੁੰਦੀ ਜਾਏ ਦੂਣ-ਸਵਾਈ ਧੁੰਦ ਜਿਹੀ।
ਨੇਤਾ-ਡਾਕੂ, ਚੋਰ-ਲੁਟੇਰੇ ਸਾਧਾਂ ਨੇ,
ਰਲ-ਮਿਲ ਕੇ ਹੈ ਖ਼ੂਬ ਫੈਲਾਈ ਧੁੰਦ-ਜਿਹੀ।

**ਪਿੰਡ ਤੇ ਡਾ. ਪੋਸੀ, ਜ਼ਿਲ੍ਹਾ ਹੁਸ਼ਿਆਰਪੁਰ-144531**





# ਕਹਾਣੀ

## ਆਈਡੀਅਲ ਟਾਊਨ/ਇਲਿਆਸ ਘੁੰਮਣ

ਆਈਡੀਅਲ ਟਾਊਨ ਦੀ ਗਰਾਊਂਡ ਵਿੱਚ ਕੁਝ ਮੁੰਡੇ ਕ੍ਰਿਕਟ ਖੇਡ ਰਹੇ ਸਨ। ਇੱਕ ਵਾਰ ਜ਼ੋਰ ਦੀ ਹਿੱਟ ਲੱਗੀ ਤਾਂ ਮੁੰਡੇ ਗੇਂਦ ਪਿੱਛੇ ਭੱਜ ਪਏ। ਗਰਾਊਂਡ ਦੇ ਕੰਢੇ ਲੱਗੀ ਯਾਨੀ ਵਾੜ ਵਿੱਚ ਜਾ ਵੜੀ ਗੇਂਦ ਨੂੰ ਲੱਭ ਕੇ ਜਦ ਉਹ ਮੁੰਡੇ ਪਰਤੇ ਤਾਂ ਇੱਕ ਤਿੱਖੀ ਆਵਾਜ਼ ਨੇ ਉਨ੍ਹਾਂ ਦਾ ਧਿਆਨ ਖਿੱਚ ਲਿਆ। ਕਾਲੀ ਦਾਹੜੀ ਵਾਲਾ ਉਹ ਬੰਦਾ ਇੱਕ ਵੱਡੇ ਬੂਟੇ ਥੱਲੇ ਚਾਦਰ ਵਿਛਾ ਕੇ ਬੈਠਾ ਹੋਇਆ ਸੀ। ਮੁੰਡਿਆਂ ਨੂੰ ਕੋਲ ਬੁਲਾ ਕੇ ਉਹ ਬੋਲਿਆ, "ਬੇਟਾ ਜਦ ਕੋਈ ਨਮਾਜ਼ ਪੜ੍ਹ ਰਿਹਾ ਹੋਵੇ ਤਾਂ ਉਹਦੇ ਅੱਗੋਂ ਦੀ ਨਹੀਂ ਲੰਘੀਂਦਾ..।"

ਆਪਣੇ ਦੋਹਾਂ ਸੰਗੀਆਂ ਨੂੰ ਕਿਸੇ ਓਪਰੇ ਬੰਦੇ ਨਾਲ ਗੱਲੀਂ ਲੱਗੇ ਵੇਖ ਕੇ ਦੂਜੇ ਮੁੰਡੇ ਵੀ ਦੌੜੇ ਹੋਏ ਉਥੇ ਆ ਗਏ। ਜੁੜਦਾ ਹੋਇਆ ਇਕੱਠ ਵੇਖ ਕੇ ਦਾਹੜੀ ਵਾਲਾ ਆਪਣੀ ਗੱਲ ਨੂੰ ਅੱਗੇ ਵਧਾਉਂਦਾ ਹੀ ਟੁਰੀ ਗਿਆ। ਉਹਦੇ ਵੱਲੋਂ ਲੰਮੀਆਂ ਛੋਹੀਆਂ ਦਾ ਸਤ ਇਹ ਸੀ ਕਿ ਖੇਡਣ ਕੁੱਤਣ ਉੱਤੇ ਵੇਲਾ ਜ਼ਾਇਆ ਕਰਨ ਦੀ ਥਾਂ ਮੁੰਡਿਆਂ ਨੂੰ ਆਪਣਾ ਦੀਨੀ (ਧਾਰਮਿਕ) ਜ਼ੁੰਮੇਵਾਰੀ ਸਮਝਣ ਤੇ ਉਹਨੂੰ ਅਦਾ ਕਰਨ ਦਾ ਆਹਰ ਕਰਨਾ ਚਾਹੀਦਾ ਏ। ਖੌਰੇ ਇਨ੍ਹਾਂ ਗੱਲਾਂ ਦਾ ਵੀ ਅਸਰ ਸੀ ਕਿ ਬਾਅਦ ਵਿੱਚ ਮੁੰਡੇ ਜ਼ਿਆਦਾ ਦੇਰ ਨਾ ਖੇਡੇ-ਉਨ੍ਹਾਂ ਬੱਲੇ ਵਿਕਟਾਂ ਫੜੀਆਂ ਤੇ ਵਾਰੋ-ਵਾਰੀ ਚਲੇ ਗਏ।

ਸੱਤਾਂ ਸਾਲਾਂ ਦੇ ਆਬਦ ਨੇ ਘਰ ਜਾ ਕੇ ਜਦ ਇਹ ਕਿੱਸਾ ਸੁਣਾਇਆ ਤਾਂ ਉਹਦੇ ਅੱਬੂ ਬਹੁਤ ਖ਼ੁਸ਼ ਹੋਏ। ਸ਼ੇਖ਼ ਜੱਬਾਰ ਬੜੇ ਮਜ਼ਹਬੀ ਵਿਚਾਰਾਂ ਵਾਲੇ ਇਨਸਾਨ ਸਨ। ਆਪ ਵੀ ਬੜੇ ਉਚੇਚ ਨਾਲ ਪੰਜੇ ਵੇਲੇ ਨਿਮਾਜ਼ ਪੜ੍ਹਦੇ ਸਨ ਤੇ ਆਪਣੀ ਟੋਕਰਾ ਸਾਰੀ ਔਲਾਦ ਨੂੰ ਵੀ ਸਖ਼ਤੀ ਨਾਲ ਨਿਮਾਜ਼ ਪੜ੍ਹਾਵਨ ਦਾ ਯਤਨ ਕਰਦੇ ਸਨ। ਵੱਡੇ-ਵੱਡੇ ਜਾਤਕ ਜਾਤਕੜੀਆਂ ਤਾਂ ਉਨ੍ਹਾਂ ਸਾਹਮਣੇ ਬੜੀ ਪਾਬੰਦੀ ਨਾਲ ਨਿਮਾਜ਼ ਪੜ੍ਹਦੇ ਸਨ, ਪਰ ਸਭ ਤੋਂ ਨਿੱਕਾ ਤੇ ਲਡਿੱਕਾ ਹੋਣ ਕਰਕੇ ਆਬਦ ਘੱਟ ਹੀ ਉਨ੍ਹਾਂ ਦੇ ਕਾਬੂ ਆਉਂਦਾ ਸੀ। ਸ਼ੇਖ਼ ਜੱਬਾਰ ਕਈ ਵਾਰ ਆਬਦ ਦੀਆਂ ਨਾਫ਼ੁਰਮਾਨੀਆਂ ਤੋਂ ਖਿੱਝ ਕੇ ਆਖਦੇ, "ਬਦ-ਬਖ਼ਤਾ ਆਪਣੇ ਨਾਂ ਦਾ ਈ ਹੱਯਾ ਕਰ.." ਪਰ ਉਹਨਾਂ ਦੇ ਦਾਬੇ ਕੰਨਾਂ ਵਿੱਚ ਈ ਮਾਰ ਕੇ ਉਹ ਆਪਣੇ ਬਾਲਪੁਣੇ ਦੇ ਸ਼ੁਗ਼ਲਾਂ ਵਿੱਚ ਪਿਆ ਰਹਿੰਦਾ।

ਰੋਜ਼ ਵਾਂਗ ਸ਼ਾਮ ਦੀ ਸੈਰ ਲਈ ਸ਼ੇਖ਼ ਜੱਬਾਰ ਘਰੋਂ ਨਿਕਲੇ ਤਾਂ ਗਰਾਊਂਡ ਕੋਲੋਂ ਲੰਘਦੇ ਹੋਏ ਉਨ੍ਹਾਂ ਦੀ ਨਜ਼ਰ ਉਥੇ ਬੈਠੇ ਕਾਲੀ ਦਾੜ੍ਹੀ ਵਾਲੇ ਬੰਦੇ ਉੱਤੇ ਪੈ ਗਈ। ਕੀ ਏਸ ਹੌਲੀ ਉਮਰ ਦੇ ਮੌਲਵੀ ਨੇ ਲੋਢੇ ਵੇਲੇ ਏਥੇ ਕ੍ਰਿਕਟ ਖੇਡਦੇ ਮੁੰਡਿਆਂ ਨੂੰ ਠਾਕਿਆ ਸੀ? ਇਹਦੀ ਟੋਹ ਲੈਣ ਲਈ ਸ਼ੇਖ਼ ਜੱਬਾਰ ਉਹਦੇ ਕੋਲ ਚਲੇ ਗਏ। ਸਲਾਮ ਦੁਆ ਮਗਰੋਂ ਜਦ ਏਸ ਗੱਲ ਦੀ ਪਕਿਆਈ ਹੋਈ ਤਾਂ ਇਹ ਨੇਕ ਕੰਮ ਕਰਨ ਉੱਤੇ ਸ਼ੇਖ਼ ਹੋਰਾਂ ਉਹਨੂੰ ਚੰਗਾ ਵਡਿਆਇਆ। ਗੱਲਬਾਤ ਵਿਚਕਾਰ ਉਸ ਬੰਦੇ ਨੇ ਆਪਣਾ ਨਾਂ ਮੌਲਵੀ ਮੁਸ਼ਤਾਕ ਦੱਸਿਆ ਸੀ। ਅਜੇ ਵਿਚਾਰ-ਵਟਾਂਦਰਾ ਹੋ ਈ ਰਿਹਾ ਸੀ ਕਿ ਆਈਡੀਅਲ ਟਾਊਨ ਦੀ ਮਸੀਤ ਵੱਲੋਂ ਆਉਂਦੀਆਂ ਸ਼ਾਮ ਦੀ ਬਾਂਗ ਦੀਆਂ ਆਵਾਜ਼ਾਂ ਉਹਨਾਂ ਦੇ ਕੰਨਾਂ ਵਿੱਚ ਪੈਣ ਲੱਗ ਪਈਆਂ। ਗਰਾਊਂਡ ਵਿੱਚ ਈ ਇਕੱਠਿਆਂ ਨਿਮਾਜ਼ ਪੜ੍ਹਨ ਤੇ ਦੁਆ ਮੰਗਣ ਮਗਰੋਂ ਦੋਵੇਂ ਜਣੇ ਫੇਰ ਗੱਲਾਂ ਕਰਨ ਲੱਗ ਪਏ। ਗਰਾਊਂਡ ਵਿੱਚ ਈ ਟਿਕ ਰਹਿਣ ਦਾ ਸਬੱਬ ਜਾਨਣ ਦੀ ਜਿਹੜੀ ਗੱਲ ਨਿਮਾਜ਼ ਪੜ੍ਹਦੇ ਹੋਏ ਵੀ ਸ਼ੇਖ਼ ਜੱਬਾਰ ਦੇ ਦਿਮਾਗ਼ ਵਿੱਚ ਘੁੰਮਦੀ ਰਹੀ ਸੀ, ਉਹ ਓੜਕ ਉਨ੍ਹਾਂ ਮੌਲਵੀ ਮੁਸ਼ਤਾਕ ਕੋਲੋਂ ਪੁੱਛ ਈ ਲਈ। ਇਹਦਾ ਵੇਰਵਾ ਕਰਨ ਤੋਂ ਪਹਿਲਾਂ ਈ ਮੌਲਵੀ ਮੁਸ਼ਤਾਕ ਦੇ ਮੁੱਖ ਉੱਤੇ ਦੁੱਖ ਦੇ ਅਜਿਹੇ ਗੂਹੜੇ ਵੱਟ ਪੈ ਗਏ, ਜਿਹੜੇ ਗਰਾਊਂਡ ਕੰਢੇ ਹੁਣੇ-ਹੁਣੇ ਬਲੀਆਂ ਬੱਤੀਆਂ ਦੀ ਨਿੰਮੀ ਲੋਅ ਵਿੱਚ ਵੀ ਸ਼ੇਖ਼ ਜੱਬਾਰ ਨੂੰ ਦਿੱਸ ਪਏ। ਮੌਲਵੀ ਮੁਸ਼ਤਾਕ ਨੇ ਆਪਣਾ ਜੰਮਣ ਜੂਹ ਬਾਬਤ ਵੀ ਦੱਸਿਆ ਤੇ ਉਸ ਦੀਨੀ ਮਦਰੱਸੇ ਬਾਰੇ ਵੀ ਜਾਣਕਾਰੀ ਦਿੱਤੀ, ਜਿਥੋਂ ਉਹ ਆਪਣੇ ਇੱਕ ਚਚੇਰੇ ਸਣੇ ਪੜ੍ਹਿਆ ਸੀ। ਉਹਦੇ ਚਚੇਰ ਨੇ ਤਾਂ ਆਪਣੀ ਪੜ੍ਹਾਈ ਪੂਰਨ ਪਿੱਛੋਂ ਨਿੱਕ ਵੱਡੇ ਸ਼ਹਿਰਾਂ

ਵਿੱਚ ਰਹਿੰਦੇ ਰਹਿਣ ਬਾਅਦ ਅਖੀਰ ਏਸ ਮਹਾਂਨਗਰ ਵਿੱਚ ਆਪਣੇ ਪੈਰ ਜਮਾ ਲਏ ਸਨ, ਪਰ ਮੌਲਵੀ ਰੋਜ਼ ਦੀ ਰੋਟੀ ਉੱਤੇ ਈ ਓਸੇ ਮਦਰੱਸੇ ਨਾਲ ਜੁੜਿਆ ਰਿਹਾ ਸੀ। ਚਚੇਰ ਦਾ ਥਾਂ ਟਿਕਾਣਾ ਪਤਾ ਕਰਕੇ ਕੱਲ੍ਹ ਈ ਏਸ ਸ਼ਹਿਰ ਪੁੱਜਿਆ ਸੀ, ਪਰ ਉਹਨੂੰ ਇਹ ਜਾਣ ਕੇ ਢੇਰ ਦੁੱਖ ਹੋਇਆ ਕਿ ਉਹਦੇ ਚਚੇਰ ਨੇ ਇੱਕ ਮਸੀਤ ਸਾਂਭਣ ਲਈ ਆਪਣਾ ਅਸਲ ਅਕੀਦਾ ਬਦਲ ਲਿਆ ਸੀ।

"ਮੈਂ ਤੇ ਜੀ ਉਹਦੇ ਪਿੱਛੇ ਨਿਮਾਜ਼ ਪੜ੍ਹਨ ਤੋਂ ਈ ਸਾਫ਼ ਇਨਕਾਰ ਕਰ ਦਿੱਤਾ ਸੀ।" ਇਹ ਆਖਦੇ ਹੋਏ ਮੌਲਵੀ ਮੁਸ਼ਤਾਕ ਦਾ ਮੂੰਹ ਗੁੱਸੇ ਨਾਲ ਲਾਲ ਹੋ ਗਿਆ ਸੀ, ਪਰ ਜਦ ਉਹਨੇ ਇਹ ਦੱਸਿਆ ਕਿ ਚਚੇਰ ਨੇ ਇਹ ਜਾਣਦੇ ਹੋਏ ਵੀ ਕਿ ਮੇਰੇ ਕੋਲ ਵਾਪਸੀ ਦਾ ਵੀ ਕੋਈ ਕਿਰਾਇਆ ਨਹੀਂ, ਅੱਜ ਫਜਰੇ ਈ ਆਪਣੀ ਮਸੀਤੋਂ ਮੈਨੂੰ ਕੱਢ ਦਿੱਤਾ ਸੀ। ਤਾਂ ਉਹਦੀ ਕੰਬਦੀ ਹੋਈ ਆਵਾਜ਼ ਸੁਣ ਕੇ ਸ਼ੇਖ਼ ਜੱਬਾਰ ਦੇ ਕਾਲਜੇ ਦਾ ਰੁੱਗ ਭਰਿਆ ਗਿਆ। ਉਹ ਮੌਲਵੀ ਮੁਸ਼ਤਾਕ ਨੂੰ ਆਪਣੇ ਘਰ ਲੈ ਗਏ। ਉਹਨੂੰ ਵੀ ਰਾਤ ਦੀ ਰੋਟੀ ਖਵਾਈ ਤੇ ਆਪ ਵੀ ਖਾਧੀ। ਏਨੇ ਨੂੰ ਇਛਾਅ ਦਾ ਵੇਲਾ (ਸ਼ਾਮ ਦੀ ਨਿਮਾਜ਼ ਦਾ) ਵੇਲਾ ਹੋ ਗਿਆ ਤੇ ਫੇਰ ਆਬਦ ਤੋਂ ਛੁੱਟ ਉਹਨਾਂ ਆਪਣੇ ਦੂਜੇ ਪੁੱਤਰਾਂ ਸਣੇ ਮੌਲਵੀ ਮੁਸ਼ਤਾਕ ਦੀ ਅਮਾਮਤ ਵਿੱਚ ਈ ਘਰੇ ਨਿਮਾਜ਼ ਪੜ੍ਹੀ। ਰਾਤ ਉਸ ਘਰ ਵਿੱਚ ਗੁਜ਼ਾਰਨ ਲਈ ਮੌਲਵੀ ਮੁਸ਼ਤਾਕ ਨੂੰ ਆਖਿਆ ਗਿਆ, ਪਰ ਉਹਨੇ ਇਹ ਗੱਲ ਨਾ ਮੰਨੀ। ਉਦੋਂ ਰਾਤ ਨੂੰ ਰੁੱਤ ਸੁਖਾਲੀ ਹੋ ਜਾਂਦੀ ਸੀ ਤੇ ਮੌਲਵੀ ਮੁਸ਼ਤਾਕ ਗਰਾਊਂਡ ਵਿੱਚ ਈ ਸੌਣਾ ਚਾਹੁੰਦਾ ਸੀ। ਸ਼ੇਖ਼ ਜੱਬਾਰ ਘਰ ਦੇ ਬਾਹਰਲੇ ਬੂਹੇ ਤੀਕ ਉਹਨੂੰ ਵਿਦਿਆ ਕਰਨ ਲਈ ਆਏ ਤੇ ਕੁਝ ਲੋੜੀਦੀਆਂ ਸ਼ੈਆਂ ਮੌਲਵੀ ਮੁਸ਼ਤਾਕ ਦੇ ਹੱਥ ਫੜਾਉਂਦੇ ਹੋਏ ਬੋਲੇ, "ਯਾ ਖ਼ੁਦਾ! ਇੱਕ ਅਰਸੇ ਬਾਅਦ ਨਿਮਾਜ਼ ਪੜ੍ਹਨ ਦਾ ਸਹੀ ਲੁਤਫ਼ ਆਇਆ ਏ। ਇਤਫਾਕ ਨਾਲ ਮੇਰਾ ਤੁਅਲਕ ਵੀ ਓਸ ਅਕੀਦੇ ਨਾਲ ਈ ਏ, ਜਿਹਨੂੰ ਤੁਸੀਂ ਮੰਨਦੇ ਓ।"

ਅਗਲੇ ਦਿਨ ਲੋਹਡੇ ਵੇਲੇ ਮੁੰਡੇ ਕ੍ਰਿਕਟ ਖੇਡਣ ਲਈ ਗਰਾਊਂਡ ਵਿੱਚ ਆਏ ਤਾਂ ਉਨ੍ਹਾਂ ਦੇਖਿਆ ਕਿ ਮੌਲਵੀ ਹੋਰੀਂ ਤੇ ਉਥੇ ਨਹੀਂ ਸਨ, ਪਰ ਏਧਰੋਂ-ਉਧਰੋਂ ਇਕੱਠੀਆਂ ਕਰਕੇ ਰੱਖੀਆਂ ਅੱਧੀਆਂ ਮੁੰਨੀਆਂ ਇੱਟਾਂ ਦਾ ਇੱਕ ਚੌਗਿਰਦਾ ਉਹਨਾਂ ਦੀ ਨਿਮਾਜ਼ ਪੜ੍ਹਨ ਵਾਲੀ ਥਾਂ ਦੀ ਦੱਸ ਜ਼ਰੂਰ ਪਾ ਰਿਹਾ ਸੀ। ਮੁੰਡੇ ਕੁਝ ਪ੍ਰੇਸ਼ਾਨ ਹੋ ਗਏ। ਉਸ ਪਾਕ ਥਾਂ ਤੋਂ ਜਿੰਨਾ ਵੀ ਦੂਰ ਹੋ ਸਕਦੇ, ਉਥੇ ਜਾ ਕੇ ਉਹਨਾਂ ਵਿਕਟਾਂ ਗੱਡੀਆਂ ਤੇ ਕ੍ਰਿਕਟ ਖੇਡਣ ਲੱਗ ਪਏ। ਥੋੜ੍ਹੇ ਚਿਰ ਮਗਰੋਂ ਈ ਯਤਨ ਕਰਦੇ ਹੋਏ ਮੌਲਵੀ ਮੁਸ਼ਤਾਕ ਵੀ ਕਿਧਰੋਂ ਆ ਗਏ। ਅੱਖ ਵਲਾਈ ਰੱਖਣ ਦੀ ਮੁੰਡਿਆਂ ਪੂਰੀ-ਪੂਰੀ ਕੋਸ਼ਿਸ਼ ਕੀਤੀ, ਖ਼ਾਸ ਕਰਕੇ ਅੱਗੇ ਈ ਗਰਾਊਂਡ ਦੀ ਇੱਕ ਬਾਹੀ ਜਾ ਖਲੋਤਾ ਆਬਦ ਤਾਂ ਇਕਵਾਸਾ ਈ ਹੋ ਗਿਆ ਸੀ। ਆਬਦ ਨੂੰ ਡਰ ਸੀ ਕਿਧਰੇ ਨੇਕ ਮੱਤਾਂ ਦੇਣ ਦੇ ਨਾਲ-ਨਾਲ ਮੌਲਵੀ ਹੋਰੀਂ ਕੋਈ ਸ਼ੈਅ ਮੰਗਵਾਣ ਲਈ ਉਹਨੂੰ ਘਰ ਭੇਜ ਕੇ ਖੇਡ ਦਾ ਵੇਲਾ ਈ ਨਾ ਬਰਬਾਦ ਕਰ ਦੇਣ। ਮੌਲਵੀ ਮੁਸ਼ਤਾਕ ਦਾ ਖਾਣਾ ਸ਼ੇਖ਼ ਜੱਬਾਰ ਦੇ ਘਰੋਂ ਪੱਕਾ ਈ ਲੱਗ ਗਿਆ ਸੀ। ਦੁਪਹਿਰ ਦੀ ਰੋਟੀ ਸਕੂਲੋਂ ਪਰਤੇ ਆਬਦ ਦੇ ਭਰਾਵਾਂ ਹੱਥੀਂ ਈ ਗਰਾਊਂਡ ਵਿੱਚ ਪੁੱਜੀ ਸੀ।

ਅੰਦਰਲੇ ਸ਼ਹਿਰ ਵਿੱਚ ਸ਼ੇਖ਼ ਜ਼ੱਬਾਰ ਦੀ ਕਾਫ਼ੀ ਜਾਇਦਾਦ ਸੀ। ਆਪਣੇ ਕਿਰਾਏਦਾਰਾਂ ਵੱਲ ਫੇਰਾ ਲਾ ਕੇ ਉਹ ਪਿਛਲੇ ਪਹਿਰ ਆਈਡੀਅਲ ਟਾਊਨ ਪਰਤੇ ਤਾਂ ਅਸਰ ਦੀ ਨਿਮਾਜ਼ ਪੜ੍ਹਨ ਲਈ ਸਿੱਧੇ ਗਰਾਊਂਡ ਵੱਲ ਈ ਗਏ। ਮੁੰਡੇ ਉਹਨਾਂ ਦੇ ਆਉਣ ਤੋਂ ਪਹਿਲਾਂ ਈ ਪਿੜ ਖਾਲੀ ਕਰ ਕੇ ਗਏ ਸਨ। ਗਰਮੀ ਜ਼ਿਆਦਾ ਹੋਣ ਕਰਕੇ ਸੈਰ ਕਰਨ ਲਈ ਅਜੇ ਘੱਟ ਈ ਲੋਕ ਬਾਹਰ ਆਏ ਸਨ, ਪਰ ਫੇਰ ਵੀ ਜਦ ਜਮਾਇਤ ਖੜੀ ਹੋਈ ਤਾਂ ਚਾਰ ਜੀਅ ਉਨ੍ਹਾਂ ਨਾਲ ਆ ਈ ਰਲੇ ਸਨ। ਸ਼ਾਮ ਦੀ ਨਿਮਾਜ਼ ਵੇਲੇ ਤਾਂ ਉਥੇ ਚੰਗੀ ਭਲੀ ਰੌਣਕ ਹੋ ਗਈ ਸੀ।

ਅਗਲੇ ਦੋ ਦਿਨਾਂ ਵਿੱਚ ਈ ਉਸ ਛੋਟੀ ਜਿਹੀ ਗਰਾਊਂਡ ਅੰਦਰ ਨਿਮਾਜ਼ ਪੜ੍ਹਨ ਵਾਲੀ ਥਾਂ ਦਾ ਚੌਗਿਰਦਾ ਹੋਰ ਖਿਲਰ ਗਿਆ ਸੀ। ਆਲੇ-ਦੁਆਲੇ ਇੱਟਾਂ ਰੱਖ ਕੇ ਉਹਦੀ ਨਿਸ਼ਾਨਦੇਹੀ ਕਰਨ ਦੇ ਨਾਲ-ਨਾਲ ਇਮਾਮ ਦੇ ਖਲੋਣ, ਸਜਦਾ ਕਰਨ ਵਾਲੀ ਥਾਂ ਤੋਂ ਘਾਹ ਪੁੱਟ ਕੇ ਉਹਨੂੰ ਚੰਗੀ ਤਰ੍ਹਾਂ ਪੋਚ ਦਿੱਤਾ ਗਿਆ ਸੀ। ਜਿਓਂ-ਜਿਓਂ ਗਰਾਊਂਡ ਵਿਚਲੀ ਏਸ ਪਾਕ ਥਾਂ ਦਾ ਪਸਾਰ ਪਸਰਦਾ ਜਾ ਰਿਹਾ ਸੀ, ਖੇਡਣ ਲਈ ਆਵਣ ਵਾਲੇ ਮੁੰਡਿਆਂ ਦੀ ਕ੍ਰਿਕਟ ਬੀਚ ਉਥੋਂ ਦੂਰ ਹੁੰਦੀ ਗਈ। ਏਥੋਂ ਤੀਕ ਭਈ



ਉਹ ਪਿੜ ਦੇ ਦੂਜੇ ਕੰਢੇ ਨਾਲ ਜਾ ਲੱਗੀ। ਉਥੇ ਵੀ ਖੇਡਦੇ ਹੋਏ ਮੁੰਡਿਆਂ ਕਾਫ਼ੀ ਇਹਤਆਤ (ਧਿਆਨ) ਕਰਨੀ ਸ਼ੁਰੂ ਕਰ ਦਿੱਤੀ ਸੀ। ਖੇਡ ਵਿਚਕਾਰ ਚਲਣਾ ਉਹਨਾਂ ਨੂੰ ਚੰਗਾ ਨਹੀਂ ਸੀ ਲੱਗਦਾ। ਪਰ ਜਦ ਜਮਾਇਤ ਹੋ ਰਹੀ ਹੁੰਦੀ ਤਾਂ ਉਹ ਗਰਾਊਂਡ ਦੇ ਪਰਲੇ ਪਾਸੇ ਚੁੱਪ-ਚਾਪ ਬੈਠੇ ਨਿਮਾਜ਼ ਮੁਕਣ ਦੀ ਉਡੀਕ ਕਰਦੇ ਰਹਿੰਦੇ। ਮਗਰੋਂ ਵੀ ਉਹ ਪੂਰਾ ਵਾਹ ਲਾਉਂਦੇ ਕਿ ਉਨ੍ਹਾਂ ਦੀ ਗੇਂਦ ਉਧਰ ਨਾ ਹੀ ਜਾਵੇ। ਉਹ ਹੁਣ ਚੋਖੇ ਸਹਿਮੇ ਹੋਏ ਵੀ ਨਜ਼ਰ ਆਉਂਦੇ। ਕਿਉਂ ਜੇ ਉਨ੍ਹਾਂ ਵਿਚੋਂ ਕਿਸੇ ਨਾ ਕਿਸੇ ਦਾ ਕੋਈ ਵੱਡਕਾ ਨਿਮਾਜ਼ ਪੜ੍ਹਨ ਲਈ ਉਥੇ ਆ ਜਾਂਦਾ ਤੇ ਉਹਨੂੰ ਉਹਦੀਆਂ ਝਿੜਕਾਂ ਈ ਖਾਣੀਆਂ ਪੈਂਦੀਆਂ। ਸ਼ੁਰੂ-ਸ਼ੁਰੂ ਵਿੱਚ ਮੌਲਵੀ ਹੋਰੀਂ ਜਿੰਨੇ ਮਿੱਠੇ ਮੂੰਹ ਨਾਲ ਉਨ੍ਹਾਂ ਨੂੰ ਨੇਕ ਮੱਤਾਂ ਦਿੰਦੇ ਸਨ, ਹੁਣ ਉਨ੍ਹਾਂ ਦਾ ਲਹਿਜਾ ਵੀ ਉਨਾ ਈ ਖਰ੍ਹਵਾ ਹੋ ਗਿਆ ਸੀ। ਇੱਕ ਵਾਰ ਉਧਰ ਆਈ ਗੇਂਦ ਪਿੱਛੇ ਭੱਜਦੇ ਆਉਂਦੇ ਇੱਕ ਮੁੰਡੇ ਦਾ ਜੋਹਰ ਵਾਲਾ ਪੈਰ ਮੌਲਵੀ ਮੁਸ਼ਤਾਕ ਦੀ ਬਣਾਈ ਹੱਦਬੰਦੀ ਵਾਲੀ ਇੱਕ ਇੱਟ ਉੱਤੇ ਆ ਗਿਆ ਤਾਂ ਉਹਨਾਂ ਉਹਨੂੰ ਏਨਾ ਮੰਦਾ ਬੋਲਿਆ ਕਿ ਢੇਰ ਪੱਚੀ ਹੋਇਆ ਉਹ ਗੇਂਦ ਫੜੇ ਬਿਨਾਂ ਈ ਆਪਣੇ ਘਰ ਨੂੰ ਮੂੰਹ ਕਰ ਗਿਆ।

ਜ਼ੋਰਦਾਰ ਆਵਾਜ਼ ਨਾਲ ਬਾਰੀ ਦਾ ਸ਼ੀਸ਼ਾ ਟੁੱਟਾ ਤੇ ਲਾਲ ਗੇਂਦ ਰਿੜਦੀ ਹੋਈ ਵੀਲ-ਚੇਅਰ ਉੱਤੇ ਬੈਠੇ ਬੰਦੇ ਦੀਆਂ ਲੱਤਾਂ ਨਾਲ ਆ ਵੱਜੀ। ਉਹ ਵਿੱਕੀ ਇੰਜਨੀਅਰ ਸੀ। ਪੂਰਾ ਨਾਂ ਸੀ ਮੁਹੰਮਦ ਵਕੀਲ ਅੱਲਾ। ਹੱਥਾਂ ਨਾਲ ਆਪਣੀ ਕੁਰਸੀ ਦੇ ਪਹੀਏ ਫੇਰਦਾ ਉਹ ਬਾਰੀ ਕੋਲ ਆਇਆ ਤੇ ਉਹਨੂੰ ਦਫ਼ਤਰ ਦੇ ਸਾਹਮਣੇ ਵਾਲੀ ਥੋੜ੍ਹੀ ਜਿਹੀ ਖੁਲ੍ਹੀ ਥਾਂ ਵਿਚੋਂ ਦੌੜ ਕੇ ਨਾਲ ਦੀਆਂ ਗਲੀਆਂ ਵਿੱਚ ਗਾਇਬ ਹੁੰਦੇ ਕੁਝ ਮੁੰਡਿਆਂ ਦੀਆਂ ਕੰਡਾਂ ਤੇ ਹੱਥਾਂ ਵਿੱਚ ਫੜੇ ਬੈਟ ਈ ਨਜ਼ਰ ਆ ਸਕੇ। ਵਿੱਕੀ ਇੰਜੀਨੀਅਰ ਦਾ ਉਤੇ ਦਾ ਸਾਹ ਉਤੇ ਤੇ ਥੱਲੇ ਦਾ ਥੱਲੇ ਰਹਿ ਗਿਆ ਸੀ।

ਵਿੱਕੀ ਇੰਜਨੀਅਰ ਏਸੇ ਵੱਡੇ ਸ਼ਹਿਰ ਦੀ ਇੱਕ ਪੁਰਾਣੀ ਤੇ ਸੰਘਣੀ ਬਸਤੀ ਦਾ ਜੰਮ-ਪਲ ਸੀ। ਉਹਨੂੰ ਵੀ ਨਿੱਕੇ ਹੁੰਦਿਆਂ ਕ੍ਰਿਕਟ ਖੇਡਣ ਦਾ ਬਹੁਤ ਸ਼ੌਕ ਸੀ। ਅੰਦਰਲੇ ਸ਼ਹਿਰ ਦੇ ਉਸ ਮੁਹੱਲੇ ਵਿੱਚ ਕਿਧਰੇ ਕੋਈ ਖੁੱਲ੍ਹਾ ਪਿੜ ਨਾ ਹੋਣ ਕਰਕੇ ਉਹ ਤੇ ਉਹਦੇ ਹਾਣੀ ਗਲੀਆਂ ਬਾਜ਼ਾਰਾਂ ਵਿੱਚ ਕ੍ਰਿਕਟ ਖੇਡਦੇ। ਆਉਂਦੇ-ਜਾਂਦੇ ਲੋਕ ਉਨ੍ਹਾਂ ਤੋਂ ਤੰਗ ਰਹਿੰਦੇ ਤੇ ਕਈ ਵਾਰ ਘਰਾਂ ਤੇ ਕਾਰਾਂ ਦੇ ਸ਼ੀਸ਼ੇ ਟੁੱਟਣ ਉੱਤੇ ਉਨ੍ਹਾਂ ਨੂੰ ਗਾਹਲਾਂ ਤੇ ਮਾਰਾਂ ਵੀ ਖਾਣੀਆਂ ਪੈਂਦੀਆਂ। ਇੱਕ ਵਾਰ ਛੁੱਟੀ ਵਾਲੇ ਦਿਨ ਵਕੀਲ ਅੱਲਾ ਸੰਗੀਆਂ ਸਣੇ ਆਪਣੇ ਮੁਹੱਲੇ ਨਾਲੋਂ ਲੰਘਦੀ ਵੱਡੀ ਸੜਕ ਉੱਤੇ ਕ੍ਰਿਕਟ ਖੇਡ ਰਿਹਾ ਸੀ। ਸੜਕ ਉੱਤੇ ਆਵਾਜਾਈ ਘੱਟ ਹੋਣ ਕਰਕੇ ਉਹ ਸਾਰੇ ਈ ਬਹੁਤ ਖੁਸ਼ ਸਨ, ਪਰ ਉਨ੍ਹਾਂ ਦੀ ਖ਼ੁਸ਼ੀ ਦਾ ਉਦੋਂ ਅੰਤ ਹੋ ਗਿਆ, ਜਦ ਵਕੀਲ ਅੱਲਾ ਇੱਕ ਪਾਸਿਓਂ ਤੇਜ਼ ਭੱਜੀ ਆਉਂਦੀ ਵੈਗਨ ਦੀ ਲਪੇਟ ਵਿੱਚ ਆ ਗਿਆ। ਸਰਕਾਰੀ ਹਸਪਤਾਲ ਦੇ ਡਾਕਟਰਾਂ ਉਹਦੀਆਂ ਦੋਹਾਂ ਲੱਤਾਂ ਦੀਆਂ ਫੀਤੀ ਫੀਤੀ ਹੋਈਆਂ ਹੱਡੀਆਂ ਨੂੰ ਜੋੜਨ ਦਾ ਬਥੇਰਾ ਜਤਨ ਕੀਤਾ, ਪਰ ਉਹ ਮੁੜ ਉਹਨਾਂ ਪੈਰਾਂ ਉੱਤੇ ਖਲਾਰਨ ਵਿੱਚ ਕਾਮਯਾਬ ਨਾ ਹੋ ਸਕੇ। ਪਹੀਆਂ ਵਾਲੀ ਕੁਰਸੀ ਉਹਦੀ ਪੱਕੀ ਸਾਥਣ ਬਣ ਗਈ ਸੀ। ਲੱਤਾਂ ਦੀਆਂ ਟੁੱਟੀਆਂ ਹੱਡੀਆਂ ਦੇ ਡਾਢੀ ਤਕਲੀਫ਼ ਦੇਣ ਵਾਲੇ ਲੰਮੇ ਇਲਾਜ ਨੇ ਵਕੀਲ ਅੱਲਾ ਨੂੰ ਹੌਲੀ ਉਮਰ ਵਿੱਚ ਈ ਬਹੁਤ ਦੁਖੀ ਤੇ ਹਾਣੀਆਂ ਤੋਂ ਵੱਧ ਸਿਆਣਾ ਬਣਾ ਦਿੱਤਾ ਸੀ। ਉਹਨੇ ਮਨ ਵਿੱਚ ਪੱਕਾ ਲਿਆ ਸੀ, ਪਈ ਵੱਡਿਆਂ ਹੋ ਕੇ ਉਹ ਏਸੇ ਧਰਤੀ ਉੱਤੇ ਘੱਟੋ-ਘੱਟ ਇੱਕ ਬਸਤੀ ਅਜਿਹੀ ਜ਼ਰੂਰ ਵਸਾਏਗਾ, ਜਿਥੇ ਹਰ ਵਸਨੀਕ ਨੂੰ ਹੱਯਾਤੀ ਦੀ ਹਰ ਸੁੱਖ ਦੇਣ ਦਾ ਪੂਰਾ-ਪੂਰਾ ਪ੍ਰਬੰਧ ਹੋਵੇਗਾ।

ਦੋਹਾਂ ਲੱਤਾਂ ਦੀ ਬੱਜ ਦੇ ਹੁੰਦੇ ਹੋਏ ਵੀ ਵਕੀਲ ਅੱਲਾ ਜੀ ਜਾਨ ਨਾਲ ਪੜ੍ਹਦਾ ਰਿਹਾ ਤੇ ਏਸੇ ਵੱਡੇ ਸ਼ਹਿਰ ਦੀ ਇੰਜਨੀਅਰਿੰਗ ਯੂਨੀਵਰਸਿਟੀ ਤੋਂ ਸਿਵਲ ਇੰਜਨੀਅਰ ਬਣ ਕੇ ਨਿਕਲਿਆ। ਕੁਝ ਚਿਰ ਏਥੇ ਈ ਮੁਲਾਜ਼ਮਤ ਕਰਨ ਮਗਰੋਂ ਉਹਨੂੰ ਯੂਰਪ ਦੇ ਇੱਕ ਦੇਸ਼ ਜਾਵਣ ਦਾ ਢੋਅ ਲਾਗ ਗਿਆ, ਜਿਥੇ ਨੌਕਰੀ ਕਰਨ ਦੇ ਨਾਲ-ਨਾਲ ਪੜ੍ਹਦੇ ਹੋਏ ਉਹਨੇ ਆਰਕੀਟੈਕਚਰ ਤੇ ਟਾਊਨ ਪਲੈਨਿੰਗ ਦੀਆਂ ਡਿਗਰੀਆਂ ਵੀ ਲੈ ਲਈਆਂ। ਯੂਰਪ ਤੋਂ ਪਿਛਾਂਹ ਪਰਤੇ ਵਕੀਲ ਅੱਲਾ ਨੂੰ ਏਸ ਗੱਲ ਦਾ ਝੋਰਾ ਨਹੀਂ ਸੀ ਕਿ ਆਪਣਾ ਟੀਚਾ ਪੂਰਾ ਕਰਨ ਲਈ ਉਹ ਉਥੇ ਰਹਿ ਕੇ ਵੀ ਬਹੁਤਾ ਧਨ ਨਹੀਂ ਜੋੜ ਸਕਿਆ। ਕਿਉਂ ਜੇ ਉਹਨੂੰ ਲੱਗਦਾ ਸੀ ਕਿ ਉਹਦੀ ਉੱਚ-ਪੱਧਰੀ ਸਿੱਖਿਆ ਜ਼ਰੂਰ ਉਹਦੇ ਕੰਮ ਆਵੇਗੀ।

ਆਪਣੇ ਸ਼ਹਿਰ ਵਿੱਚ ਆ ਕੇ ਵੱਡੀਆਂ-ਵੱਡੀਆਂ ਕਨਸਟਰੱਕਨ (ਉਸਾਰੀ ਵਾਲੀਆਂ) ਫਰਮਾਂ ਤੋਂ ਉਹ ਸਲਾਹਕਾਰ ਵਜੋਂ ਆਪਣੀਆਂ ਸੇਵਾਵਾਂ ਦਾ ਮੁੱਲ ਵੱਟਦਾ, ਪਰ ਉਹਦੇ ਬਾਵਜੂਦ ਉਹਦੇ ਕੋਲ ਆਪਣੇ ਖਿਆਲਾਂ ਵਾਲੀ ਵਸਤੀ ਵਸਾਵਣ ਜੋਗੇ ਪੈਸੇ ਇਕੱਠੇ ਨਾ ਹੋ ਸਕੇ। ਇਕ ਮੁਹਰਲੀ ਕੰਨਸਟਰੱਕਸ਼ਨ ਕੰਪਨੀ ਦੇ ਮਾਲਕ ਸ਼ਮਸ਼ਾਦ ਾਹਿਬ ਨਾਲ ਜਦ ਉਹਦਾ ਮੇਲ ਹੋਇਆ ਤਾਂ ਵਕੀਲ ਅੱਲਾ ਨੂੰ ਆਸ ਦੀ ਰਿਸ਼ਮ ਦਿਸ ਪਈ। ਸ਼ਮਸ਼ਾਦ ਕਾਲਜ ਵਿੱਚ ਉਹਦੇ ਨਾਲ ਈ ਪੜ੍ਹਦਾ ਰਿਹਾ ਸੀ। ਆਮ ਜਹੇ ਜ਼ਿਹਨ ਵਾਲਾ ਸ਼ਮਸ਼ਾਦ ਉਦੋਂ ਆਪਣੀਆਂ ਜ਼ਨਾਨਾ ਹਰਕਤਾਂ ਕਰਕੇ ਈ ਜਾਣਿਆ ਜਾਂਦਾ ਸੀ। ਉਂਝ ਤਾਂ ਅੱਜ-ਕੱਲ੍ਹ ਵਾਲੇ ਸ਼ਮਸ਼ਾਦ ਦੀਆਂ ਆਦਤਾਂ ਵੀ ਉਹੀ ਸਨ, ਪਰ ਉਹਦੇ ਜ਼ਿਹਨ ਨੂੰ ਕਿਸੇ ਤਰ੍ਹਾਂ ਵੀ ਆਮ ਜਿਹਾ ਨਹੀਂ ਸੀ ਆਖਿਆ ਜਾ ਸਕਦਾ। ਵੱਡੀਆਂ-ਵੱਡੀਆਂ ਰਿਹਾਇਸ਼ੀ ਇਮਾਰਤਾਂ, ਸ਼ਾਪਿੰਗ ਪਲਾਜ਼ੇ ਤੇ ਹੋਰ ਉਸਾਰੀਆਂ ਉਸਾਰਨ ਦੇ ਕਾਰੋਬਾਰ ਵਿੱਚ ਸ਼ਮਸ਼ਾਦ ਨੇ ਹੈਰਾਨ ਕਰ ਦੇਣ ਵਾਲੀ ਤਰੱਕੀ ਕੀਤੀ ਸੀ ਤੇ ਹੁਣ ਉਹਦੀ ਕੰਪਨੀ ਵਿੱਚ ਕਈ ਲਾਇਕ ਇੰਜਨੀਅਰ ਤੇ ਆਰਕੀਟੈਕਟ ਨੌਕਰੀਆਂ ਕਰ ਰਹੇ ਸਨ।

"ਆਹ... ਵਿਕੀ ਇੰਜਨੀਅਰ ਜੀ! ਤੁਸਾਂ ਕੈਸੀ ਸ਼ਾਨਦਾਰ ਰਿਹਾਇਸ਼ੀ ਸਕੀਮ ਸੋਚੀ ਏ ਜੀ।" ਸ਼ਮਸ਼ਾਦ ਸਾਹਿਬ ਵੱਲੋਂ ਆਪਣੇ ਖਾਸ ਰੰਗ ਵਿੱਚ ਦੱਸੇ ਗਏ ਇਨ੍ਹਾਂ ਵਿਚਾਰਾਂ ਵਿੱਚ ਇਹਦੇ ਪਿੱਛੇ ਮਿਸ਼ਨਰੀ ਜਜ਼ਬੇ ਦੀ ਹੋਂਦ ਨੂੰ ਨਹੀਂ ਸੀ ਸਲਾਹਿਆ ਗਿਆ, ਸਗੋਂ ਉਹਨਾਂ ਨੂੰ ਤਾਂ ਵਪਾਰ ਦੇ ਹਵਾਲੇ ਨਾਲ ਇਹ ਮਨਸੂਬਾ ਬਹੁਤ ਈ ਢੁਕਵਾਂ ਜਾਪਿਆ ਸੀ। ਏਸ ਪੱਖ ਦਾ ਵਕੀਲ ਅੱਲਾ ਨੇ ਵੀ ਖਿਆਲ ਰੱਖਿਆ ਸੀ। ਆਖਰ ਉਹਦੇ ਉੱਤੇ ਕਰੋੜਾਂ ਰੁਪਈਆਂ ਦੀ ਸਰਮਾਇਆਕਾਰੀ ਹੋਣੀ ਸੀ। ਸ਼ਮਸ਼ਾਦ ਸਾਹਿਬ ਨੂੰ ਏਸ ਰਿਹਾਇਸ਼ੀ ਸਕੀਮ ਦਾ ਨਾਂ ਬਹੁਤ ਪਸੰਦ ਨਹੀਂ ਸੀ ਆਇਆ। ਉਹਨਾਂ ਦਾ ਆਖਣਾ ਸੀ ਕਿ ਆਦਰਸ਼ ਨਗਰ ਦੀ ਥਾਂ 'ਆਈਡੀਅਲ ਟਾਊਨ' ਨਾਂ ਵਧੇਰੇ ਜਚਵਾਂ ਰਹੇਗਾ।

ਵਕੀਲ ਅੱਲਾ ਦੇ 'ਆਦਰਸ਼ ਨਗਰ ਜਾਂ ਸ਼ਮਸ਼ਾਦ ਸਾਹਿਬ ਦੇ ਏਸ "ਆਈਡੀਅਲ ਟਾਊਨ" ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਉਹ ਇਕ ਅਜਿਹੀ ਬਸਤੀ ਸੀ ਜਿਹੜੀ ਸ਼ਹਿਰ ਤੋਂ ਥੋੜ੍ਹੀ ਵਾਟ ਉੱਤੇ ਈ ਵੱਸੀ ਸੀ, ਪਰ ਉਹਦੇ ਵਿੱਚ ਸ਼ਹਿਰ ਵਰਗਾ ਬੱਸਾਂ, ਕਾਰਾਂ ਦਾ ਘੜਮੱਸ, ਹਵਾ ਦੀ ਗੰਦਆਈ ਤੇ ਖਲਕਤ ਦਾ ਰੌਲਾ-ਗੌਲਾ ਨਹੀਂ ਸੀ। ਉਹਦੇ ਵਿੱਚ ਨਿਰੇ ਸ਼ਾਨਦਾਰ ਘਰ ਈ ਨਹੀਂ ਸੀ ਬਨਾਏ ਗਏ, ਸੜਕਾਂ ਗਲੀਆਂ ਵੀ ਖੁੱਲ੍ਹੀਆਂ ਰੱਖੀਆਂ ਗਈਆਂ ਸਨ। ਇੱਕ ਵਧੀਆ ਹਸਪਤਾਲ ਤੇ ਸੁਹਣੇ ਸਕੂਲ ਬਨਾਵਣ ਦੇ ਨਾਲ ਉਸ ਬਸਤੀ ਵਾਲਿਆਂ ਲਈ ਡਾਕ, ਫੋਨ, ਬਿਜਲੀ, ਪਾਣੀ ਤੇ ਘਰੋਗੀ ਵਰਤੋਂ ਵਾਲੀ ਗੈਸ ਦਾ ਵੀ ਬਹੁਤ ਚੰਗਾ ਪ੍ਰਬੰਧ ਕੀਤਾ ਗਿਆ ਸੀ। ਉਥੇ ਇੱਕ ਐਡੀ ਵੱਡੀ ਮਾਰਕੀਟ ਵੀ ਬਣਾਈ ਗਈ ਸੀ ਕਿ ਲੋੜਵੰਦੀ ਵੇਲੇ ਕਿਸੇਂ ਸ਼ੈਅ ਲਈ ਬਾਹਰ ਜਾਣਾ ਈ ਨਹੀਂ ਪੈਂਦਾ। ਵੱਡਿਆਂ ਦੀ ਸੈਰ ਲਈ ਫੁੱਲਾਂ ਵਾਲੇ ਬੂਟਿਆਂ ਤੇ ਦੂਜੇ ਰੁੱਖਾਂ ਨਾਲ ਸ਼ਿੰਗਾਰਿਆ ਜਿਹੜਾ ਬਾਗ ਬਣਵਾਇਆ ਗਿਆ ਸੀ, ਉਹਦੇ ਵਿੱਚ ਈ ਬਾਲਾਂ ਬਾਲੜੀਆਂ ਦੇ ਮਨ-ਪ੍ਰਚਾਵੇ ਲਈ ਪੀਘਾਂ-ਪੰਘੂੜੇ ਵੀ ਲਵਾਏ ਗਏ ਸਨ ਤੇ ਖੇਡਾਂ ਕਰਨ ਵਾਲਿਆਂ ਲਈ ਇਹਦੇ ਨਾਲ ਗਰਾਊਂਡ ਵੀ ਰੱਖੀ ਗਈ ਸੀ। ਏਸ ਬਸਤੀ ਦੇ ਅਸਲੋਂ ਵਿਚਕਾਰ ਇੱਕ ਬਹੁਤ ਈ ਸੁਹਣੀ ਖੁੱਲ੍ਹੀ ਮਸੀਤ ਤਾਮੀਰ ਕੀਤੀ ਗਈ ਸੀ। ਮਸੀਤ ਨੂੰ ਫੇਰ ਮਨ-ਖਿੱਚਵਾਂ ਬਣਾਵਟ ਲਈ ਵਕੀਲ ਅੱਲਾ ਨੇ ਆਪਣੀ ਪੂਰੀ ਸਿਖਲਾਈ ਵਰਤ ਛੱਡੀ ਸੀ। ਉਹਦੀ ਚਿੱਟੀ ਇਮਾਰਤ ਵੇਖ ਕੇ ਰੂਹ ਰਾਜ਼ੀ ਹੋ ਜਾਂਦਾ ਸੀ ਤੇ ਵੇਖਣ ਵਾਲਿਆਂ ਨੂੰ ਜਾਪਦਾ ਸੀ, ਜਿਵੇਂ ਇੱਕ ਬਹੁਤ ਵੱਡਾ ਚਿੱਟਾ ਫੁੱਲ ਭੋਏਂ ਉੱਤੇ ਖਿੜਿਆ ਹੋਵੇ। ਲੋਕਾਂ ਦੇ ਮਜ਼ਹਬੀ ਅਕੀਦਿਆਂ ਦਾ ਵਕੀਲ ਅੱਲਾ ਆਪਣੇ ਦਿਲ ਦੀਆਂ ਡੂੰਘਾਈਆਂ ਤੋਂ ਆਦਰ ਕਰਦਾ ਸੀ। ਏਸ ਲਈ ਉਹਨੇ ਭਾਲ ਕਰਕੇ ਇੱਕ ਅਜਿਹੇ ਆਲਮ ਆਦਮੀ ਨੂੰ ਏਸ ਮਸੀਤ ਦਾ ਇਮਾਮ ਬਣਵਾਇਆ ਸੀ, ਜਿਹੜਾ ਫਿਰਕੂ ਝੇੜਿਆਂ ਤੋਂ ਕੋਹਾਂ ਦੂਰ ਰਹਿੰਦਾ ਸੀ।

ਵਕੀਲ ਅੱਲਾ ਨੇ ਆਪਣਾ ਪੱਕਾ ਟਿਕਾਣਾ "ਆਈਡੀਅਲ ਟਾਊਨ" ਹਾਊਸਿੰਗ ਸੁਸਾਇਟੀ ਦੇ ਦਫ਼ਤਰ ਵਿੱਚ ਵੀ ਬਣਾਇਆ ਹੋਇਆ ਸੀ। ਜਿਨ੍ਹਾਂ ਵੱਖ-ਵੱਖ ਫਰਮਾਂ ਨਾਲ ਉਹ ਜੁੜਿਆ ਹੋਇਆ ਸੀ, ਉਹਨਾਂ ਦੇ ਕੰਮ ਲਈ ਉਹਨੂੰ ਬਾਹਰ ਜਾਣਾ ਪੈਂਦਾ ਸੀ। ਪਰ ਵਾਪਸੀ ਉੱਤੇ ਉਹ ਏਸ ਹਾਊਸਿੰਗ



ਇਟੀ ਦੇ ਦਫ਼ਤਰ ਵਿੱਚ ਬਹਿ ਕੇ ਉਥੋਂ ਦੇ ਵਸਨੀਕਾਂ ਦੀਆਂ ਨਿੱਕੀਆਂ-ਮੋਟੀਆਂ ਔਕੜਾਂ ਨਜਿੱਠਣ
ਯਤਨ ਕਰਦਾ ਸੀ, ਉਸ ਵਸਤੀ ਵਿੱਚ ਬਣੇ ਇੱਕ-ਇੱਕ ਘਰ ਦਾ ਪੂਰਾ ਨਕਸ਼ਾ ਉਹਦੇ ਜ਼ਿਹਨ
ਰ ਉੱਕਰਿਆ ਹੋਇਆ ਸੀ, ਜਿਵੇਂ ਪਾਣੀ ਤੇ ਗੈਸ ਦਾ ਪਾਈਪ ਕਿਹੜੇ ਰਾਹੋਂ ਜਾ ਰਹੇ ਨੇ, ਬਿਜਲੀ
ਆਂ ਤਾਰਾਂ ਕਿਵੇਂ ਵਿਛਾਈਆਂ ਗਈਆਂ ਨੇ। ਏਸੇ ਲਈ ਉਹ ਬਹੁਤ ਛੇਤੀ ਹਰ ਔਕੜ ਦਾ ਸਬੱਬ
ਣ ਜਾਂਦਾ ਸੀ ਤੇ ਫੇਰ ਸੁਸਾਇਟੀ ਦੇ ਕਾਮਿਆਂ ਰਾਹੀਂ ਝੱਟ ਵਿੱਚ ਉਹਨੂੰ ਠੀਕ ਵੀ ਕਰਵਾ ਦੇਂਦਾ ਸੀ।
ੀਲ ਅੱਲਾ ਇਹਨਾਂ ਕੰਮਾਂ ਦਾ ਕਿਸੇ ਕੋਲੋਂ ਕੋਈ ਪੈਸਾ ਨਹੀਂ ਲੈਂਦਾ ਸੀ। ਏਥੋਂ ਕਰੋੜਾਂ ਕਮਾ ਚੁੱਕੇ
ਸ਼ਾਦ ਸਾਹਿਬ ਦਾ ਹੁਣ ਆਪਣੇ 'ਆਈਡੀਅਲ ਟਾਊਨ' ਵੱਲ ਘੱਟ ਈ ਫੇਰਾ ਲੱਗਦਾ ਸੀ। ਇੱਕ
ਏਸ ਸੁਸਾਇਟੀ ਦੇ ਵਡਕਿਆਂ ਦੀ ਵਰ੍ਹੇਵਾਰ ਬੈਠਕ ਵਿੱਚ ਸਾਂਝ ਪਾਵਣ ਲਈ ਸ਼ਮਸ਼ਾਦ ਸਾਹਿਬ
ਏ ਤਾਂ ਉਨ੍ਹਾਂ ਵੇਖਿਆ ਕਿ ਜ਼ਰੂਰੀ ਗੱਲਬਾਤ ਤੋਂ ਵਿਹਲਾ ਹੋ ਕੇ ਵਕੀਲ ਅੱਲਾ ਉਸ ਇਕੱਠ ਵਿਚੋਂ
ਗਾਇਬ ਹੋ ਗਿਆ ਸੀ - ਪੁੱਛਿਆ ਤਾਂ ਪਤਾ ਲੱਗਾ ਕਿ ਉਹ ਆਪਣੀ ਮਹਿਜ਼ੂਰਾਂ ਵਾਲੀ ਕੁਰਸੀ
ਤੇ ਬਹਿ ਕੇ ਉਸ ਦਿਨ ਵੀ ਸੋਸਾਇਟੀ ਵਿੱਚ ਘਰ-ਘਰ ਜਾ ਕੇ ਲੋਕਾਂ ਦੇ ਮਸਲੇ ਹੱਲ ਕਰ ਰਿਹਾ ਏ।
ਾਂਹ ਪਰਤਦੇ ਸ਼ਮਸ਼ਾਦ ਸਾਹਿਬ ਨੂੰ ਉਹ ਇੱਕ ਸੜਕ ਲਾਗੇ ਗਟਰਾਂ ਦੀ ਸਫ਼ਾਈ ਕਰਾਉਂਦਾ ਨਜ਼ਰ
ਇਆ ਤੇ ਉਹਦੇ ਕੋਲ ਕਾਰ ਖਲਾਰ ਕੇ ਉਹ ਬੋਲੇ, "ਆਹ... ਵਿਕੀ ਇੰਜਨੀਅਰ ਜੀ! ਤੁਸੀਂ ਕਿੰਨੇ
ਤ ਕਰਦੇ ਓ ਜੀ" ਏਹੋ ਜਿਹੇ ਕੰਮ ਕਰਨ ਵਿੱਚ ਵਕੀਲ ਅੱਲਾ ਖ਼ੁਸ਼ ਰਹਿੰਦਾ ਸੀ, ਏਸ ਲਈ ਜਵਾਬ
ਚ ਨਿਰਾ ਹੱਸਿਆ ਈ ਸੀ।

ਕੁਝ ਦਿਨ ਬਾਅਦ ਦੀ ਗੱਲ ਏ, ਕਿਸੇ ਕੰਮ ਆਈਡੀਅਲ ਟਾਊਨ ਆਪਣੀ ਕਾਰ ਉੱਤੇ ਜਾ ਰਹੇ
ਸ਼ਾਦ ਸਾਹਿਬ ਡਰਾਈਵਰ ਨਾਲ ਅਗਲੀ ਗੱਦੀ ਤੇ ਬੈਠੇ ਆਪਣੇ ਖ਼ਾਸ ਮੁਲਾਜ਼ਮ ਨੂੰ ਹੌਲੀ ਜਿਹੀ
ਕ ਮਾਰੀ, "ਗ਼ੁਲਾਮ ਕਾਦਰ ਜੀ"! ਹੱਥ ਵਿੱਚ ਫੜੇ ਕਾਗਜ਼ਾਂ ਵੱਲ ਸਾਰਾ ਗਹੁ ਹੋਣ ਕਰਕੇ ਉਹਨੇ
ਨਾ ਗੌਲੀ ਤੇ ਆਪਣੇ ਹੱਥ ਨੂੰ ਨਚਾਉਂਦੇ ਹੋਏ ਤਿੱਖੇ ਸੁਭਾਅ ਸ਼ਮਸ਼ਾਦ ਸਾਹਿਬ ਆਖਿਆ "ਓਏ
ਲਾਮ ਕਾਦਰ ਮਰਨਿਆਂ, ਸੁਣਦਾ ਨਹੀਂ।"

"ਜੀ ਮੇਰੇ ਮਾਲਕ" ਇਕ ਦਮ ਸਿਰ ਪਿਛਾਂਹ ਮੋੜ ਕੇ ਗੁਲਾਮ ਕਾਦਰ ਆਜਜ਼ੀ ਨਾਲ ਬੋਲਿਆ।
ਸਾਇਟੀ ਦੀਆਂ ਫਜ਼ੂਲ ਮੀਟਿੰਗਾਂ ਵਿੱਚ ਮੇਰਾ ਆਵਣਾ ਕੋਈ ਜ਼ਰੂਰੀ ਹੁੰਦਾ ਏ ਜੀ" ਸ਼ਮਸ਼ਾਦ
ਹਿਬ ਬੋਲੇ ਤੇ ਫੇਰ ਆਪਣੀ ਗੱਲ ਨੂੰ ਵਧਾਉਂਦਿਆਂ ਆਖਣ ਲੱਗੇ। "ਆਈਡੀਅਲ ਟਾਊਨ"
ਊਨ ਵਿਚੋਂ ਆਖਰੀ ਪਲਾਟ ਵੀ ਢਾਈਂ ਮਹੀਨੇ ਪਹਿਲਾਂ ਵੇਚ ਗਿਆ ਸੀ। ਹੁਣ ਏਥੇ ਕਿਹੜੀ ਸ਼ੈ
ਕਣ ਵਾਲੀ ਰਹਿ ਗਈ ਏ। ਸਿਰਫ਼ ਗੱਲਾਂ ਸੁਣਨ ਤੇ ਕਰਨ ਲਈ ਮੇਰੇ ਕੋਲ ਕਿਥੇ ਵਕਤ ਏ ਜੀ।"

"ਠੀਕ ਫ਼ੁਰਮਾਇਆ ਏ ਮੇਰੇ ਮਾਲਕ।" ਗ਼ੁਲਾਮ ਕਾਦਰ ਬੋਲਿਆ ਤੇ ਹੱਥ ਫੜੇ ਕਾਗਜ਼ ਠੱਪ ਕੇ
ਸੋਚੀਂ ਪੈ ਗਿਆ। ਕਰੋੜਪਤੀ ਮਾਲਕ ਦਾ ਇਹ ਖ਼ਾਸ ਮੁਲਾਜ਼ਮ ਵੀ ਲੱਖ-ਪਤੀ ਬਣ ਚੁੱਕਾ ਸੀ ਤੇ
ਪਣੇ ਸਾਈਂ ਦੀ ਅਣ-ਆਖੀ ਗੱਲ ਨੂੰ ਵੀ ਸਮਝਣ ਦਾ ਵੱਲ ਜਾਣਦਾ ਸੀ। ਆਈਡੀਅਲ ਟਾਊਨ
ਆਂ ਖੁੱਲ੍ਹੀਆਂ ਸੜਕਾਂ ਉਤੋਂ ਲੰਘਦੀ ਕਾਰ ਵਿਚੋਂ ਬਾਹਰੋਂ ਕੁਝ ਦੇਖ ਕੇ ਉਹ ਬੋਲਿਆ "ਜਨਾਬੇ
ਲੀ! ਮੈਨੂੰ ਮਾਲੂਮ ਏ ਕਿ ਤੁਹਾਡਾ ਇੱਕ-ਇੱਕ ਮਿੰਟ ਲੱਖ-ਲੱਖ ਰੁਪਏ ਦਾ ਏ।"

ਕੰਮ ਦੇ ਸਿਲਸਿਲੇ ਵਿੱਚ ਕਈ ਦਿਨ ਬਾਹਰ ਰਹਿਣ ਮਗਰੋਂ ਵਕੀਲ ਅੱਲਾ ਅੱਜ ਜਦ ਸੋਸਾਇਟੀ
ਲੇ ਆਪਣੇ ਦਫ਼ਤਰ ਪਰਤਿਆ ਸੀ ਤਾਂ ਬਾਰੀ ਦਾ ਸ਼ੀਸ਼ਾ ਟੁੱਟਾ ਵੇਖ ਕੇ ਉਹਦੇ ਸੁਫ਼ਨੇ ਕਿਰਚੀ
ਰਚੀ ਹੋ ਗਏ। ਹੱਥ ਵਿੱਚ ਫੜੀ ਗੇਂਦ ਉਹਨੂੰ ਕਿਸੇ ਬੰਬ ਵਰਗੀ ਲੱਗ ਰਹੀ ਸੀ। ਜਿਹਦੇ ਨਾਲ
ਹਦਾ ਆਦਰਸ਼-ਨਗਰ......

ਆਈਡੀਅਲ ਟਾਊਨ ਹਾਊਸਿੰਗ ਸੋਸਾਇਟੀ ਦੀ ਕਾਹਲ ਵਿੱਚ ਬੁਲਾਈ ਗਈ ਬੈਠਕ ਵਿੱਚ
ਆ ਖੱਪ-ਖਾਨਾ ਦੂਰ-ਦੂਰ ਤੀਕ ਸੁਣਿਆ ਜਾ ਸਕਦਾ ਸੀ। ਆਪਣੇ ਆਦਰਸ਼ ਨਗਰ ਨੂੰ ਬਚਾਵਣ
ਈ ਏਸ ਇਕੱਠ ਦਾ ਮੁੱਢ ਬੰਨ੍ਹਣ ਵੇਲੇ ਬੋਲੇ ਵਕੀਲ ਅੱਲਾ ਦੀਆਂ ਭਿੱਜ ਗਈਆਂ ਅੱਖਾਂ ਦਾ ਉਥੋਂ ਦੇ
ਵਸਨੀਕਾਂ ਉੱਤੇ ਜ਼ਰੂਰ ਥੋੜ੍ਹਾ ਬਹੁਤ ਅਸਰ ਹੋਇਆ ਹੋਵੇਗਾ, ਪਰ ਉਹਦੀ ਗੱਲ ਕੱਟ ਕੇ ਜਦ ਸ਼ੇਖ
ਬਾਰ ਬੋਲਣਾ ਸ਼ੁਰੂ ਹੋਇਆ ਤਾਂ ਸੋਸਾਇਟੀ ਦੇ ਬਹੁਤੇ ਮੈਂਬਰ ਉਹਦਾ ਹੁੰਗਾਰਾ ਭਰਨ ਲੱਗ ਪਏ ਸਨ।

ਸ਼ੇਖ਼ ਜੱਬਾਰ ਦਾ ਆਖਣਾ ਸੀ ਕਿ ਜੇ ਆਈਡੀਅਲ ਟਾਊਨ ਵਿਚੋਂ ਖੇਡਾਂ ਦੇ ਮੈਦਾਨ ਦਾ ਰੂਪ ਛੋ
ਨਾ ਬਦਲਿਆ ਗਿਆ ਤਾਂ ਨਵੀਂ ਨਸਲ ਮਾਪਿਆਂ ਤੋਂ ਨਾਫ਼ਰਮਾਨ ਹੋ ਕੇ ਵਿਗੜ ਜਾਵੇਗੀ। ਸੋਸਾ
ਦੇ ਇੱਕ ਹੋਰ ਜੋਸ਼ੀਲੇ ਮੈਂਬਰ ਨੇ ਅੰਤਾਂ ਦੇ ਗੁੱਸੇ ਨਾਲ ਵਕੀਲ ਅੱਲਾ ਨੂੰ ਘੂਰਦੇ ਹੋਏ ਆਖਿਆ
"ਇਹ ਸਾਹਿਬ ਆਖਦੇ ਨੇ ਏਥੇ ਸਕੂਲ, ਹਸਪਤਾਲ ਤੇ ਖੇਡ ਦੇ ਮੈਦਾਨ ਬਣਨੇ ਚਾਹੀਦੇ ਨੇ। ਇ
ਕੀ ਪਤਾ ਕਿ ਆਜ਼ਮਾਇਸ਼ ਦੀ ਇਸ ਘੜੀ ਵਿੱਚ ਕੌਮ ਨੂੰ ਗਰਾਊਂਡਾਂ ਦੀ ਨਹੀਂ, ਹੋਰ ਇਬਾ
ਗਾਹਾਂ (ਪੂਜਾ-ਸਥਾਨਾਂ) ਦੀ ਲੋੜ ਏ।"

ਹੱਥ ਖੜੇ ਕਰਕੇ ਪਈਆਂ ਵੋਟਾਂ ਨਾਲ ਆਈਡੀਅਲ ਟਾਊਨ ਹਾਊਸਿੰਗ ਸੋਸਾਇਟੀ ਦੀ
ਕਾਹਲ ਵਿੱਚ ਬੁਲਾਈ ਬੈਠਕ ਤੋੜ ਚੜ੍ਹ ਗਈ ਸੀ ਤੇ ਹੁਣ ਵੱਖ-ਵੱਖ ਢਾਣੀਆਂ ਵਿੱਚ ਵੰਡੇ
ਆਪਣੇ-ਆਪਣੇ ਘਰਾਂ ਨੂੰ ਜਾ ਰਹੇ ਸਨ। ਇੱਕ ਢਾਣੀ ਵਿੱਚ ਸ਼ੇਰ ਜੱਬਾਰ ਤੇ ਮੌਲਵੀ ਮੁਸ਼ਤਾਕ ਜਾ
ਸਨ। ਉਨ੍ਹਾਂ ਨਾਲ ਜਾ ਰਹੇ ਲੋਕ ਉਹ ਸਨ, ਜਿਨ੍ਹਾਂ ਦਾ ਸੰਬੰਧ ਉਹਨਾਂ ਦੇ ਫਿਰਕੇ ਨਾਲ ਈ
ਸੋਸਾਇਟੀ ਵਿਚੋਂ ਆਪਣੇ ਅਕੀਦੇ ਵਾਲੇ ਲੋਕਾਂ ਦੇ ਲੱਭਣ ਜੋੜਨ ਨੂੰ ਗਰਾਊਂਡ ਵਿੱਚ ਹੁੰਦੇ ਇ
ਸੁਖਾਲਾ ਕਰ ਦਿੱਤਾ ਸੀ। ਸ਼ੇਖ਼ ਜੱਬਾਰ ਦੀ ਸੈਨਤ ਉੱਤੇ ਮੌਲਵੀ ਹੋਰੀਂ ਨਾਲ ਚੱਲ ਰਹੇ ਲੋਕਾਂ ਨੂੰ ਪੀ
ਭਰੀ ਆਵਾਜ਼ ਵਿੱਚ ਦੱਸ ਰਹੇ ਸਨ ਕਿ ਤੁਸੀਂ ਕਿੰਨੇ ਸੁਹਣੇ-ਸੁਹਣੇ ਘਰਾਂ ਵਿੱਚ ਰਹਿ ਰਹੇ ਓ, ਪਰ
ਪਾਸੇ ਗਰਾਊਂਡ ਵਿੱਚ ਬਣਾਏ ਜਾ ਰਹੇ ਅੱਲਾ ਦੇ ਘਰ ਦੀਆਂ ਅਜੇ ਨੀਹਾਂ ਵੀ ਨਹੀਂ ਰੱਖੀਆਂ
ਸਕੀਆਂ।

ਜਦ ਦੂਜੇ ਸਾਰੇ ਲੋਕ ਮੌਲਵੀ ਮੁਸ਼ਤਾਕ ਦੀਆਂ ਗੱਲਾਂ ਸੁਣਨ ਵਿੱਚ ਰੁਝੇ ਹੋਏ ਸਨ, ਓਸੇ
ਕਿਸੇ ਨੇ ਸ਼ੇਖ਼ ਜੱਬਾਰ ਦਾ ਹੱਥ ਆ ਫੜਿਆ। ਉਹਨਾਂ ਤੋਂ ਦੂਰ-ਦੂਰ ਰਹਿਣ ਵਾਲੇ ਪੁੱਤਰ ਆਬਦ
ਆਪਣਾ ਹੱਥ ਫੜਿਆ ਵੇਖ ਕੇ ਸ਼ੇਖ਼ ਜੱਬਾਰ ਨੂੰ ਹੈਰਾਨੀ ਹੋਈ। ਸੱਤਾਂ ਸਾਲਾਂ ਦਾ ਆਬਦ ਹੱਥ ਖਿੱ
ਹੋਇਆ ਆਪਣੇ ਬਾਪ ਨੂੰ ਉਸ ਢਾਣੀ ਵਿਚੋਂ ਦੂਰ ਲੈ ਗਿਆ ਤੇ ਬੋਲਿਆ, "ਅੱਬੂ! ਮੈਂ ਪੱਕਾ ਵਾ
ਕਰਨਾਂ ਕਿ ਮੈਂ ਪੰਜ ਵਕਤ ਨਿਮਾਜ਼ ਪੜ੍ਹਾਂਗਾ। ਕੀ ਤੁਸੀਂ ਗਰਾਊਂਡ ਵਿਚੋਂ ਥੋੜ੍ਹੀ ਜਹੀ ਥਾਂ ਸਾਨੂੰ ਖੇ
ਲਈ ਦੇ ਦੇਵੋਗੇ? ਗਲੀਆਂ ਵਿੱਚ ਕ੍ਰਿਕਟ ਖੇਡਣਾ ਸਾਨੂੰ ਚੰਗਾ ਨਹੀਂ ਲੱਗ ਰਿਹਾ।"

ਸ਼ੇਖ਼ ਜੱਬਾਰ ਨੇ ਟਿਕਾਵੀਂ ਚੰਡ ਉਹਦੇ ਮੂੰਹ ਤੇ ਮਾਰੀ ਤੇ ਫੇਰ ਇਹ ਵੇਖੇ ਬਿਨਾਂ ਕਿ ਸੜਕ
ਡਿੱਗਾ ਹੋਇਆ ਆਬਦ ਪੀੜ ਨਾਲ ਕਿਵੇਂ ਤੜਪ ਰਿਹਾ ਏ। ਗੁੱਸੇ ਵਿੱਚ ਉਹਨੂੰ ਮੰਦਾ ਬੋਲਦੇ
ਆਪਣੀ ਢਾਣੀ ਵਿੱਚ ਜਾ ਰਲੇ।

"ਓਏ ਗੁਲਾਮ ਕਾਦਰ ਮਰਨਿਆ, ਹੋਰ ਦੱਸ ਕਾਹਦਾ-ਕਾਹਦਾ ਸੌਦਾ ਕੀਤਾ ਈ। ਤੈਨੂੰ ਪਤਾ
ਹੈ ਕਿ ਮੇਰਾ ਇੱਕ-ਇੱਕ ਮਿੰਟ ਲੱਖ-ਲੱਖ ਰੁਪਈਏ ਦਾਂ ਹੁੰਦਾ ਏ।" ਆਪਣੇ ਵੱਡੇ ਦਫ਼ਤਰ ਵਿੱਚ
ਸ਼ਮਸ਼ਾਦ ਸਾਹਿਬ ਨੂੰ ਅੰਤਾਂ ਦੀ ਖੁਤ ਖੁਤੀ ਲੱਗੀ ਹੋਈ ਸੀ।"

"ਗਰਾਊਂਡ ਵਿਕ ਗਈ ਏ। ਬਾਗ਼ ਵਿਕ ਗਿਆ ਏ। ਕਮੀਊਨਿਟੀ ਹਾਲ ਵਿੱਕ ਗਿਆ ਏ।
ਤੇ ਹੋਰ ਇੱਕ ਸਕੂਲ ਵੀ ਵਿੱਕ ਗਿਆ ਏ... ਜਨਾਬ-ਆਲੀ! ਇੱਕ ਫਿਰਕੇ ਵਾਲਿਆਂ ਨਾਲ
ਆਈਡੀਅਲ ਟਾਊਨ ਵਾਲੇ ਹਸਪਤਾਲ ਦੀ ਇਮਾਰਤ ਦੀ ਗੱਲ ਵੀ ਚੱਲ ਪਈ ਏ। ਉਹ ਉਹਦੇ ਵਿ
ਆਪਣਾ ਮਦਰੱਸਾ ਖੋਹਲਣਾ ਚਾਹੁੰਦੇ ਨੇ।" ਗੁਲਾਮ ਕਾਦਰ ਬੜੇ ਮਾਣ ਨਾਲ ਆਪਣੇ ਮਾਲਕ
ਆਪਣੇ ਕੰਮਾਂ ਤੋਂ ਜਾਣੂ ਕਰਵਾ ਰਿਹਾ ਸੀ।

"ਖੱਪ ਜਾਏਂ ਤੂੰ ਕਿੰਨਾ ਹੁਸ਼ਿਆਰ ਏਂ... ਆਈਡੀਅਲ ਟਾਊਨ ਵਿੱਚ ਰਹਿੰਦੇ ਵੱਖ-ਵੱਖ ਫਿਰਕਿ
ਨੂੰ ਮੰਨਣ ਵਾਲਿਆਂ ਦਾ ਤੂੰ ਆਪਸ ਵਿੱਚ ਮੁਕਾਬਲਾ ਕਰਵਾ ਦਿੱਤਾ ਏ, ਕਮੀਨਿਆਂ!" ਸ਼ਮਸ਼
ਸਾਹਿਬ ਨੇ ਆਪਣੇ ਰੰਗ ਵਿੱਚ ਹੱਥ ਨਚਾਉਂਦੇ ਹੋਏ ਗੁਲਾਮ ਕਾਦਰ ਨੂੰ ਥਾਪੜਾ ਦਿੱਤਾ। ਤੇ ਨਾਲ
ਬੋਲੇ, "ਵੇ ਬੇਈਮਾਨ। ਆਈਡੀਅਲ ਟਾਊਨ ਹਾਊਸਿੰਗ ਸੋਸਾਇਟੀ ਦਾ ਦਫ਼ਤਰ ਵੇਚਣ ਤੋਂ ਪਹਿ
ਤਾਂ ਮੈਥੋਂ ਪੁੱਛ ਲੈਂਦੇ... ਮੈਨੂੰ ਤਾਂ ਉਸ ਵੇਲੇ ਬੜਾ ਈ ਤਰਸ ਆਵੇਗਾ, ਜਦੋਂ ਉਸ ਫਿਰਕੇ ਵਾਲੇ ਲੋ
ਲੂਲਿਆਂ ਵਾਲੀ ਕੁਰਸੀ ਸਣੇ ਵਿਕੀ ਇੰਜਨੀਅਰ ਨੂੰ ਉਥੋਂ ਚੁੱਕ ਕੇ ਬਾਹਰ ਮਾਰਨਗੇ...।"





## ਤਾਕੀ ਖੋਲ੍ਹੋ/ਫਾਰੂਕ ਨਦੀਮ

ਜ਼ਿੰਦਗੀ ਦੀ ਕਿਤਾਬ ਵਿਚ,
ਕਦ ਤਾਈਂ ਮਜਬੂਰੀਆਂ ਦੇ ਸੁੱਕੇ ਗੁਲਾਬ
ਹੰਝੂ ਭਰਦੇ ਰਹਿਣਗੇ
ਕਦ ਤਾਈਂ ਵੱਡੇ ਸ਼ਹਿਰਾਂ ਦੀ ਕਮਜ਼ਰਫੀ
ਛੋਟੀਆਂ ਥਾਵਾਂ ਦਾ ਚਾਨਣ ਖੋਹਦੀਂ ਰਹੇਗੀ?
ਇਨਸਾਨਾਂ ਦੇ ਦਿਲ ਕਾਰਨਿਸ ਤੇ ਰੱਖੇ
ਪਲਾਸਟਿਕ ਦੇ ਫੁੱਲਾਂ ਭਰੇ ਗੁਲਦਸਤੇ ਨਹੀਂ ਹੁੰਦੇ
ਫੱਟ ਲੱਗੇ ਤੇ ਲਹੂ ਰਿਸ ਪਏ
ਬਾਹਰ ਦੀਆਂ ਆਵਾਜ਼ਾਂ ਨੇ
ਅੰਦਰ ਗੂੰਗਾ ਕਰ ਦਿੱਤਾ ਏ
ਆਪਣੇ ਬਾਲਾਂ ਲਈ ਚਾਦਰ ਬੁਣਨ ਬਹਿਨਾ ਵਾਂ
ਖੌਰੇ ਕਿਉਂ ਮੇਰੀਆਂ ਉਂਗਲਾਂ
ਮੇਰੇ ਕਫਨ ਬਣਾਣ ਗਿੱਝ ਗਈਆਂ ਨੇ
ਤਾਕੀ ਖੋਲ੍ਹੋ
ਕੋਈ ਤਾਂ ਹਵਾ ਦਾ ਬੁੱਲਾ ਆਵੇ ◆

## 1. ਗ਼ਜ਼ਲ/ਅਫ਼ਜ਼ਲ ਅਹਿਸਨ ਰੰਧਾਵਾ

ਫਾਹੀਆਂ ਤੇ ਫਸਿਆਂ ਦੀ ਕਦੇ ਵੀ ਹੋ ਨਹੀਂ ਸਕਦੀ ਯਾਰੀ।
ਕਿਸਰਾਂ ਮੰਨ ਲਾਂ ਤੇਰੀ ਸਲਾਹ ਦੀ ਖ਼ਬਰ ਅਖ਼ਬਾਰੀ।
ਤੀਜੀ ਦੁਨੀਆਂ ਦੇ ਮੁਲਕਾਂ ਵਿਚ ਇਕ ਪਿੰਡ ਇੰਜ ਵੀ ਹੁੰਦਾ,
ਹਰ ਭੁਖਾ ਢਿੱਡ ਬਾਗੀ ਤੇ ਹਰ ਰੱਜਿਆ ਦਰਬਾਰੀ।
ਨੰਗਾ ਸੀ ਪਰ ਆਪਣਾ ਤੇ ਸੀ ਹੁਣ ਕਿੱਥੇ ਬੰਨ੍ਹੇਗਾ,
ਭਾਈ, ਸਿਰ ਵੱਟੇ ਜੋ ਲੈ ਆਂਦੀ ਆ ਪੱਗ ਸਰਕਾਰੀ।
ਉਹ ਹੈ ਕੱਚਾ ਘੜਾ ਤੇ ਮੈਂ ਹਾਂ ਇਸ ਦੇ ਠਿੱਲਣ ਵਾਲਾ,
ਕੀ ਬੱਲਿਆ! ਸਾਡੇ ਇਸ਼ਕ ਦਾ ਦਾਈਆ, ਕੀ ਬੱਲਿਆ ਸਾਡੀ ਤਾਰੀ।
ਉਂਝ ਭਰ ਚੁੰਗੀਆਂ ਮਾਣ ਲੈ ਥਲ ਦਾ ਹੁਸਨ ਹਯਾਤੀ ਵਾਲਾ,
ਸੁੱਤੀਏ ਹਰਨੀਏ, ਨੀਂਦਰ ਦੀ ਕੰਧ ਉਹਲੇ ਮੌਤ ਸ਼ਿਕਾਰੀ।
ਹੱਥ ਤੇਰੇ ਦੀ ਇਕ ਲਕੀਰ 'ਚ ਮੇਰੇ ਸਾਰੇ ਭਾਗ,
ਮੇਰੇ ਸਿਰ ਤੇ ਤੇਰੇ ਸਾਰੇ ਜ਼ਖਮਾਂ ਦੀ ਫੁਲਕਾਰੀ।
ਆਪਣੇ ਹੱਥ ਦੂਜੇ ਦੇ ਪੈਰਾਂ ਹੇਠਾਂ ਦੇ ਕੇ ਜੀਊਣਾ,
ਤੈਨੂੰ ਦੱਸਾਂ ਕਿਵੇਂ ਹੁੰਦੀ ਏ ਇਸ਼ਕ ਦੇ ਵਿਚ ਸਰਦਾਰੀ।
'ਅਫ਼ਜ਼ਲ ਅਹਿਸਨ' ਐਨੀ ਦਿੱਤੀ ਓਸ ਆਜ਼ਾਦੀ ਮੈਨੂੰ,
ਪਿੰਜਰੇ ਦੇ ਵਿਚ ਜਿੱਧਰ ਚਾਹਵਾਂ ਲੈਂਦਾ ਫਿਰਾਂ ਉਡਾਰੀ।

## 2. ਗ਼ਜ਼ਲ

ਅਫ਼ਜ਼ਲ ਅਹਿਸਨ! ਭਾਵੇਂ ਹੀਣੇ , ਭਾਵੇਂ ਮਾੜੇ
ਜ਼ੋਰਾਵਰ ਦੇ ਨਾਲ ਅਸਾਡੇ ਨਿੱਤ ਪਵਾੜੇ
ਇਕ ਵੱਲ ਦੇ ਕੁਮਲਾ ਜਾਵਣ ਤੇ ਰੋਂਦਾ ਸਾਂ
ਕਿੰਝ ਵੇਖਾਂ ਹੁਣ ਚਾਰ ਚੁਫੇਰੇ ਉੱਜੜੇ ਵਾੜੇ
ਸੜਦੇ ਹੋਏ ਸਰੀਰ ਤੇ ਸੁੱਟੇ ਮੱਟ ਲਿਆ ਕੇ
ਏਸ ਪੀੜ ਦੀ ਧੂਖ ਕਢਾਵਣ ਕੀ ਹਦਵਾੜੇ
ਚੁੰਮ ਕੇ ਆਪਣੀਆਂ ਉਂਗਲਾਂ ਨਾਲ ਤੂੰ ਮੇਲ ਸਕੀ
ਇਹ ਫੱਟ ਮਲ੍ਹਮਾਂ ਪੱਟੀਆਂ ਤੋਂ ਨਹੀਂ ਜਾਂਦੇ ਹਾੜੇ
ਮੈਂ ਵੀ ਚੰਗਾ ਖਿੜਿਆ ਜਵਾਰ ਦੇ ਫੁੱਲਿਆਂ ਵਾਂਗ
ਉਸਵੀ ਚੰਗੀ ਭੱਠੀ ਤਾਈ ਚਾਰ ਦਿਹਾੜੇ
ਰੱਬਾ! ਹੁਣ ਨਾ ਉਹਨੂੰ ਮੇਰੇ ਮੱਥੇ ਲਾਈਂ
ਮੈਂ ਤੇ ਮਰ ਕੇ ਆਪਣੇ ਪਿਛਲੇ ਵਰਕੇ ਪਾੜੇ
ਮੁੱਕ ਗਏ ਦੀਦਾਂ ਮਾਰਨ ਵਾਲੇ ਸਾਊ ਹੁਣ
ਕਿਹੜਾ ਸੂਲੀ ਝੂਟਦਾ ਹੋਇਆ ਯਾਰ ਨੂੰ ਤਾੜੇ
ਆਉਂਦੇ ਦਿਨ ਨੂੰ ਪਹਿਲੇ ਨਾਲੋਂ ਚੰਗਾ ਕਰ
ਮੇਰਾ ਪੁੱਤਰ ਮੇਲੇ ਪਿਓ ਦੇ ਛੱਡੇ ਪਾੜੇ
ਇਹ ਅੱਖੀਂ ਜੋ ਜੰਮਦੀਆਂ ਸਨ ਦਰਿਆਵਾਂ ਨੂੰ
ਹੁਣ ਬਲਦਾ ਥਲ, ਜਿਹੜਾ ਉੱਡਦੇ ਪੰਛੀ ਸਾੜੇ
ਨਾਲੋਂ ਉੱਠ ਕੇ ਜਾਂਦੇ ਨੂੰ ਨਾ ਵੇਖ ਸਕੀ
ਸ਼ੀਸ਼ੇ ਅੱਗੇ ਬੈਠੀ ਗਿਣਦੀ ਰਹੀ ਘੁਰਾੜੇ
ਦਹਿ ਵਰਿਆਂ ਵਿਚ ਭਲਾ ਕਮਾਇਆ ਈ ਵਾਹਵਾ
ਹਰ ਫਸਲ ਦੇ ਕੀਤੇ ਵੀ ਕਿਆ ਰੱਜ ਉਜਾੜੇ
'ਅਫ਼ਜ਼ਲ ਅਹਿਸਨ' ਸੌਂਤਿਆ ਨਹੀਂ ਸਰੀਰਾਂ ਵਿਚ
ਵੀਰ ਮਸ਼ੀਨਾਂ ਕੋਲੋਂ ਚੱਲਦੇ ਨਹੀਂ ਉਖਾੜੇ

## ਨਜ਼ਮ/ਤਾਰਕ ਗੋਜਰ

ਅਸੀਂ ਬੰਨਿਆਂ ਉੱਤੇ ਘਾਹ
ਅਸੀਂ ਹਰ ਇੱਕ ਦੇ ਲਈ ਰਾਹ
ਸਾਨੂੰ ਕੁੰਬਲ ਕੁੰਬਲ ਚਿੱਥ ਕੇ
ਗਏ ਘੋੜੇ ਖ਼ਾਕ ਉਡਾ

ਅਸੀਂ ਸੜਕ ਕਿਨਾਰੇ ਵਣ
ਸਾਡੀ ਛਾਂ ਰਹੀ ਨਾ ਘਣ
ਜਿਹੜੇ ਝੱਟ ਘਸਾਵਣ ਆਏ
ਉਹ ਤੋੜ ਚਲੇ ਦਾਤਣ



ਸਾਨੂੰ ਕਹਿਣ ਨੂੰ ਕਹਿ ਲਓ ਜਿੱਥੇ
ਓਸ ਓਥ ਹਾਂ ਨਾ ਇਥੇ
ਅਸੀਂ ਆਪਣੇ ਆਪ ਨੂੰ ਪੁੱਛੀਏ
ਸਾਡਾ ਅਸਲ ਸਰੀਰ ਹੈ ਕਿੱਥੇ

ਅਸੀਂ ਦੋਹਰੇ ਨਾ ਕਹਿਰੇ
ਸਾਡਾ ਅੰਗ ਅੰਗ ਬੈਰੇ ਬੇਰੇ
ਸਾਨੂੰ ਕਹਿ ਸਮੇਂ ਨੇ ਪੂਰਿਆ
ਖੱਟ ਖੱਟ ਕੇ ਟੋਏ ਗਹਿਰੇ
ਅਸੀਂ ਚੜ੍ਹਦੇ ਹਾਂ ਨਾ ਲਹਿੰਦੇ
ਬੱਸ 'ਵਾਵਾਂ ਦੇ ਨਾਲ ਖਹਿੰਦੇ
ਜਿੱਥੇ ਤਨ ਮਨ ਕੱਖੋਂ ਹੌਲਾ
ਅਸੀਂ ਓਸ ਜਗ੍ਹਾ ਹਾਂ ਰਹਿੰਦੇ

ਸਾਡੇ ਦਿਲ ਤੇ ਪਈਆਂ ਲੀਕਾਂ
ਸਾਡਾ ਖੁੱਸਿਆ ਯਾਰ ਸ਼ਰੀਕਾਂ
ਅਸੀਂ ਇਸ਼ਕ ਕਚਹਿਰੀ ਰੁੰਨੇ
ਜਿੱਥੇ ਪੈਂਦੀਆਂ ਰੋਜ਼ ਤਰੀਕਾਂ
(ਤਿਮਾਹੀ 'ਚੋਂ)

## ਲਹੂ ਦੇ ਸਾਕੇ/ਡਾਕਟਰ ਸ਼ੌਕਤ ਅਲੀ

ਝੱਲਿਓ
ਲਹੂ ਦੇ ਸਾਕੇ ਕਾਹਦੇ
ਸਾਹਵਾਂ ਵਿਚ ਪਟਰੌਲ ਦੀ ਬੂ ਏ
ਸੋਚਾਂ ਵਿਚ ਲੋੜਾਂ ਦੀ ਅੱਗ ਏ
ਆਪਣੀ ਆਪਣੀ ਲੋੜ ਦੇ ਬਾਝੋਂ
ਸਾਰੇ ਲਹੂ ਦੇ ਸਾਕੇ
ਪਲ ਦੋ ਪਲ ਵਿਚ ਸੜ ਜਾਂਦੇ ਨੇ
ਝੱਲਿਓ
ਲਹੂ ਦੇ ਕਾਹਦੇ ਸਾਕੇ।

# ਹਬੀਬ ਜਾਲਿਬ ਨੂੰ ਚੇਤੇ ਕਰਦਿਆਂ

(1928-93)

**ਹਰਭਜਨ ਸਿੰਘ ਹੁੰਦਲ**

ਅੱਜ ਤੋਂ ਤੀਹ ਸਾਲ ਪਹਿਲਾਂ ਗੁਰਦਵਾਰਿਆਂ ਦੀ ਯਾਤਰਾ ਦੇ ਪੱਜ ਲਾਹੌਰ ਜਾਣ ਦਾ ਮੌਕਾ ਮਿਲਿਆ ਸੀ। ਇਕ ਦਿਨ ਵਾਈ.ਐਮ.ਸੀ.ਏ. ਹਾਲ ਵਿੱਚ 'ਅਦਬੀ ਸੰਗਤ' ਦੀ ਮੀਟਿੰਗ ਸੀ, ਜਿਸ ਵਿੱਚ ਅਹਿਮਦ ਸਲੀਮ, ਸਲੀਮ ਜਹਾਂਗੀਰ, ਹਸਨ ਇਰਾਫ਼ੀ ਤੇ ਹਬੀਬ ਜਾਲਿਬ ਨਾਲ ਮੁਲਾਕਾਤ ਹੋਈ ਸੀ। ਖਦਰ ਦਾ ਚਿੱਟਾ ਕੁਰਤਾ-ਪਜਾਮਾ ਪਾਈ 'ਜਾਲਿਬ' ਸਹਿਜੇ ਹੀ ਪਛਾਣਿਆ ਜਾ ਸਕਦਾ ਸੀ। ਫੌਜੀ ਰਾਜ ਦੇ ਵਿਰੁੱਧ ਤੇ ਜਮਹੂਰੀਅਤ ਦੀ ਸਥਾਪਨਾ ਲਈ ਦੋ ਸਾਲ ਪਹਿਲਾਂ ਚੱਲੇ ਸੰਘਰਸ਼ ਵਿੱਚ, ਜਾਲਿਬ ਦੀ ਸ਼ਾਇਰੀ ਲੋਕਾਂ ਦੇ ਨਾਲ-ਨਾਲ ਹੋ ਕੇ ਲੜੀ ਸੀ। ਉਸ ਦੇ ਕਾਵਿ-ਸੰਗ੍ਰਹਿ, "ਸਰੇ-ਮਕਤਲ" ਦੇ ਇੱਕ ਮਹੀਨੇ ਵਿੱਚ ਚਾਰ ਐਡੀਸ਼ਨ ਛਪੇ ਸਨ ਤੇ ਹਾਜ਼ਰ ਮਿੱਤਰਾਂ ਦੇ ਮੂੰਹਾਂ ਤੇ ਜਾਲਿਬ ਦੀ ਸ਼ਾਇਰੀ ਦੇ ਚਰਚੇ ਸਨ। ਉਸੇ ਹੀ ਮਹਿਫ਼ਲ ਵਿੱਚ ਜਾਲਿਬ ਨੇ ਆਪਣੀਆਂ ਦੋ ਪੰਜਾਬੀ ਰਚਨਾਵਾਂ ਸੁਣਾਈਆਂ ਸਨ। ਇਕ ਗ਼ਜ਼ਲ ਤੇ ਦੂਸਰੀ ਨਜ਼ਮ।

**ਜਾਲਿਬ ਸਾਂਈਂ, ਕਦੇ ਕਦਾਈਂ, ਚੰਗੀ ਗੱਲ ਕਹਿ ਜਾਂਦਾ ਏ।**
**ਲੱਖ ਪੂਜੋ, ਚੜ੍ਹਦੇ ਸੂਰਜ ਨੂੰ, ਆਖਰ ਇਹ ਲਹਿ ਜਾਂਦਾ ਏ।**

'ਕੰਮੀ ਦੀ ਧੀ' ਨਜ਼ਮ ਵੀ ਅਜੇ ਤੀਕ ਭੁੱਲੀ ਨਹੀਂ। ਉਸ ਦੀਆਂ ਕੁਝ ਸਤਰਾਂ ਇੰਝ ਸਨ।

**ਧੀ ਕੰਮੀਂ ਦੀ, ਵੱਡੇ ਘਰ ਵਿੱਚ**
**ਭੁੱਤੀਆਂ ਕਰਦੀ,**
**ਹੰਝੂ ਪੀਂਦੀ, ਹਉਕੇ ਭਰਦੀ**
**ਬੁੱਢੇ ਖਾਨ ਦਾ ਹੁੱਕਾ**
**ਦਿਨ ਵਿੱਚ ਸੌ ਸੌ ਵਾਰੀ, ਤਾਜ਼ਾ ਕਰਦੀ**
**ਸਭ ਦੀ ਗੋਲੀ, ਸਭ ਤੋਂ ਡਰਦੀ**
**ਨਾ ਇਹ ਜੀਉਂਦੀ, ਨਾ ਇਹ ਮਰਦੀ।**
**ਜੋ ਕੰਮੀ ਨੇ ਪਿੰਡ ਵਿੱਚ ਰਹਿਣਾ**
**ਫਿਰ ਇਹ ਸਭ ਕੁਝ ਕਰਨਾ ਪੈਣਾ।**

ਇਸ ਯਾਤਰਾ ਸਮੇਂ ਬਣੇ ਸੰਪਰਕ, ਵਰ੍ਹਿਆਂ ਦੇ ਬੀਤਣ ਨਾਲ, ਹੋਰ ਪੱਕੇਰੇ ਹੁੰਦੇ ਗਏ ਤੇ ਆਪਣੇ 'ਪਿਛਲੇ ਪਿੰਡ' ਨੂੰ ਵੇਖਣ ਦੀ ਤਾਂਘ ਦਿਨੋਂ-ਦਿਨ ਪ੍ਰਬਲ ਹੁੰਦੀ ਗਈ। ਕਦੇ-ਕਦੇ ਕਿਸੇ ਦੋਸਤ-ਮਿੱਤਰ ਦੇ ਹੱਥ, ਜਦੋਂ ਵਾਹਘੇ ਪਾਰ ਤੋਂ ਕੋਈ ਸੁੱਖ-ਸੁਨੇਹੜਾ ਆਉਂਦਾ ਤਾਂ ਹਬੀਬ ਜਾਲਿਬ ਦੇ ਨਾਂ ਦਾ ਜ਼ਿਕਰ ਵੀ ਅਵੱਸ਼ ਛਿੜਦਾ। ਪਾਕਿਸਤਾਨ ਵਿੱਚ ਫੌਜੀ ਰਾਜ ਜਿਵੇਂ ਪੱਕੀ ਤਰ੍ਹਾਂ ਨਾਲ ਲੋਕਾਂ ਦੇ ਨਿਤਾ-ਪ੍ਰਤੀ ਜੀਵਨ ਦਾ ਹਿੱਸਾ ਬਣ ਗਿਆ ਹੋਵੇ। ਪਰ ਇਸ ਤਾਨਾਸ਼ਾਹੀ ਦਾ ਸਿਰਜਣਾਤਮਿਕ ਤੌਰ ਤੇ ਵਿਰੋਧ ਕਰਨ ਵਾਲਿਆਂ ਵਿੱਚ ਹੋਰ ਅਦੀਬਾਂ ਦੇ ਨਾਲ-ਨਾਲ ਜਾਲਿਬ ਦਾ ਵਿਸ਼ੇਸ਼ ਜ਼ਿਕਰ ਚੱਲਦਾ। ਉਹ ਉਰਦੂ ਦੀ ਤਰੱਕੀ ਪਸੰਦ ਅਦਬੀ ਲਹਿਰ ਦੀਆਂ ਨਰੋਈਆਂ ਰਵਾਇਤਾਂ ਨੂੰ ਬਦਲਦੇ ਪ੍ਰਸੰਗਾਂ ਵਿੱਚ, ਅੱਗੇ ਤੋਰਦਾ ਹੋਇਆ, ਮੋਹਰਲੀਆਂ ਸਫ਼ਾਂ ਵਿੱਚ ਆ ਖਲੋਤਾ ਸੀ। ਤੇ ਫਿਰ ਨਜ਼ਰ ਬੰਦੀਆਂ ਦਾ ਅਟੁੱਟ ਸਿਲਸਿਲਾ। ਜਾਲਿਬ ਦੀ ਸ਼ਕਤੀਸ਼ਾਲੀ ਆਵਾਜ਼ ਦਿਨੋਂ-ਦਿਨ ਹੋਰ ਵਧੇਰੇ ਜ਼ੋਰਦਾਰ ਉੱਚੀ ਤੇ ਬੇਖ਼ੌਫ਼ ਹੁੰਦੀ ਗਈ। ਆਤਮ-ਪ੍ਰਗਟਾਵੇ ਦੀ ਆਜ਼ਾਦੀ ਦੇ ਨਾਲ-ਨਾਲ ਜੁਰਅਤ ਨਾਲ ਗੱਲ ਕਰਨ ਦੇ ਸਿੱਟੇ ਵਜੋਂ ਜੇਲ੍ਹ ਦੀ ਕਾਲ-ਕੋਠੜੀ ਜਾਲਿਬ ਦਾ ਪੱਕਾ ਘਰ ਬਣ ਗਈ। ਪਰ ਬੰਦੀ-ਜੀਵਨ ਦੀਆਂ ਦੁਸ਼ਵਾਰੀਆਂ ਲੋਕਾਂ ਦੇ ਹਬੀਬ (ਮਿੱਤਰ) ਨੂੰ ਥਿੜਕਾ ਨਾ ਸਕੀਆਂ ਤੇ ਫ਼ੈਜ਼ ਤੋਂ ਬਾਅਦ ਜਾਲਿਬ ਲੋਕਾਂ ਦਾ ਮਸੀਹਾ ਬਣ ਅਦਬ ਦੇ ਅਸਮਾਨ ਦਾ ਡਲ੍ਹਕਦਾ ਸਿਤਾਰਾ ਬਣ ਗਿਆ।



ਸਰਲ ਸਾਦਾ, ਪਰ ਸਪੱਸ਼ਟ ਆਵਾਜ਼ ਵਿੱਚ ਸਮੇਂ ਦੇ ਸੱਚ ਨੂੰ ਨਿਰਭੈ ਹੋ ਕੇ ਪੇਸ਼ ਕਰਦੇ-ਕਰਦੇ ਜਾਲਿਬ, ਆਵਾਮ ਦੀਆਂ ਅੱਖਾਂ ਦਾ ਤਾਰਾ ਬਣ ਗਿਆ ਸੀ।

ਜਾਲਿਬ 1928 ਵਿੱਚ ਮਿਆਣੀ ਅਫ਼ਗਾਨਾਂ ਜ਼ਿਲ੍ਹਾ ਹੁਸ਼ਿਆਰਪੁਰ ਜੰਮਿਆ ਤੇ ਮਿਡਲ ਤੀਕ ਪਿੰਡੋਂ ਪੜ੍ਹ ਕੇ ਵੱਡੇ ਭਰਾ ਕੋਲ ਦਿੱਲੀ ਚਲਾ ਗਿਆ, ਜਿੱਥੋਂ ਉਹ ਦੇਸ਼ ਦੀ ਤਕਸੀਮ ਉਪਰੰਤ ਪਹਿਲਾਂ ਕਰਾਚੀ ਤੇ ਫਿਰ ਲਾਹੌਰ ਜਾ ਵੱਸਿਆ। ਦਿੱਲੀ ਪੜ੍ਹਦਿਆਂ ਉਸ ਵਿੱਚ ਕਵਿਤਾ ਦੇ ਬੀਜ ਪੁੰਗਰਨ ਲੱਗ ਪਏ ਸਨ। ਜਾਲਿਬ ਦੀ ਪੜ੍ਹਾਈ ਵਿੱਚ ਕਈ ਵਾਰ ਵਿਘਨ ਪਿਆ ਤੇ ਰੋਟੀ-ਰੋਜ਼ੀ ਦੀ ਭਾਲ ਕਰਦਿਆਂ, ਉਸ ਬੜੇ ਮੁਸ਼ਕਿਲ ਹਾਲਾਤ ਵਿੱਚ ਮੈਟ੍ਰਿਕ ਪਾਸ ਕੀਤੀ। ਫਿਰ ਕੁਝ ਦੇਰ ਰੋਜ਼ਾਨਾ 'ਡਾਨ' ਤੇ 'ਜੰਗ' ਅਖ਼ਬਾਰ ਵਿੱਚ ਪਰੂਫ਼ ਪੜ੍ਹਨ ਦੀ ਨੌਕਰੀ ਕੀਤੀ। ਨਾਲ ਦੇ ਨਾਲ ਉਹ ਮੁਸ਼ਹਿਰਿਆਂ ਵਿੱਚ ਵੀ ਹਿੱਸਾ ਲੈਣ ਲੱਗ ਪਿਆ ਸੀ। ਇੱਕ ਮੁਸ਼ਹਿਰੇ ਵਿੱਚ ਨਜ਼ਮ ਪੜ੍ਹਦਿਆਂ, ਕੋਹੇ ਤੂਰ ਟੈਕਸਟਾਈਲ ਮਿਲਜ਼ ਦੇ ਮਾਲਕ ਨੇ ਉਨ੍ਹਾਂ ਦੀ ਕਵਿਤਾ ਤੇ ਪ੍ਰਭਾਵਤ ਹੋ ਕੇ, ਨੌਕਰੀ ਦੇ ਦਿੱਤੀ, ਪਰ ਕੁਝ ਦਿਨਾਂ ਪਿੱਛੋਂ ਇੱਕ ਮੁਸ਼ਹਿਰੇ ਵਿੱਚ ਹੇਠ ਲਿਖਿਆ ਬੰਦ ਸੁਣਾਉਣ ਕਾਰਨ ਨੌਕਰੀ ਤੋਂ ਜਵਾਬ ਹੋ ਗਿਆ।

**ਸ਼ਿਅਰ ਹੋਤਾ ਹੈ ਅਬ ਮਹੀਨੋਂ ਮੇਂ**
**ਜ਼ਿੰਦਗੀ ਢਲ ਗਈ ਹੈ ਮਸ਼ੀਨੋਂ ਮੇਂ**
**ਪਿਆਰ ਕੀ ਰੌਸ਼ਨੀ ਨਹੀਂ ਮਿਲਤੀ**
**ਇਨ ਮਕਾਨੋਂ ਮੇਂ, ਇਨ ਮਕੀਨੋਂ ਮੇਂ।**

ਜਾਲਿਬ ਦੀ ਪਹਿਲੀ ਗ੍ਰਿਫਤਾਰੀ ਮੁਜ਼ਾਰਾ ਲਹਿਰ (ਹਾਰੀ ਤਹਿਰੀਕ) ਵਿੱਚ 1954 ਵਿੱਚ ਹੋਈ ਤੇ ਇਸ ਤੋਂ ਬਾਅਦ ਫਿਰ ਇਹ ਚੱਕਰ ਜ਼ਿੰਦਗੀ ਦੇ ਅਖੀਰ ਤੀਕ ਚੱਲਦਾ ਰਿਹਾ। ਵੰਡ ਤੋਂ ਬਾਅਦ ਦੇ ਸਾਲਾਂ ਵਿੱਚ ਜਾਲਿਬ ਨੇ ਦਿੱਲੀ, ਬੰਬਈ, ਹੈਦਰਾਬਾਦ, ਲਖਨਊ, ਨਾਗਪੁਰ ਤੇ ਗਵਾਲੀਅਰ ਆਦਿ ਸ਼ਹਿਰਾਂ ਵਿੱਚ ਹੋਏ ਮੁਸ਼ਹਿਰਿਆਂ ਵਿੱਚ ਹਿੱਸਾ ਲਿਆ ਤੇ ਦਿੱਲੀ ਤੋਂ ਵਾਪਸ ਪਾਕਿਸਤਾਨ ਪਰਤਦੇ ਹੋਏ, ਆਪਣੇ ਪਿੰਡ ਮਿਆਣੀ ਅਫ਼ਗਾਨਾ ਵੀ ਗੇੜਾ ਮਾਰ ਗਏ। ਉਹ ਨੈਸ਼ਨਲ ਅਵਾਮੀ ਪਾਰਟੀ ਦੇ ਸਮਰਥਕ ਬਣ ਗਏ ਤੇ ਅਖੀਰ ਉਮਰ ਤੀਕ ਏਸੇ ਪਾਰਟੀ ਨਾਲ ਪ੍ਰਤੀਬੱਧ ਰਹੇ। ਜਾਲਿਬ ਨੇ ਬਹੁਤ ਸਾਰੀਆਂ ਫ਼ਿਲਮਾਂ ਦੇ ਗੀਤ ਵੀ ਲਿਖੇ ਤੇ ਵੱਡੇ ਫ਼ਿਲਮੀ ਸਨਮਾਨ ਪ੍ਰਾਪਤ ਕੀਤੇ।

ਰਾਜਸੀ ਪ੍ਰਤੀਬੱਧਤਾ ਤੇ ਸ਼ਾਇਰੀ ਵਿੱਚ ਜਮਹੂਰੀ ਅਸੂਲਾਂ ਤੇ ਅਵਾਮ-ਦੋਸਤੀ ਕਾਰਨ, ਜਾਲਿਬ ਸੁੱਤੇ-ਸਿੱਧ ਹਰ ਅਵਾਮੀ ਤਹਿਰੀਕ ਨਾਲ ਜੁੜ ਜਾਂਦਾ ਸੀ ਤੇ ਸਿੱਟੇ ਵਜੋਂ ਗ੍ਰਿਫਤਾਰ ਹੋ ਕੇ ਜੇਲ੍ਹ ਜਾਣਾ, ਉਸ ਲਈ ਨਿੱਤ ਦਾ ਕਰਮ ਹੋ ਗਿਆ ਸੀ। ਪਹਿਲਾਂ ਜਨਰਲ ਅਯੂਬ ਵੇਲੇ ਤੇ ਫਿਰ ਜਨਰਲ ਯਹੀਯਾ ਖਾਨ ਤੇ ਜ਼ਿਆ-ਉਲ-ਹੱਕ ਦੇ ਫੌਜੀ ਰਾਜ ਵਿੱਚ ਲੋਕਾਂ ਦੇ ਲਿਖਣ, ਬੋਲਣ ਤੇ ਸੰਘਰਸ਼ ਕਰਨ ਦੇ ਜਮਹੂਰੀ ਹੱਕਾਂ ਦੇ ਕੁਚਲੇ ਜਾਣ ਕਾਰਨ ਸਾਰਾ ਪਾਕਿਸਤਾਨ ਇੱਕ ਖੁੱਲ੍ਹੀ ਜੇਲ੍ਹ ਬਣ ਗਿਆ ਸੀ। ਆਤਮ-ਪ੍ਰਗਟਾਵੇ ਦੀ ਸਾਧਾਰਨ ਘਟਨਾ ਨੂੰ ਵੱਡੀ ਸਾਜ਼ਿਸ਼ ਦਾ ਨਾਂ ਦੇ ਕੇ, ਫੌਜੀ ਜੁੰਡਲੀ ਵਿਰੋਧੀ ਵਿਚਾਰਾਂ ਵਾਲੇ ਲੋਕਾਂ ਉੱਤੇ ਬੇਪਨਾਹ ਤਸ਼ੱਦਦ ਕਰਦੀ ਸੀ। ਐਸੀ ਖਤਰਨਾਕ ਸਥਿਤੀ ਵਿੱਚ ਲੋਕਾਂ ਦਾ ਸਾਥ ਦੇਣ ਵਾਲੇ ਲੇਖਕਾਂ ਦੀ ਖ਼ੈਰ ਸੁੱਖ ਨਹੀਂ ਸੀ ਹੁੰਦੀ। ਫੌਜੀ ਰਾਜ ਦਾ ਨਿਰੰਤਰ ਵਿਰੋਧ, ਹੱਕ-ਸੱਚ ਦਾ ਸਾਥ ਤੇ ਅਵਾਮ ਦੇ ਨਾਗਰਿਕ ਹੱਕਾਂ ਦਾ ਡੱਟਵਾਂ ਸਮਰਥਨ, ਜਾਲਿਬ-ਕਾਵਿ ਦੀਆਂ ਮੂਲ ਥੀਮਿਕ ਇਕਾਈਆਂ ਹਨ। ਕਲਾ ਕਲਾ ਲਈ ਦੇ ਸਿਧਾਂਤਕਾਰ ਤੇ ਬੁਰਜੂਆ ਸੁਹਜ-ਸ਼ਾਸ਼ਤਰੀ, ਜਾਲਿਬ ਦੀ ਸ਼ਾਇਰੀ ਤੇ ਵੀ ਉਹੀ ਪੁਰਾਣਾ ਦੂਸ਼ਣ ਲਾਉਂਦੇ ਰਹੇ ਕਿ ਇਸ ਵਿੱਚ ਸੁੰਦਰਤਾ ਤੇ ਕੋਮਲਤਾ ਦੀ ਘਾਟ ਹੈ, ਇਹ ਸ਼ਾਇਰੀ ਸਿਆਸੀ ਪਰਾਪੇਗੰਡਾ ਕਰਦੀ ਹੈ, ਪਰ ਜਾਲਿਬ ਨੇ ਅਜਿਹੇ ਇਲਜ਼ਾਮਾ ਦੀ ਕਦੇ ਪ੍ਰਵਾਹ ਨਹੀਂ ਸੀ ਕੀਤੀ ਤੇ ਆਖ਼ਰੀ ਦਮ ਤੀਕ ਲੋਕ-ਮੁਖੀ ਸੁਹਜ-ਸ਼ਾਸ਼ਤਰ ਦੇ ਨਿਰਮਾਣ ਤੇ ਜ਼ੁਲਮ ਦੇ ਵਿਰੁੱਧ ਸੰਗਰਾਮ ਵਿੱਚ ਜੁੱਟਿਆ ਰਿਹਾ।

ਮੇਰੇ ਹਾਥ ਮੇਂ ਕਲਮ ਹੈ, ਮੇਰੇ ਜ਼ਿਹਨ ਮੇਂ ਉਜਾਲਾ
ਮੁਝੇ ਕਿਆ ਦਬਾ ਸਕੇਗਾ, ਕੋਈ ਜ਼ੁਲਮਤੋਂ ਕਾ ਪਾਲਾ।

ਦੇਨਾ ਪੜ੍ਹੇ ਕੁਝ ਭੀ ਹਰਜਾਨਾ, ਸੱਚ ਹੀ ਲਿਖਤੇ ਜਾਨਾ
ਮੱਤ ਘਬਰਾਨਾ, ਮੱਤ ਡਰ ਜਾਨਾ, ਸੱਚ ਹੀ ਲਿਖਤੇ ਜਾਨਾ।

ਸੱਚ ਕਹਿ ਕੇ ਕਿਸੀ ਦੌਰ ਮੇਂ ਪਛਤਾਏ ਨਹੀਂ ਹਮ
ਕਿਰਦਾਰ ਪੇ ਅਪਨੇ ਕਭੀ ਸ਼ਰਮਾਏ ਨਹੀਂ ਹਮ

ਮਰਦਾਂ ਦੇ ਟਾਕਰੇ ਤੇ ਔਰਤਾਂ ਦੀ ਅੱਧੀ ਗਵਾਹੀ ਦੇ ਵਿਰੁੱਧ ਲਾਹੌਰ ਵਿੱਚ ਨਿਕਲੇ ਜਲੂਸ ਵਿੱਚ ਸ਼ਾਮਿਲ ਹੋਣ ਤੇ ਪੁਲਸ ਨੇ ਜਾਲਿਬ ਨੂੰ ਸ਼ਰ੍ਹੇਆਮ ਕੁੱਟਿਆ ਤਾਂ ਉਸ ਨੇ ਲਿਖਿਆ ਸੀ।

ਜਿਸਮ ਪੇ ਜੋ ਜ਼ਖ਼ਮੋਂ ਕੇ ਨਿਸ਼ਾਂ ਹੈਂ, ਅਪਨੇ ਤਗਮੇਂ ਹੈਂ
ਮਿਲੀ ਹੈ ਐਸੀ ਦਾਦ ਵਫ਼ਾ ਕੀ ਕਿਸੇ ਸੜਕ ਕੇ ਬੀਚ।

ਜਾਲਿਬ ਦੀ ਖਾਸੀਅਤ ਸੀ ਕਿ ਜ਼ੁਲਮ ਦੇ ਝੁੱਲਦੇ ਕਾਲੇ ਬੋਲੇ ਝੱਖੜਾਂ ਵਿੱਚ ਵੀ ਉਹ ਝੂਠ ਨੂੰ ਝੂਠ ਤੇ ਸੱਚ ਨੂੰ ਸੱਚ ਲਿਖਦਾ ਸੀ ਤੇ ਹਕੂਮਤੀ ਜ਼ਬਰ ਨਾਲ ਕਦੇ ਸਮਝੌਤਾ ਨਹੀਂ ਸੀ ਕਰਦਾ।

ਜ਼ੁਲਮਤ ਕੋ ਜ਼ਿਆ, ਸਰਸਰ ਕੋ ਸਬਾ, ਬੰਦੇ ਕੋ ਖ਼ੁਦਾ ਕਿਆ ਲਿਖਨਾ
ਪੱਥਰ ਕੋ ਗੌਹਰ, ਦੀਵਾਰ ਕੋ ਦਰ, ਕਰਗਸ ਕੋ ਹੁਮਾ ਕਿਆ ਲਿਖਨਾ।

ਜਾਲਿਬ ਦੀ ਸ਼ਾਇਰੀ ਪਾਕਿਸਤਾਨ ਦੇ ਅਵਾਮ ਨੂੰ ਮੁਖਾਤਿਬ ਹੁੰਦੀ ਸੀ। ਹਰ ਖ਼ਤਰੇ ਸਮੇਂ, ਜ਼ੁਲਮ ਤੇ ਹਰ ਦੌਰ ਵਿੱਚ ਜਾਲਿਬ, ਦੀ ਕਲਮ ਚੁੱਪ ਨਹੀਂ ਸੀ ਰਹਿੰਦੀ।

ਆਖਰੀ ਰਾਤ ਹੈ ਸਰ ਨਾ ਝੁਕਾਨਾ ਲੋਗੋ
ਹੁਸਨੇ-ਅਦਰਾਕ ਕੀ ਸ਼ਮ੍ਹੇਂ ਨਾ ਬੁਝਾਨਾ ਲੋਗੋ
ਇੰਤਹਾ ਜ਼ੁਲਮ ਕੀ ਹੋ ਜਾਏ, ਵਫ਼ਾ ਵਾਲੋਂ, ਪਰ
ਗ਼ੈਰ-ਮੁਮਕਿਨ ਹੈ ਮੁਹੱਬਤ ਕੋ ਮਿਟਾਨਾ ਲੋਗੋ।

ਸੱਚ ਦੀ ਪੇਸ਼ਕਾਰੀ, ਲੋਕਾਂ ਨੂੰ ਆਪਣੇ ਦੁਸ਼ਮਣਾਂ ਤੋਂ ਬੇਦਾਰ ਕਰਨ ਦੇ ਨਾਲ-ਨਾਲ, ਫੌਜੀ-ਤਾਨਾਸ਼ਾਹੀ ਦਾ ਵਿਰੋਧ, ਜਾਲਿਬ ਦੀ ਸਮੁੱਚੀ ਸ਼ਾਇਰੀ ਦੀ ਮੁੱਖ ਆਧਾਰ-ਸ਼ਿਲਾ ਹੈ। ਇਹ ਲੜਾਈ ਬੜੀ ਲੰਮੀ ਤੇ ਕਠਨ ਸੀ ਤੇ ਬੇਅੰਤ ਕੁਰਬਾਨੀ ਤੇ ਸਿਰੜ ਮੰਗਦੀ ਸੀ, ਪਰ ਪਾਕਿਸਤਾਨ ਦੇ ਅਵਾਮ ਉੱਤੇ ਅਥਾਹ ਭਰੋਸਾ ਕਰਦੇ ਹੋਏ ਅਤੇ ਚੰਗੇਰੇ ਭਵਿੱਖ ਦੀ ਆਸ ਕਰਦੇ ਰਹਿਣ ਕਾਰਨ, ਜਾਲਿਬ ਦੇ ਪੈਰ ਕਦੇ ਡੋਲੇ-ਡਗਮਗਾਏ ਨਹੀਂ ਸਨ। ਉਸ ਦੀ ਸ਼ਾਇਰੀ ਸਿੱਧੀ, ਸਪੱਸ਼ਟ ਲੋਕ-ਦੁਸ਼ਮਣਾਂ ਨੂੰ ਸੰਬੋਧਨ ਹੁੰਦੀ ਸੀ ਤੇ ਆਪਣੇ ਪੈਗ਼ਾਮ ਨੂੰ ਜਨਤਾ ਤੀਕ ਪਹੁੰਚਾਣ ਲਈ ਉਹ ਕਲਾਤਮਿਕ ਚੁਸਤੀਆਂ ਦਾ ਆਸਰਾ ਨਹੀਂ ਸੀ ਲੈਂਦਾ। ਸਾਦਾ ਪ੍ਰਗਟਾ—ਢੰਗ ਉਸ ਦੀ ਪਛਾਣ ਬਣ ਗਿਆ ਸੀ। ਫੀਲਡ ਮਾਰਸ਼ਲ ਮੁਹੰਮਦ ਅਯੂਬ ਖਾਨ ਦੇ ਲੋਕ-ਵਿਰੋਧੀ ਇਸਲਾਮੀ ਦਸਤੂਰ (ਕਾਨੂੰਨ) ਦੀ ਵਿਰੋਧਤਾ ਕਰਦਾ ਹੋਇਆ ਕਵੀ ਆਖਦਾ ਹੈ।

ਫੂਲ ਸ਼ਾਖੋਂ ਪੇ ਖਿਲਨੇ ਲਗੇ, ਤੁਮ ਕਹੋ
ਜਾਮ ਰਿੰਦੋਂ ਕੋ ਮਿਲਨੇ ਲਗੇਂ, ਤੁਮ ਕਹੋ
ਚਾਕ ਸੀਨੋਂ ਕੇ ਸਿਲਨੇ ਲਗੇ, ਤੁਮ ਕਹੋ
ਇਸ ਖੁਲ੍ਹੇ ਝੂਠ ਕੋ, ਜ਼ਿਹਨ ਕੀ ਲੂਟ ਕੋ,
ਮੈਂ ਨਹੀਂ ਮਾਨਤਾ, ਮੈਂ ਨਹੀਂ ਮਾਨਤਾ।

ਇੱਕ ਫੌਜੀ ਜਰਨੈਲ ਬਦਨਾਮ ਹੋਣ ਉੱਤੇ, ਜਦੋਂ ਹਕੂਮਤ ਦੀ ਵਾਂਗ-ਡੋਰ ਦੂਸਰੇ ਜਰਨੈਲ (ਯਹੀਯਾ ਖ਼ਾਨ) ਨੂੰ ਸੌਂਪ ਗਿਆ ਤਾਂ ਜਾਲਿਬ ਨੇ ਕਿਹਾ ਸੀ;



ਤੁਮ ਸੇ ਪਹਿਲੇ ਵੁਹ ਜੋ ਇਕ ਸ਼ਖ਼ਸ਼ ਯਹਾਂ ਤਖ਼ਤ ਨਸ਼ੀਂ ਥਾ।
ਉਸ ਕੋ ਭੀ ਅਪਨੇ ਖ਼ੁਦਾ ਹੋਨੇ ਪੇ ਇਤਨਾ ਹੀ ਯਕੀਂ ਥਾ।

ਇੱਕ ਪੰਜਾਬੀ ਨਜ਼ਮ ਵਿੱਚ ਵੀ ਫੌਜੀ ਬੂਟਾਂ ਵਾਲੀ ਸਰਕਾਰ ਵੱਲ ਸੰਕੇਤ ਕੀਤਾ ਹੈਂ,

ਡਾਕੂਆਂ ਦਾ ਜੇ ਸਾਥ ਨਾ ਦਿੰਦਾ, ਪਿੰਡ ਦਾ ਪਹਿਰੇਦਾਰ।
ਅੱਜ ਪੈਰੀਂ ਜ਼ੰਜੀਰ ਨਾ ਹੁੰਦੀ, ਜਿੱਤ ਨਾ ਬਣਦੀ ਹਾਰ।
ਪੱਗਾਂ ਆਪਣੇ ਗਲ ਵਿੱਚ ਪਾ ਲਓ, ਟੁਰੋ ਪੇਟ ਦੇ ਭਾਰ।
ਚੜ੍ਹ ਜਾਏ ਤੇ ਮੁਸ਼ਕਿਲ ਲਹਿੰਦੀ, ਬੂਟਾਂ ਦੀ ਸਰਕਾਰ।

1971 ਵਿੱਚ ਕਿਸਾਨ ਹਾਲ ਲਾਹੌਰ ਵਿੱਚ ਇੱਕ ਜਲਸੇ ਨੂੰ ਸੰਬੋਧਨ ਕਰਦੇ ਹੋਏ ਜਾਲਿਬ ਨੇ ਕਿਹਾ ਸੀ ਕਿ "ਯਹੀਯਾ ਖਾਨ ਤੇ ਨੂਰ ਉਲਾ ਮੀਨ ਸਾਡੇ ਮੁਲਕ ਪਾਕਿਸਤਾਨ ਨੂੰ ਤੋੜ ਰਹੇ ਹਨ। ਪੁਲਸ ਵਾਲਿਓ! ਮੇਰਾ ਬਿਆਨ ਲਿਖ ਲਵੋ ਕਿ ਅੱਜ ਤੋਂ ਬਾਅਦ ਚੁੱਪ ਰਹਿਣਾ ਬੇਈਮਾਨੀ ਹੋਵੇਗੀ ਤੇ ਜੇਲ੍ਹ ਤੋਂ ਬਾਹਰ ਰਹਿਣਾ ਬੇ ਗ਼ੈਰਤੀ।" ਫਿਰ ਇਹ ਕਿਤਾਅ ਪੜ੍ਹਿਆ ਤੇ ਗ੍ਰਿਫਤਾਰ ਹੋ ਕੇ ਕੈਂਪ ਜੇਲ੍ਹ ਪਹੁੰਚ ਗਏ।

ਮੁਹੱਬਤ ਗੋਲੀਆਂ ਸੇ ਬੋ ਰਹੇ ਹੈਂ,
ਵਤਨ ਕਾ ਚਿਹਰਾ ਖ਼ੂੰ ਸੇ ਧੋ ਰਹੇ ਹੈਂ
ਗੁਮਾਂ ਤੁਮ ਕੋ ਕਿ ਰਸਤਾ ਕਟ ਰਹਾ ਹੈਂ
ਯਕੀਂ ਮੁਝ ਕੋ ਕਿ ਮੰਜ਼ਿਲ ਖੋ ਰਹੇ ਹੈਂ।

ਫ਼ੈਜ਼ ਅਹਿਮਦ ਫ਼ੈਜ਼ ਦੀ ਤਰੱਕੀ ਪਸੰਦ ਸ਼ਾਇਰਾਨਾ ਕਾਵਿ-ਪਰੰਪਰਾ ਨੂੰ ਅੱਗੇ ਤੋਰਨ ਦਾ ਹਬੀਬ ਜਾਲਬ ਦਾ ਆਪਣਾ ਵੱਖਰਾ ਢੰਗ ਸੀ। ਫ਼ੈਜ਼ ਵਿੱਚ ਸੁਹਜ-ਸਿਰਜਣਾ ਵਧੇਰੇ ਸੀ, ਖਿਆਲ ਦੀ ਬੁਲੰਦੀ, ਖਰਵੇ ਯਥਾਰਥ ਨੂੰ ਰੋਮਾਂਟਿਕ ਛੁਹ ਦੇਣ ਦਾ ਕਮਾਲ ਦਾ ਕਸਬ ਸੀ, ਪੁਰਾਣੀ ਉਰਦੂ ਕਾਵਿ-ਬਿੰਬਾਵਲੀ ਨੂੰ ਨਵੇਂ ਤੇ ਡੂੰਘੇਰੇ ਅਰਥ ਦੇਣ ਦੀ ਅਥਾਹ ਸਮਰੱਥਾ ਸੀ ਤੇ ਦਿਲ ਵਿੱਚ ਉਤਰ ਜਾਣ ਵਾਲਾ ਸ਼ਾਇਰਾਨਾ ਕਮਾਲ ਹਾਸਿਲ ਸੀ। ਪਰ ਇਸੇ ਹੀ ਤਰੱਕੀ ਪਸੰਦ ਉਰਦੂ ਸ਼ਾਇਰੀ ਨੂੰ ਆਪਣੇ ਵੱਖਰੇ ਅੰਦਾਜ਼ ਵਿੱਚ ਆਮ ਲੋਕਾਂ ਤੀਕ ਲੈ ਜਾਣ ਦਾ ਜਾਲਿਬ ਦਾ ਵੱਖਰਾ ਤੋਰ-ਤਰੀਕਾ ਸੀ। ਸਰਲ, ਸਾਦਾ ਜ਼ੁਬਾਨ ਵਿੱਚ ਲੋਕ-ਦੁਸ਼ਮਣਾਂ ਦੇ ਚਿਹਰਿਆਂ ਤੋਂ ਨਕਾਬ ਲਾਹ ਦੇਣ ਦਾ ਉਸ ਦਾ ਸਿੱਧਾ-ਸਾਦਾ ਢੰਗ ਸੀ। ਉਸ ਦੀ ਉਰਦੂ ਜ਼ੁਬਾਨ, ਗਲੀਆਂ-ਮੁਹੱਲਿਆਂ ਵਿੱਚ ਵਿਚਰਦੇ ਆਮ ਲੋਕਾਂ ਦੀ ਜ਼ੁਬਾਨ ਸੀ ਤੇ ਉਸ ਨੇ ਸਾਦਗੀ ਵਿਚੋਂ ਸੁੰਦਰਤਾ ਪੈਦਾ ਕਰਨ ਦਾ ਰਾਹ ਲੱਭਿਆ ਸੀ। ਆਪੋ-ਆਪਣੇ ਖੇਤਰ ਦੇ ਦੋਵੇਂ ਹੀ ਵੱਡੇ ਤੇ ਹਰਮਨ ਪਿਆਰੇ ਸ਼ਾਇਰ ਸਨ, ਜਿਨ੍ਹਾਂ ਆਪਣੇ-ਆਪਣੇ ਦੌਰ ਦੀਆਂ ਚੁਣੌਤੀਆਂ ਨੂੰ ਸਵੀਕਾਰ ਕਰਦਿਆਂ ਅਵਾਮ ਦਾ ਸਾਥ ਦਿੱਤਾ ਤੇ ਸ਼ਾਇਰੀ ਨੂੰ ਜਨ-ਸਾਧਾਰਨ ਤੀਕ ਲੈ ਕੇ ਗਏ।

ਜਿਥੇ ਜਾਲਿਬ ਨੂੰ ਆਪਣੀ ਜ਼ਿੰਦਗੀ ਵਿੱਚ ਦੇਸ਼ ਦੇ ਹਾਕਮਾਂ ਹੱਥੋਂ ਮਾਰ-ਕੁੱਟ ਜ਼ਿੱਲਤ, ਕੈਦ ਅਤੇ ਹਰ ਪ੍ਰਕਾਰ ਦੇ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ, ਉਥੇ ਪਾਕਿਸਤਾਨ ਦੇ ਅਵਾਮ ਅਤੇ ਦੁਨੀਆਂ ਭਰ ਦੇ ਇਨਸਾਫ਼ਪਸੰਦ ਲੋਕਾਂ, ਲੇਖਕਾਂ ਤੇ ਕਲਾਕਾਰਾਂ ਦਾ ਬੇਹੱਦ ਪਿਆਰ ਮਿਲਿਆ। ਅਹਿਮਦ ਨਦੀਮ ਕਾਸਮੀ ਦੇ ਸ਼ਬਦਾਂ ਵਿੱਚ, "ਇਹ ਤਹਿ ਹੈ ਕਿ ਉਸ ਨੇ ਜੋ ਕੁਝ ਵੀ ਕਿਹਾ, ਅਸਚਰਜ-ਭਰੇ ਹੌਂਸਲੇ ਤੇ ਖਲੂਸ ਦੇ ਨਾਲ ਕਿਹਾ। ਇਹ ਹੌਂਸਲਾ ਉਹਨੂੰ ਸਦਾਕਤ ਵਿੱਚ ਵਿਸ਼ਵਾਸ ਨੇ ਵੀ ਦਿੱਤਾ ਅਤੇ ਮੁਲਕ ਦੇ ਅਵਾਮ ਦੀ ਹਿਮਾਇਤ ਨੇ ਵੀ ਦਿੱਤਾ, ਜਿਨ੍ਹਾਂ ਦੀਆਂ ਮੁਸ਼ਕਲਾਂ ਤੇ ਜਿਨ੍ਹਾਂ ਦੇ ਬੁਨਿਆਦੀ ਹੱਕਾਂ ਦੇ ਕੁਚਲੇ ਜਾਣ ਦਾ ਵਰਨਣ ਜਾਲਬ ਦੀ ਸ਼ਾਇਰੀ ਦਾ ਵਿਸ਼ਾ-ਵਸਤੂ ਸੀ। ਉਸਨੂੰ ਏਨੀ ਪ੍ਰਵਾਨਗੀ ਪ੍ਰਾਪਤ ਹੋਈ ਕਿ ਉਹ ਆਪਣੀ ਜ਼ਿੰਦਗੀ ਵਿੱਚ Legend ਬਣ ਗਿਆ ਸੀ। ਇਹ ਪ੍ਰਸਿੱਧੀ, ਇਹ ਪ੍ਰਵਾਨਗੀ ਤੇ ਇੱਜ਼ਤ ਉਸ ਉੱਤੇ ਅਸਮਾਨ ਉੱਤੋਂ ਨਹੀਂ ਸੀ ਡਿੱਗੀ, ਉਸ ਨੇ ਇਹ ਸਭ ਕੁੱਝ ਬੇਸ਼ੁਮਾਰ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਸੀ। ਪਾਕਿਸਤਾਨ ਦੀ ਅਦਬੀ ਤੇ ਸਿਆਸੀ ਤਾਰੀਖ ਵਿੱਚ ਉਸ

ਦਾ ਨਾਮ ਤੇ ਕੰਮ ਹਮੇਸ਼ਾ ਜ਼ਿੰਦਾ ਰਹੇਗਾ।"

ਜਾਲਿਬ ਦੇ ਉਸ ਦੀ ਜ਼ਿੰਦਗੀ ਵਿੱਚ 11 ਕਾਵਿ-ਸੰਗ੍ਰਹਿ ਛਪੇ ਸਨ। (1) ਬਰਗ-ਆਵਾਰਾ (1957) (2) ਸਰੇ-ਮਕਤਲ (1966) (3) ਅਹਿਦੇ-ਸਿਤਮ (4) ਜ਼ਿਕਰ ਬਹਿਤੇ ਖ਼ੂਨ ਕਾ (5) ਗੈਸੇ ਮੇਂ ਕਫਸ ਕੇ (6) ਅਹਿਦੇ ਸਜ਼ਾ (7) ਹਰਫ਼ੇ-ਹੱਕ (8) ਇਸ ਸ਼ਹਿਰੇ-ਖਰਾਬੀ ਮੇਂ (9) ਜਾਲਬ ਨਾਮਾ (10) ਹਰਫ਼ੇ ਸਰੇਦਾਰ (11) ਕਲਯਾਤੇ ਹਬੀਬ ਜਾਲਿਬ। ਇਸ ਤੋਂ ਬਿਨਾਂ ਜਾਲਿਬ ਦੀ ਜ਼ਿੰਦਗੀ ਵਿੱਚ ਅਤੇ ਉਸ ਦੀ ਮੌਤ ਤੋਂ ਬਾਅਦ ਉਸ ਦੀ ਸ਼ਾਇਰੀ ਤੇ ਸ਼ਖ਼ਸੀਅਤ ਬਾਰੇ ਬਹੁਤ ਸਾਰੀਆਂ ਕਾਬਲੇ-ਜ਼ਿਕਰ ਕਿਤਾਬਾਂ ਛਪੀਆਂ ਹਨ। ਇਨ੍ਹਾਂ ਵਿੱਚ 'ਹਬੀਬ ਜਾਲਿਬ-ਫ਼ਨ ਔਰ ਸ਼ਖ਼ਸ਼ੀਅਤ (1978) ਕੋਈ ਤੋ ਪਰਚਮ ਲੇ ਕੇ ਨਿਕਲੇ (ਮਜਾਹਦ ਬਰੇਕਵੀ) ਹਬੀਬ ਜਾਲਿਬ, ਫ਼ਨ ਤੇ ਸ਼ਖਸੀਅਤ (ਸੰਪਾਦਕ ਨੰਦ ਕਿਸ਼ੋਰ ਵਿਕਰਮ, ਦਿੱਲੀ, ਜਾਲਿਬ ਬੀਤੀ (ਸੰਪਾਦਕ ਤਾਹਰ ਅਸਗ਼ਰ) 21 ਬੀਸਵੀਂ ਸਦੀ ਅਵਾਮੀ ਸ਼ਾਇਰ (ਸੰਪਾਦਕ ਜ਼ਹੂਰ ਅਹਿਮਦ ਖ਼ਾਨ— ਜਾਲਿਬ (ਕਰਾਚੀ) ਹਬੀਬ ਜਾਲਿਬ-ਘਰ ਕੀ ਗਵਾਹੀ, ਤਰਤੀਬ, ਸਲੀਦ ਪ੍ਰਵੇਜ਼, ਹਬੀਬ ਜਾਲਿਬ (ਸ਼ਾਇਰ ਸ਼ੁਹਲਾ ਨਵਾ) ਅਤੇ ਹੋਰ ਕਈ ਸ਼ਾਮਿਲ ਨੇ।

ਜਾਲਿਬ ਦੇ ਭਾਈ ਸਾਹਿਬ ਜਨਾਬ ਸਈਦ ਪ੍ਰਵੇਜ਼ ਸਾਹਿਬ ਨੇ ਆਪਣੇ ਸ਼ਾਇਰ ਭਰਾ ਬਾਰੇ ਬੜੀ ਮਿਹਨਤ ਤੇ ਲਗਨ ਨਾਲ ਕੰਮ ਕੀਤਾ ਅਤੇ ਤਿੰਨ ਜਿਲਦਾਂ ਵਿੱਚ ਜਾਲਿਬ ਦੀ ਸ਼ਖ਼ਸੀਅਤ ਤੇ ਕਲਾਮ ਬਾਰੇ ਸਮਕਾਲੀ ਕਵੀਆਂ, ਲੇਖਕਾਂ, ਦੋਸਤਾਂ ਤੇ ਹੋਰ ਪ੍ਰਸ਼ੰਸਕਾਂ ਦੀਆਂ ਨਜ਼ਮਾਂ ਤੇ ਯਾਦਾਂ ਨੂੰ ਸੰਪਾਦਤ ਕਰਕੇ ਛਪਵਾਉਣ ਦਾ ਉੱਦਮ ਕੀਤਾ ਹੈ।

ਜਾਲਿਬ ਨੇ ਭਾਵੇਂ ਨਜ਼ਮ ਤੇ ਗੀਤ ਵੀ ਖ਼ੂਬ ਲਿਖੇ ਹਨ, ਪਰ ਉਰਦੂ ਗ਼ਜ਼ਲ ਵਿੱਚ ਉਨ੍ਹਾਂ ਦੀ ਆਪਣੀ ਵੱਖਰੀ ਪਛਾਣ ਹੈ। ਉਨ੍ਹਾਂ ਨੇ ਸਰਲ ਸਾਦਾ ਜ਼ੁਬਾਨ ਦੀ ਵਰਤੋਂ ਕਰਦਿਆਂ, ਹੱਕਾਂ ਲਈ ਜੂਝਦੇ ਲੋਕਾਂ ਦੀਆਂ ਜਦੋ-ਜਹਿਦਾਂ ਨੂੰ ਗ਼ਜ਼ਲ ਦੇ ਸ਼ਿਅਰਾਂ ਵਿੱਚ ਗੁੰਦਿਆ ਹੈ। ਉਸਨੇ ਸਾਦਗੀ ਵਿਚੋਂ ਸੁੰਦਰਤਾ ਪੈਦਾ ਕੀਤੀ ਹੈ ਅਤੇ ਗ਼ਜ਼ਲ ਨੂੰ ਦੇਸ਼ ਦੀ ਜਮਹੂਰੀ ਜਦੋ-ਜਹਿਦ ਨਾਲ ਜੋੜ ਦਿੱਤਾ।

ਜਾਲਿਬ ਦੀ ਗਿਣਤੀ ਸੰਸਾਰ ਦੇ ਕ੍ਰਾਂਤੀਕਾਰੀ ਜਨਵਾਦੀ (Revolutionary Democratic) ਸ਼ਾਇਰਾਂ ਵਿੱਚ ਕੀਤੀ ਜਾਂਦੀ ਹੈ। ਉਰਦੂ ਦੇ ਪ੍ਰਮੁੱਖ ਭਾਰਤੀ ਸ਼ਾਇਰ ਸ੍ਰੀ ਅਲੀ ਸਰਦਾਰ ਜਾਫ਼ਰੀ ਦੇ ਸ਼ਬਦਾਂ ਵਿੱਚ।

"ਹਬੀਬ ਜਾਲਿਬ-ਇਹ ਵੀਹਵੀਂ ਸਦੀ ਦੀ ਆਵਾਜ਼ ਹੈ। ਇਕ ਦਾ ਨਾਂ ਕਾਜ਼ੀ, ਨਜ਼ਰਉਲ ਇਸਲਾਮ ਹੈ (ਬੰਗਾਲੀ)। ਇੱਕ ਨਾਂ ਨਾਜ਼ਿਮ ਹਿਕਮਤ ਹੈ (ਤੁਰਕੀ)। ਇੱਕ ਨਾਂ ਪਾਬਲੋ ਨੇਰੂਦਾ ਹੈ (ਸਪੇਨੀ) ਇਕ ਨਾਂ ਮਹਿਮੂਦ ਦਰਵੇਸ਼ ਹੈ (ਅਰਬੀ) ਇੱਕ ਨਾਂ ਮਾਇਆਕੋਵਸਕੀ (ਰੂਸੀ) ਹੈ।

ਖ਼ੁਦ ਬਾਰੇ ਹਬੀਬ ਜਾਲਿਬ ਨੇ ਆਪਣੀ ਇੱਕ ਗ਼ਜ਼ਲ ਵਿੱਚ ਲਿਖਿਆ ਸੀ;

"ਏਕ ਹਮੇਂ ਆਵਾਰਾ ਕਹਿਨਾ, ਕੋਈ ਬੜਾ ਇਲਜ਼ਾਮ ਨਹੀਂ
ਦੁਨੀਆਂ ਵਾਲੇ, ਦਿਲ ਵਾਲੋਂ ਕੋ, ਔਰ ਬਹੁਤ ਕੁਛ ਕਹਿਤੇ ਹੈਂ।
ਵੁਹ ਜੋ ਅਭੀ ਇਸ ਰਾਹ ਗੁਜ਼ਰ ਸੇ ਚਾਕ-ਗਰੇਬਾਂ ਗੁਜ਼ਰਾ ਥਾ
ਇਸ ਆਵਾਰਾ ਦੀਵਾਨੇ ਕੋ, 'ਜਾਲਿਬ, ਜਾਲਿਬ' ਕਹਿਤੇ ਹੈਂ।

ਲੋਕਾਂ ਦੇ ਇਸ 'ਆਵਾਰਾ', ਦੀਵਾਨੇ ਨੂੰ ਯਾਦ ਕਰਦੇ ਹੋਏ ਆਓ ਆਪਣੀ-ਆਪਣੀ ਸ਼ਖ਼ਸ਼ੀਅਤ ਤੇ ਰਚਨਾ, ਕਰਮ ਤੇ ਬਚਨ, ਵਿਸ਼ਵਾਸ਼ ਤੇ ਅਮਲ ਦੇ ਪਾੜੇ ਨੂੰ ਘੱਟ ਕਰਨ ਲਈ ਸੁਚੇਤ ਹੁੰਦੇ ਹੋਏ ਆਪਣੀ ਰਚਨਾ ਨੂੰ ਪਾਠਕ ਤੇ ਸਰੋਤੇ ਨਾਲ ਜੋੜਨ ਬਾਰੇ ਸੋਚ-ਵਿਚਾਰ ਕਰੀਏ!





## ਖ਼ਾਲਸਾ ਸਿਰਜਣਾ ਜਸ਼ਨਾਂ ਸਮੇਂ ਪੰਜਾਬੀ ਭਾਸ਼ਾ ਅਤੇ ਪੰਜਾਬ ਸਰਕਾਰ

**ਸੂਫ਼ੀ ਅਮਰਜੀਤ**

ਪੰਜਾਬ ਦੀ ਅਕਾਲੀ ਸਰਕਾਰ, ਸ਼੍ਰੋਮਣੀ ਪ੍ਰਬੰਧਿਕ ਕਮੇਟੀ ਅਤੇ ਹੋਰ ਅਨੇਕਾਂ ਸਿੱਖ ਸੰਸਥਾਵਾਂ ਅਤੇ ਵਿਅਕਤੀਆਂ ਨੇ 1999 ਦੀ ਵਿਸਾਖੀ ਦੇ ਖ਼ਾਲਸਾ ਸਿਰਜਣਾ ਦੇ ਤਿੰਨ ਸੌ ਸਾਲ ਪੁਰਬ ਨੂੰ ਪੂਰੇ ਉਤਸ਼ਾਹ ਨਾਲ ਮਨਾਉਣ ਲਈ ਪ੍ਰੋਗਰਾਮ ਉਲੀਕੇ ਹਨ। ਇਹ ਪ੍ਰੋਗਰਾਮ ਮਹੀਨਾ ਭਰ ਪਹਿਲਾਂ ਤੋਂ ਵਿਸ਼ਾਲ ਰਾਜ ਪੱਧਰੀ ਮਾਰਚਾਂ, ਸੈਮੀਨਾਰਾਂ ਦੇ ਨਾਲ ਸ਼ੁਰੂ ਹੋ ਕੇ, ਸਾਲ ਭਰ ਹੀ ਚੱਲਣੇ ਹਨ। ਅਨੰਦਪੁਰ ਸਾਹਿਬ ਵਿੱਚ ਉਸਾਰੇ ਜਾਣ ਵਾਲੇ ਵੱਡੇ ਪ੍ਰੋਜੈਕਟਾਂ ਦੇ ਨਾਲ, ਲੱਖਾਂ ਸਿੱਖਾਂ ਨੂੰ ਅੰਮ੍ਰਿਤ ਛਕਾਉਣ ਦੇ ਟੀਚੇ ਮਿੱਥੇ ਗਏ ਹਨ।

ਉਪਰੋਕਤ ਅਤੇ ਹੋਰਨਾਂ ਅਨੇਕਾਂ ਪ੍ਰੋਗਰਾਮਾਂ ਨੂੰ ਧਿਆਨ ਵਿੱਚ ਰੱਖ ਕੇ ਗੰਭੀਰਤਾ ਨਾਲ ਸੋਚ ਕੇ ਹੈਰਾਨੀ ਹੁੰਦੀ ਹੈ ਅਤੇ ਕਹਿਣਾ ਪੈਂਦਾ ਹੈ ਕਿ ਸਮੁੱਚੇ ਸਿੱਖ ਸਮੁਦਾਏ ਦੀ ਰਾਜਨੀਤਕ ਅਤੇ ਧਾਰਮਿਕ ਲੀਡਰਸ਼ਿਪ (ਸਾਬਕਾ ਅਤੇ ਮੌਜੂਦਾ) ਦੇ ਉਚੇ, ਵੱਡੇ ਐਲਾਨਾਂ ਅਤੇ ਦਾਅਵਿਆਂ ਦੇ ਸ਼ੋਰ ਵਿੱਚ ਕਿਧਰੇ ਪੰਜਾਬੀ ਭਾਸ਼ਾ ਦੇ ਵਿਕਾਸ ਦਾ ਕੋਈ ਐਲਾਨ ਕਿਉਂ ਕੰਨੀ ਨਹੀਂ ਪੈ ਰਿਹਾ? ਕੀ ਰਾਜਨੀਤਕ ਤੇ ਧਾਰਮਿਕ ਸਿੱਖ ਲੀਡਰਸ਼ਿੱਪ ਨੇ ਤਿੰਨ ਸੌ ਸਾਲਾ ਖਾਲਸਾ ਸਿਰਜਣਾ ਪੁਰਬ ਦੇ ਅਵਸਰ ਉੱਪਰ ਪੰਜਾਬੀ ਨੂੰ ਬੇਦਾਵਾ ਲਿਖ ਦਿੱਤਾ ਹੈ।!? ਕੀ ਸਾਲ ਭਰ ਪਹਿਲਾ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਨ ਦੀ ਸਰਕਾਰੀ ਨੀਤੀ ਨੂੰ ਇਸ ਦਾ ਸਬੂਤ ਮੰਨ ਲੈਣਾ ਚਾਹੀਦਾ ਹੈ? ਸ਼ਾਇਦ, ਹਾਂ। ਇਹ ਸਪੱਸ਼ਟ ਤੌਰ ਉੱਪਰ ਮੰਨ ਲੈਣਾ ਚਾਹੀਦਾ ਹੈ ਕਿ ਅਕਾਲੀ ਸਰਕਾਰ ਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਪੰਜਾਬੀ ਭਾਸ਼ਾ ਵੱਲ ਦੁਸ਼ਮਣੀ ਵਾਲੀ ਨੀਤੀ ਉੱਪਰ ਚੱਲ ਪਏ ਹਨ।

ਇਹ ਨੀਤੀ ਹੈ ਪੰਜਾਬੀ ਬੋਲੀ, ਪੰਜਾਬੀਅਤ ਅਤੇ ਪੰਜਾਬੀ ਸੱਭਿਆਚਾਰ ਦੇ ਜੜ੍ਹੀਂ ਤੇਲ ਦੇਣ ਲਈ, ਪਹਿਲੀ ਜਮਾਤ ਤੋਂ ਅੰਗਰੇਜ਼ੀ ਦੀ ਪੜ੍ਹਾਈ ਸ਼ੁਰੂ ਕਰਨਾ ਅਤੇ ਪੰਜਾਬ ਭਰ ਵਿੱਚ ਪੰਜਾਬੀ ਨੂੰ ਰਾਜ ਭਾਸ਼ਾ ਦੇ ਕਾਨੂੰਨ ਨੂੰ ਪੂਰੀ ਤਰ੍ਹਾਂ ਲਾਗੂ ਨਾ ਕਰਨ ਦੀ, ਬਦਨੀਤੀ।

ਇਸ ਬਾਰੇ ਕਿਸੇ ਵੀ ਸਮਝਦਾਰ ਵਿਅਕਤੀ ਨਾਲ ਮੱਤਭੇਦ ਨਹੀਂ ਹੈ ਕਿ ਅੱਜ ਜਦੋਂ ਸੰਸਾਰ ਦੇ ਦੇਸ਼ ਅਤੇ ਲੋਕ ਇੰਨੇ ਨੇੜੇ ਹੋ ਗਏ ਹਨ, ਮਾਤਾ ਭਾਸ਼ਾ ਤੋਂ ਬਿਨਾਂ ਦੂਸਰੀਆਂ ਭਾਸ਼ਾਵਾਂ ਦਾ ਜਾਣਨਾ ਜ਼ਰੂਰੀ ਹੈ। ਪਰ ਇਹ ਗਿਆਨ ਕਿਸੇ ਤਰ੍ਹਾਂ ਵੀ ਮਾਤਭਾਸ਼ਾ ਦੀ ਕੁਰਬਾਨੀ ਦੇ ਕੇ ਪ੍ਰਾਪਤ ਕਰਨਾ, ਕਮਲੀ ਦੇ ਸਿਵਿਆਂ ਦੇ ਰਾਹ ਤੁਰਨ ਵਾਲੀ ਗੱਲ ਹੈ।

ਪੰਜਾਬੀ ਨੂੰ ਅਣਡਿੱਠ ਕਰਕੇ, ਅੰਗਰੇਜ਼ੀ ਪੜ੍ਹਨ ਦੀ ਭੇਡਚਾਲ ਵਿਚੋਂ, ਪੰਜਾਬ ਸਰਕਾਰ ਦਾ ਅੰਗਰੇਜ਼ੀ ਲਈ ਉਪਜਿਆ ਉਜੱਡ ਹੇਜ, ਆਮ ਜਨ ਸਮੂਹ ਨੂੰ ਸਮੋਹਤ ਕਰਨ ਲਈ ਪਰਬਲ ਹੋ ਜਾਣਾ ਕੁਦਰਤੀ ਹੈ। ਗ਼ਰੀਬੀ, ਆਰਥਿਕ ਸੰਕਟ, ਬੇਰੁਜ਼ਗਾਰੀ ਦੇ ਸੰਕਟ ਵਿੱਚ ਅਨਪੜ੍ਹਤਾ ਕਾਰਨ ਪੰਜਾਬੀ ਗ਼ਰੀਬ ਲੋਕਾਂ ਦਾ ਆਪਣੇ ਬੱਚਿਆਂ ਦੇ ਭਵਿੱਖ ਲਈ ਚਿੰਤਾਵਾਨ ਹੋਣਾ ਸੁਭਾਵਕ ਹੀ ਹੈ ਕਿ ਉਹ ਅੰਗਰੇਜ਼ੀ ਦੀ ਪੜ੍ਹਾਈ ਨੂੰ ਬੇਰੁਜ਼ਗਾਰੀ ਅਤੇ ਗ਼ਰੀਬੀ ਤੋਂ ਮੁਕਤੀ ਲਈ ਜਾਦੂ ਦੀ ਛੜੀ ਸਮਝਣ। ਵਾਸਤਵ ਵਿੱਚ ਅਜਿਹਾ ਨਹੀਂ ਹੈ ਕਿਉਂਕਿ ਅੰਗਰੇਜ਼ੀ ਮਾਤਭਾਸ਼ਾ ਵਾਲੇ ਪੂੰਜੀਵਾਦੀ ਦੇਸ਼ਾਂ, ਅਮਰੀਕਾ, ਕੈਨੇਡਾ, ਇੰਗਲੈਂਡ, ਅਸਟਰੇਲੀਆ, ਨਿਊਜ਼ੀਲੈਂਡ ਆਦਿ ਵਿੱਚ ਵੀ ਲੱਖਾਂ ਨਹੀਂ, ਕਰੋੜਾਂ ਲੋਕ ਬੇਰੁਜ਼ਗਾਰ ਅਤੇ ਗ਼ਰੀਬ ਹਨ। ਇਥੇ ਹਰ [illegible]ਦੀ ਉਪਭੋਗਤਾ ਮਾਹੌਲ ਦੇ ਅਸਰ ਹੇਠ ਮਧਵਰਗੀ ਪਰਿਵਾਰਾਂ ਦੇ [illegible] ਪ੍ਰਾਪਤ ਕਰਨ ਵੱਲ ਲੱਗੀ ਦੌੜ ਦੀ ਰੀਸ ਕਾਰਨ ਮਜਬੂਰ ਹੈ। ਕੰਪਿਊਟਰ ਅਜ[illegible]ਹਾ ਜੰਤਰ ਹੈ ਜੋ ਆਰਥਿਕ, ਸਮਾਜੀ, ਪ੍ਰਬੰਧਕੀ ਅਤੇ ਸਿੱਖਿਆ ਦੇ [illegible] ਵਿੱਚ ਜ਼ਰੂਰੀ ਹੋ ਗਿਆ ਹੈ। ਪ੍ਰੰਤੂ ਅਜਿਹੀ ਵੀ ਗੱਲ ਨਹੀਂ ਕਿ ਕੰਪਿਊਟਰ ਪ੍ਰਾਪਤੀ ਮੁੱਢਲੀ[illegible] ਅਤੇ ਸੁਯੋਗ ਸਕੂਲ ਸਿੱਖਿਆ ਪ੍ਰਬੰਧ ਦੀ ਥਾਂ, ਲੋੜ ਬਣ ਗਈ ਹੋਵੇ। ਸਕੂਲਾਂ ਵਿੱਚ ਸਿੱਖਿਆ ਦਾ ਮਿਆਰ, ਪ੍ਰਬੰਧ, ਛੇ ਤੋਂ ਚੌਦਾਂ ਸਾਲ ਦੀ ਮੁਫ਼ਤ ਅਤੇ ਜ਼ਰੂਰੀ

ਸਿੱਖਿਆ ਨੂੰ ਅਮਲ ਵਿਚ ਲਿਆਉਣ ਦੀ ਥਾਂ, ਪਹਿਲੀ ਤੋਂ ਅੰਗਰੇਜ਼ੀ ਲਾਂਗੂ ਕਰਨਾ, ਗ਼ੈਰ ਜ਼ਿੰਮੇਵਾਰਾਨਾ ਤੇ ਅਹਿਮਕਾਨਾ ਨੀਤੀ ਹੀ ਕਿਹਾ ਜਾ ਸਕਦਾ ਹੈ।

ਅਸੀਂ ਖ਼ਾਲਸਾ ਸਿਰਜਣਾ ਦੇ ਤਿੰਨ-ਸੌ ਸਾਲਾ ਵਿਸਾਖੀ ਪ੍ਰੋਗਰਾਮਾਂ ਦੇ ਨਾਲ, ਪੰਜਾਬੀ ਭਾਸ਼ਾ ਦੀ ਕੀਮਤ ਉੱਤੇ ਅੰਗਰੇਜ਼ੀ ਨੂੰ ਲਾਗੂ ਕਰਨ ਦੀ ਨੀਤੀ ਨੂੰ ਇਸ ਲਈ ਜੋੜ ਰਹੇ ਹਾਂ ਕਿ ਸਾਡੇ ਪੰਜਾਬ ਦੇ ਲਗਭਗ 52 ਫੀਸਦੀ ਪੰਜਾਬੀ ਲੋਕ ਸਿੱਖ ਧਰਮ ਨਾਲ ਸੰਬੰਧਿਤ ਹਨ। ਇਹੋ ਹੀ ਲੋਕ ਸਨ, ਜਿਨ੍ਹਾਂ ਪੰਜਾਬੀ ਬੋਲੀ ਦੇ ਆਧਾਰ ਉੱਪਰ ਪੰਜਾਬ ਦੇ ਗਠਣ ਲਈ ਮੋਰਚੇ ਲਾਏ, ਹਜ਼ਾਰਾਂ ਦੀ ਗਿਣਤੀ ਵਿੱਚ ਜੇਲ੍ਹੀਂ ਗਏ, ਕੁਰਬਾਨੀਆਂ ਕਰਕੇ ਪੰਜਾਬੀ ਸੂਬੇ ਦੀ, ਭਾਵੇਂ ਅਧੂਰੀ, ਮੰਗ ਪ੍ਰਵਾਨ ਕਰਵਾਈ। ਪੰਜਾਬੀ ਸੂਬੇ ਦੀ ਮੋਹਰੀ ਅਕਾਲੀ ਪਾਰਟੀ ਦੀ ਅੱਜ ਦੀ ਸਰਕਾਰ, ਅੱਜ ਪੰਜਾਬੀ ਭਾਸ਼ਾ ਦੇ ਘਰ ਦੇ ਦੁਸ਼ਮਣਾਂ ਦੇ ਰੂਪ ਵਿੱਚ ਸਾਹਮਣੇ ਆਈ ਹੈ। ਜੇਕਰ ਪੰਜਾਬੀ ਦੇ ਅਲੰਬਰਦਾਰ ਹੀ ਇਸ ਨਾਲ ਧਰੋਹ ਕਮਾਉਣ ਲਈ ਉੱਤਰ ਪਏ ਹੋਣ ਤਾਂ ਫਿਰ ਪੰਜਾਬੀ ਨਾਲ ਪ੍ਰਤੀਬੱਧਤਾ ਰੱਖਣ ਅਤੇ ਪੰਜਾਬੀ ਭਾਸ਼ਾ ਦੀ, ਪੰਜਾਬੀ ਸੱਭਿਆਚਾਰ ਦੀ ਰਾਖੀ ਤੇ ਵਿਕਾਸ ਲਈ ਕਰਮਸ਼ੀਲ ਲੋਕ-ਸਮੂਹ ਤੇ ਬੁਧੀਜੀਵੀ ਵਰਗ ਨੂੰ ਪੰਜਾਬੀ ਦੀ ਅਲੰਬਰਦਾਰੀ ਦਾ ਝੰਡਾ ਸੰਭਾਲਣਾ ਬੜਾ ਜ਼ਰੂਰੀ ਹੋ ਜਾਂਦਾ ਹੈ।

ਕੀ ਰਾਜਸੀ ਤੇ ਧਾਰਮਿਕ ਅਕਾਲੀ ਲੀਡਰ ਪੰਜਾਬੀ ਨੂੰ ਆਪਣੀ ਕਮ-ਅਕਲੀ ਕਾਰਨ ਤਿਲਾਂਜਲੀ ਦੇਣ ਤੁਰੇ ਹਨ ਜਾਂ ਚਤਰ ਅਫ਼ਸਰਸ਼ਾਹੀ ਦੇ ਪਿਛਲੱਗ ਬਣ ਕੇ ਅਜਿਹਾ ਕਰਨ ਲੱਗੇ ਹਨ? ਅਕਾਲੀ ਦਲ ਦੀ ਰਾਜ ਸੱਤਾ ਵਿੱਚ ਭਾਈਵਾਲ ਭਾਜਪਾ, ਇਸ ਸਾਰੇ ਮੂਰਖ ਪਨ ਨੂੰ ਮੀਸਣੀ ਹਾਸੀ ਹੱਸਦਿਆਂ ਪਾਸੇ ਖਲੋ ਕੇ ਦੇਖ ਰਹੀ ਹੈ। ਭਾਜਪਾ, ਜਿਸ ਨੇ ਜਨ-ਸੰਘ ਦੇ ਨਾਂ ਹੇਠ, ਪੰਜਾਬੀ ਆਧਾਰਤ ਸੂਬੇ ਦੇ ਗਠਣ ਤੋਂ ਪਹਿਲਾਂ ਹੀ ਪੰਜਾਬੀ ਦਾ ਵਿਰੋਧ ਜਾਰੀ ਕੀਤਾ ਹੋਇਆ ਸੀ, ਹੁਣ ਆਪਣੀ ਸਫ਼ਲਤਾ ਲਈ ਸੰਤੁਸ਼ਟ ਨਜ਼ਰ ਆ ਰਹੀ ਹੈ। ਕਾਰਨ ਸਪੱਸ਼ਟ ਹੈ ਕਿ ਜੋ ਕੁਝ ਉਹ ਵਿਰੋਧ ਕਰਕੇ ਵੀ ਨਹੀਂ ਕਰ ਸਕੇ ਸਨ, ਉਹ ਉਨ੍ਹਾਂ ਨੂੰ ਹੁਣ ਅਕਾਲੀ ਪਾਰਟੀ ਖ਼ੁਦ ਕਰਕੇ ਦੇ ਰਹੀ ਹੈ। ਪੰਜਾਬੀ ਭਾਸ਼ਾ ਐਕਟ ਦੇ ਅਸਲ ਵਿੱਚ ਆਉਣ ਦੇ ਰਾਹ ਵਿੱਚ ਭਾਜਪਾ ਤੇ ਅੰਗਰੇਜ਼ੀ ਪੱਖੀ ਅਫ਼ਸ਼ਰਸ਼ਾਹੀ ਵਿਸ਼ੇਸ਼ ਰੂਪ ਵਿੱਚ ਰੁਕਾਵਟ ਬਣੇ ਹੋਏ ਹਨ ਅਤੇ ਸਿੱਖਿਆ ਮੰਤਰੀ ਤੇ ਸਰਕਾਰ ਉਨ੍ਹਾਂ ਦੇ ਜੀ-ਹਜ਼ੂਰੀਏ ਸਿੱਧ ਹੋ ਰਹੇ ਹਨ।

ਅਕਾਲੀ ਪਾਰਟੀ ਦੀ ਸਰਕਾਰ ਤੋਂ ਇਹ ਆਸ ਰੱਖੀ ਜਾਣੀ ਸੁਭਾਵਿਕ ਸੀ ਕਿ ਉਹ ਆਪਣੇ ਪਿਛੋਕੜ ਨੂੰ ਭੁੱਲੇਗੀ ਨਹੀਂ। ਉਹ ਅਧੂਰੇ ਪਏ, ਪੰਜਾਬੀ ਭਾਸ਼ਾ ਨਾਲ ਸੰਬੰਧਿਤ, ਕੰਮਾਂ ਨੂੰ ਨੇਪਰੇ ਚਾੜ੍ਹੇਗੀ। ਉਨ੍ਹਾਂ ਦੇ ਕਰਨ ਦਾ ਪਹਿਲਾ ਕੰਮ ਸੀ ਪੰਜਾਬ ਦੇ ਸਾਰੇ ਸਰਕਾਰੀ-ਗੈਰ-ਸਰਕਾਰੀ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਪੰਜਾਬੀ ਲਾਗੂ ਕਰਨਾ ਅਤੇ ਹਿੰਦੀ ਅਤੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਵੀ ਪੰਜਾਬੀ ਲਾਗੂ ਕਰਨ ਲਈ ਕਾਨੂੰਨ ਬਣਾਉਣਾ ਚਾਹੀਦਾ ਸੀ। ਪੰਜਾਬ ਵਿਚੋਂ ਅਨਪੜ੍ਹਤਾ ਖਤਮ ਕਰਨ ਲਈ ਸਾਖ਼ਰਤਾ ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਅਤੇ ਮੁਢਲੀ ਸਿੱਖਿਆ ਨੂੰ ਅਸਲੀ ਅਰਥਾਂ ਵਿੱਚ, ਅਮਲੀ ਰੂਪ ਵਿੱਚ ਲਾਜ਼ਮੀ ਤੇ ਮੁਫ਼ਤ ਲਾਗੂ ਕਰਨਾ ਸੀ। ਸਕੂਲਾਂ ਦੀਆਂ ਇਮਾਰਤਾਂ ਅਤੇ ਅਧਿਆਪਕਾਂ ਦੀਆਂ ਨਿਯੁਕਤੀਆਂ ਕਰਨਾ ਹੋਣਾ ਚਾਹੀਦਾ ਸੀ। ਸਭ ਤੋਂ ਵੱਧ ਮਹੱਤਵਪੂਰਨ ਸਮੁੱਚੇ ਸਿੱਖਿਆ ਬੋਰਡ ਨੂੰ ਕਿਰਿਆਸ਼ੀਲ ਬਣਾਉਣਾ ਸੀ। ਇਸ ਵੇਲੇ ਪੰਜਾਬ ਸਿੱਖਿਆ ਬੋਰਡ ਬਲਾਕ ਪੱਧਰ ਤੋਂ ਲੈ ਕੇ ਚੰਡੀਗੜ੍ਹ ਬੋਰਡ ਦੇ ਦਫ਼ਤਰ ਤੱਕ, ਅਮਲੀ ਤੌਰ ਉੱਪਰ, ਅਨਾਰਕੀ ਦੀ ਵਿਵਸਥਾ ਤੱਕ ਅਪੜਿਆ ਪਿਆ ਹੈ। ਇਹ ਉੱਜੜੇ ਪਿੰਡ ਦੀ ਤਸਵੀਰ ਪੇਸ਼ ਕਰਦਾ ਹੈ। ਜੇ ਇਹ ਕਰਮਸ਼ੀਲ ਹੋਵੇ ਤਾਂ ਮੰਤਰੀਆਂ ਨੂੰ [illegible]ਲਾਂ ਵਿੱਚ ਪੁਲਸੀਆਂ ਵਾਂਗੂੰ ਛਾਪੇ ਮਾਰਨ ਦੀ ਲੋੜ ਨਾ ਪਵੇ। ਸਿੱਖਿਆ ਬੋਰਡ ਦੀ [illegible]ਜ਼ਾਰੀ ਕਾਰਨ ਹੀ ਪਿੰਡਾਂ ਵਿੱਚ ਪ੍ਰਾਈਵੇਟ ਸਕੂਲਾਂ ਦੀਆਂ ਫੈਕਟਰੀਆਂ ਨੂੰ ਅਨਪੜ੍ਹ [illegible] ਮੁਨਾਫਿਆਂ ਲਈ ਚਲਾਉਣ ਦੇ ਯੋਗ ਹੋਏ ਹਨ। ਸਕੂਲਾਂ ਦੀ ਅਜਿਹੀ ਮਾੜੀ ਦਸ਼ਾ ਨੂੰ ਅਣਡਿੱਠ ਕਰਕੇ ਸਸਤੀ ਸ਼ੋਹਰਤ ਲਈ ਪੰਜਾਬ ਸਰਕਾਰ ਦਾ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਨ ਦਾ ਐਲਾਨ ਬੱਜਰ-ਗੁਨਾਂਹ ਹੈ। ਅਧਿਆਤਮਿਕ ਪੁਸਤਕਾਂ ਬੱਜਰ-ਗੁਨਾਂਹ ਦੀ ਸਜ਼ਾ ਨਾ ਕਾਬਲੇ ਮੁਆਫ਼ੀ ਦੱਸਦੀਆਂ ਹਨ।



ਤਿੰਨ ਸੌ ਸਾਲਾਂ ਖ਼ਾਲਸਾ ਸਿਰਜਣਾ ਦੇ ਜਸ਼ਨਾਂ ਦੀ ਸਫ਼ਲਤਾ ਪੰਜਾਬ ਦੇ ਆਰਥਿਕ ਅਤੇ ਸਿੱਖਿਆ ਵਿਕਾਸ ਉੱਪਰ ਨਿਰਭਰ ਕਰਦੀ ਹੈ। ਇਸ ਵਿਕਾਸ ਦੇ ਕਾਰਨ ਹੀ ਪੰਜਾਬੀ ਸੱਭਿਆਚਾਰ ਦਾ ਵਿਕਾਸ ਹੋਣਾ ਨਿਰਭਰ ਹੈ। ਉਦਾਹਰਨ ਲਈ ਇਸਰਾਈਲ ਨੂੰ ਲਿਆ ਜਾ ਸਕਦਾ ਹੈ, ਜਿਸ ਦੀ ਯਹੂਦੀ ਵਸੋਂ, ਅਨੇਕਾਂ ਸਦੀਆਂ ਬਦੇਸ਼ਾਂ ਵਿੱਚ ਬਿੱਖਰੀ ਭਟਕਦੀ ਫਿਰਦੀ ਰਹੀ। ਜੇਕਰ ਉਹ ਅੱਜ ਇਸਰਾਈਲ ਵਿੱਚ ਮੁੜ ਸਥਾਪਤ ਹੋ ਸਕੇ ਹਨ ਤਾਂ ਉਨ੍ਹਾਂ ਦੇ ਮੁਖ ਕਾਰਨਾਂ ਵਿਚੋਂ ਇਕ ਉਨ੍ਹਾਂ ਨੇ ਆਪਣੀ ਹੀਬਰੂ ਭਾਸ਼ਾ ਤੋਂ ਆਪਣੀਆਂ ਨਵੀਆਂ ਪੀੜ੍ਹੀਆਂ ਨੂੰ ਲਗਾਤਾਰ ਸਿਖਿਅਤ ਰੱਖਿਆ ਸੀ। ਜਿਹੜੇ ਆਪਣੇ ਬੱਚਿਆਂ ਨੂੰ ਹੀਬਰੂ ਭਾਸ਼ਾ ਤੋਂ ਸਿੱਖਿਅਤ ਨਹੀਂ ਰੱਖ ਸਕੇ, ਉਹ ਯੂਰਪ ਦੇ ਦੇਸ਼ਾਂ ਵਿੱਚ ਅਲੋਪ ਹੋ ਗਏ। ਜਿਨ੍ਹਾਂ ਹੀਬਰੂ ਨੂੰ ਭੁੱਲਣ ਨਹੀਂ ਦਿੱਤਾ, ਉਹ ਹੀ ਇਸਰਾਈਲ ਦੇ ਅੱਜ ਬਾਸ਼ਿੰਦੇ ਅਤੇ ਮਾਲਕ ਬਣੇ ਹਨ। ਜੇ ਕਰ ਹੁਣ ਪੰਜਾਬ ਵਿੱਚ ਰਹਿੰਦਿਆਂ ਅਕਾਲੀ ਪਾਰਟੀ ਹਾਕਮ ਹੋ ਕੇ ਵੀ, ਪੰਜਾਬੀ ਦੀਆਂ ਜੜਾਂ ਵੱਢਣ ਤੁਰ ਪਈ ਹੈ ਤਾਂ ਇਸ ਨਾਲ ਪੰਜਾਬੀ ਭਾਸ਼ਾ ਤੇ ਪੰਜਾਬੀ ਸੱਭਿਆਚਾਰ ਦਾ ਨੁਕਸਾਨ ਤਾਂ ਹੋਵੇਗਾ ਹੀ, ਨਾਲ ਹੀ ਉਹ ਵੀ ਇਤਿਹਾਸ ਦੇ ਕੂੜੇ ਦੇ ਢੇਰ ਦਾ ਅੰਗ ਬਣ ਜਾਣਗੇ।

ਖ਼ਾਲਸਾ ਸਿਰਜਣਾ ਦੇ ਜਸ਼ਨਾਂ ਦੀ ਸਾਰਥਿਕਤਾ ਇਸ ਵਿੱਚ ਹੈ ਕਿ ਪੰਜਾਬੀ ਦੀ ਰਾਖੀ ਤੇ ਵਿਕਾਸ ਲਈ ਦ੍ਰਿੜ੍ਹ ਸੰਕਲਪ ਹੋ ਕੇ ਸੰਘਰਸ਼ ਕੀਤਾ ਜਾਵੇ। ਪੰਜਾਬੀ ਭਾਸ਼ਾ ਦੀ ਰਾਖੀ ਲਈ ਸੰਘਰਸ਼ ਕਰਨ ਵਾਲੇ ਸਿਪਾਹੀਆਂ ਦੀ ਕਮੀ ਨਹੀਂ ਹੈ। ਪਾਕਿਸਤਾਨ ਵਿੱਚ ਦੇ ਪੰਜਾਬੀ ਪਿਆਰੇ, ਨੰਗੇ ਧੜ ਪੰਜਾਬੀ ਨੂੰ ਰਾਜ ਭਾਸ਼ਾ ਦੇ ਤੌਰ ਉੱਪਰ ਪਰਵਾਣ ਕਰਵਾਉਣ ਲਈ ਸਿਰੀਂ ਕੱਫਣ ਬੰਨ੍ਹ ਕੇ 'ਉਰਦੂ ਹਕੂਮਤ' ਨਾਲ ਸੰਘਰਸ਼ ਕਰ ਰਹੇ ਹਨ, ਅਸੀਂ ਉਨ੍ਹਾਂ ਦੀ ਦ੍ਰਿੜ੍ਹਤਾ ਦੀ ਪ੍ਰਸ਼ੰਸਾ ਕਰਦੇ ਹੋਏ, ਉਨ੍ਹਾਂ ਤੋਂ ਸਿੱਖਿਆ ਤੇ ਉਤਸ਼ਾਹ ਲੈ ਸਕਦੇ ਹਾਂ।

ਜੇਕਰ ਪੰਜਾਬ ਸਰਕਾਰ ਨੇ ਹੀ ਪੰਜਾਬੀ ਭਾਸ਼ਾ ਪ੍ਰਤੀ ਨਕਾਰਆਤਮਿਕ ਪਹੁੰਚ ਧਾਰਨ ਕੀਤੀ ਹੋਵੇ, ਫਿਰ ਬਦੇਸ਼ਾਂ ਵਿੱਚ, ਗੁਆਂਢੀ ਰਾਜਾਂ, ਹਰਿਆਣੇ, ਦਿੱਲੀ, ਪੂਰਬੀ ਰਾਜਸਥਾਨ, ਯੂ.ਪੀ. (ਊਧਮ ਸਿੰਘ ਨਗਰ) ਆਦਿ ਦੇ ਪੰਜਾਬੀ ਲੋਕ ਸੰਬੰਧਿਤ ਸਰਕਾਰਾਂ ਤੋਂ, ਦੂਜੀ ਭਾਸ਼ਾ ਦੇ ਤੌਰ ਉੱਤੇ ਪੰਜਾਬੀ ਦੀ ਪੜ੍ਹਾਈ ਦੀ ਮੰਗ ਜਿਹੜੇ ਮੂੰਹ ਨਾਲ ਕਰਨ ਦੇ ਯੋਗ ਹੋ ਸਕਦੇ ਹਨ?

ਖ਼ਾਲਸਾ-ਸਿਰਜਣਾ ਜਸ਼ਨਾਂ ਦੇ ਸਮੇਂ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਸਿੱਖੀ, ਜਿਸ ਦਾ ਪੰਜਾਬੀ ਨਾਲ ਜਮਾਂਦਰੂ ਸੰਬੰਧ ਹੈ, ਦੇ ਸੰਭਵ ਢੰਗ ਨਾਲ ਵਿਕਾਸ ਵੱਲ ਆਪਣੀ ਜਨਮ ਭੂਮੀ ਦੀ ਪੰਜਾਬ ਦੀ ਹਰ ਸਰਕਾਰ, ਪਹਿਲ ਦੇ ਆਧਾਰ ਉੱਪਰ ਧਿਆਨ ਦੇਵੇ। ਪ੍ਰੰਤੂ 'ਸਿੱਖਾਂ' ਦੀ ਸਰਕਾਰ ਹੋਣ ਦਾ ਦਾਅਵਾ ਕਰਨ ਵਾਲੀ ਅਕਾਲੀ ਸਰਕਾਰ, ਤੇ ਉਸ ਦੀਆਂ ਸਹਿਯੋਗੀ ਜੱਥੇਬੰਦੀਆਂ ਸ਼੍ਰੋਮਣੀ ਕਮੇਟੀ, ਸਿੱਖੀ ਧਰਮ ਸਥਾਨਾਂ ਦੇ ਅਧਿਕਾਰੀ ਆਦਿ ਨੂੰ ਇਹ ਸਰਟੀਫੀਕੇਟ ਨਹੀਂ ਮਿਲ ਜਾਂਦਾ ਕਿ ਉਹ ਸੱਚਮੁੱਚ ਹੀ ਸਿੱਖ ਧਰਮ ਦੇ ਧਾਰਨੀ ਅਤੇ ਸਰਪ੍ਰਸਤ ਹਨ। ਜਦੋਂ ਕਿ ਉਹ 'ਗੁਰਮੁਖੀ' ਲਿਪੀ ਵਾਲੀ ਪੰਜਾਬੀ ਦੀ ਦੁਰਗਤ ਕਰਕੇ ਰੋਲ ਰਹੇ ਹਨ, ਜਦੋਂ ਕਿ ਸਿੱਖ ਧਰਮ ਗ੍ਰੰਥ ਦੀ ਰਚਨਾ ਇਸੇ ਭਾਸ਼ਾ ਤੇ ਲਿਪੀ ਵਿੱਚ ਹੋਵੇ ਤੇ ਉਹ ਉਸ ਨਾਲ ਦੁਸ਼ਮਣਾਂ ਵਾਲਾ ਵਰਤਾਓ ਕਰਨ ਉਪਰ ਡੁੱਲ੍ਹੇ ਹੋਏ ਹੋਣ। ਹੈਰਾਨੀ ਹੁੰਦੀ ਹੈ ਕਿ ਇਹ ਕਿਸ ਤਰ੍ਹਾਂ ਦੇ 'ਸਿੱਖ' ਹੋਏ?

ਇਥੇ ਇਸ ਨੁਕਤੇ ਉੱਪਰ ਆ ਕੇ, ਧਰਮ ਅਤੇ ਰਾਜਨੀਤੀ ਦਾ ਅਸਲੀ ਖ਼ਾਸਾ ਸਾਹਮਣੇ ਆ ਜਾਂਦਾ ਹੈ। ਆਪਣੇ ਜਨਮ ਸਮੇਂ ਹਰ ਧਰਮ ਗ਼ਰੀਬਾਂ, ਦੱਬੇ-ਕੁਚਲੇ ਲੋਕਾਂ ਦੇ ਪੱਖ ਵਿੱਚ ਆਵਾਜ਼ ਉਠਾ ਕੇ ਤੁਰਦਾ ਹੈ। ਪ੍ਰੰਤੂ ਸਮਾਂ ਬੀਤਣ ਉੱਪਰ ਧਰਮ, ਜਿਨ੍ਹਾਂ ਹਾਕਮ ਜਮਾਤਾਂ ਦੇ ਅੱਤਿਆਚਾਰਾਂ ਦੇ ਵਿਰੋਧ ਵਿੱਚ ਪੈਦਾ ਹੋਇਆ ਹੁੰਦਾ ਹੈ, ਉਹ ਜਮਾਤਾਂ ਹੀ ਧਰਮ ਸੱਤਾ ਅਤੇ ਰਾਜ ਸੱਤਾ ਉੱਪਰ ਕਾਬਜ਼ ਹੋ ਕੇ, ਸੰਬੰਧਿਤ ਧਰਮ ਦੇ ਗ਼ਰੀਬਾਂ ਅਤੇ ਦੱਬੇ-ਕੁਚਲੇ ਲੋਕਾਂ ਉੱਪਰ [illegible]ਧੌਂਸਵਾਦੀ ਦਾਬਾ ਠੋਸ ਦਿੰਦੀਆਂ ਹਨ। ਸਿੱਖ ਧਰਮ ਦੇ ਸੰਬੰਧ ਵਿੱਚ ਇਹ ਪੂਰੀ ਤਰ੍ਹਾਂ ਸੱਚ ਸਿੱਧ ਹੋਇਆ ਹੈ। ਲੋਕਾਂ ਦੀ ਧਰਮ ਪ੍ਰਤੀ ਘੋਰ ਸ਼ਰਧਾ, ਉਨ੍ਹਾਂ ਦੀ ਸੋਚ ਨੂੰ ਇਸ ਕਦਰ ਜਕੜ ਲੈਂਦੀ ਹੈ ਕਿ ਉਹ ਹਾਕਮਾਂ ਨੂੰ ਸਹਿ ਧਰਮੀ ਹੋਣ ਦੇ ਕਾਰਨ, ਆਪਣੇ ਦੁਸ਼ਮਣਾਂ ਦੇ ਰੂਪ ਵਿੱਚ ਪਛਾਣਨ ਦੇ ਅਸਮਰਥ ਹੋ ਜਾਂਦੇ ਹਨ। ਧਰਮ ਅਤੇ ਰਾਜਨੀਤੀ ਦੇ ਨਿਖੇੜੇ ਲਈ ਇਸੇ ਕਰਕੇ ਲੋਕ ਜਮਹੂਰੀ ਅਤੇ ਧਰਮ-ਨਿਰਪੱਖ ਸ਼ਕਤੀਆਂ ਜ਼ੋਰ ਦਿੰਦੀਆਂ ਹਨ।

ਤਾਂ ਜੋ ਲੋਕ ਹਾਕਮਾਂ ਨੂੰ ਉਨ੍ਹਾਂ ਦੇ ਲੋਕ ਵਿਰੋਧੀ ਰੂਪ ਵਿੱਚ ਸੌਖਿਆਂ ਪਛਾਣ ਸਕਣ ਅਤੇ ਰਾਜ ਸੱਤਾ ਤੇ ਕਾਬਜ਼ ਹੋਣ ਲਈ ਉਹ ਧਰਮ ਦੀ ਵਰਤੋਂ ਨਾ ਕਰ ਸਕਣ। ਅਕਾਲੀ ਪਾਰਟੀ ਦੇ ਹਾਕਮ ਜਾਗੀਰਦਾਰ-ਰਜਵਾੜੇ ਤੇ ਪੂੰਜੀਪਤੀ ਆਪਣੇ ਸੁਆਰਥ ਲਈ ਹੀ ਸਿੱਖ ਧਰਮ ਦੀ ਰਾਜਨੀਤੀ ਤੇ ਧਰਮ ਨੂੰ ਇਕੱਠੇ ਹੋਣ ਲਈ ਹੱਠ ਕਰਦੇ ਰਹਿੰਦੇ ਹਨ। ਹੁਣ ਹਾਕਮ ਅਕਾਲੀ ਪਾਰਟੀ ਧਰਮ ਅਤੇ ਰਾਜਨੀਤੀ ਦੇ ਪੈਂਤੜੇ ਤੋਂ ਪੰਜਾਬੀ ਭਾਸ਼ਾ ਨਾਲ ਦੁਰਵਿਵਹਾਰ ਕਰ ਰਹੀ ਸ਼ਰਮਸਾਰ ਵੀ ਨਹੀਂ ਹੋ ਰਹੀ।

ਜਿਹੜੇ ਸਰਕਾਰਪ੍ਰਸਤ ਪੰਜਾਬੀ ਬੁੱਧੀਜੀਵੀ, ਸੰਕੀਰਨ ਸੋਚ ਤੇ ਸੁਆਰਥ ਦੇ ਕਾਰਨ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਨ ਦੀ ਨੀਤੀ ਦਾ ਸਮਰਥਨ ਇਹ ਕਹਿ ਕੇ ਕਰ ਰਹੇ ਹਨ ਕਿ ਅੰਗਰੇਜ਼ੀ ਪੰਜਾਬੀ ਦੀ ਥਾਂ ਨਹੀਂ, ਪੰਜਾਬੀ ਦੇ ਨਾਲ ਸ਼ੁਰੂ ਹੋ ਰਹੀ ਹੈ, ਇਸ ਨਾਲ ਪੰਜਾਬੀ ਦਾ ਕੋਈ ਨੁਕਸਾਨ ਨਹੀਂ ਹੋ ਰਿਹਾ, ਉਹ ਸਿੱਖਿਆਸ਼ਾਸ਼ਤਰੀਆਂ ਦੇ, ਮਾਂ ਬੋਲੀ ਵਿੱਚ ਮੁੱਢਲੀ ਸਿੱਖਿਆ ਦੇ ਸੰਸਾਰ ਪ੍ਰਸਿੱਧ ਸਿਧਾਂਤਾਂ ਵੱਲੋਂ ਅੱਖਾਂ ਮੀਟ ਕੇ ਅੰਗਰੇਜ਼ੀ ਦਾ ਪੱਖ ਪੂਰ ਰਹੇ ਹਨ। ਅਧਿਆਪਨ ਦੇ ਖੇਤਰ ਦੇ ਕੁਝ ਪ੍ਰਮੁਖਾਂ ਨੇ ਸ਼ਾਇਦ ਸਿੱਖਿਆ ਨਾਲ ਸੰਬੰਧਿਤ ਬਾਲ-ਮਨੋਵਿਗਿਆਨ ਨੂੰ ਕਦੀ ਸਮਝਿਆ ਹੀ ਨਾ ਹੋਵੇ। ਫਿਰ ਵੀ ਸਰਕਾਰ ਦੇ ਨਾਲ ਕਬਰ ਵਿੱਚ ਪੈਣ ਲਈ ਪਤਾ ਨਹੀਂ ਉਹ ਕਿਉਂ ਕਾਹਲੇ ਪਏ ਹੋਏ ਹਨ। ਬੇਸ਼ੱਕ ਸਰਕਾਰ ਦੀ ਇਹ ਹਿੰਮਤ ਨਹੀਂ ਕਿ ਉਹ ਪੰਜਾਬੀ ਨੂੰ ਇੱਕ ਦਮ ਪੜ੍ਹਾਉਣਾ ਬੰਦ ਕਰ ਦੇਵੇ, ਫਿਰ ਵੀ ਸ਼ੁਰੂਆਤ ਤਾਂ ਹੋ ਹੀ ਚੁੱਕੀ ਹੈ, ਜਦੋਂ ਕਈ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਨਾਂ ਦੀ ਭਾਸ਼ਾ ਕਿਧਰੇ ਨਜ਼ਰ ਨਹੀਂ ਆ ਰਹੀ।

ਸਾਡੇ ਉਚ ਵਰਗ ਅਤੇ ਬਦੇਸ਼ੀ ਕਾਰਪੋਰੇਸ਼ਨਾਂ ਨੂੰ ਸਾਡੇ ਲੋਕ ਸੱਭਿਆਚਾਰ ਨਾਲ ਕੋਈ ਹਿੱਤ ਨਹੀਂ ਹੈ, ਉਨ੍ਹਾਂ ਤਾਂ ਸੈਟਲਾਈਟ ਸੰਚਾਰ ਸਾਧਨਾਂ ਦੁਆਰਾ ਸੱਭਿਆਚਾਰਿਕ ਹੱਲਾ ਬੋਲ ਦਿਤਾ ਹੋਇਆ ਹੈ। ਉਹ ਸੱਭਿਆਚਾਰ ਨੂੰ ਉਪਭੋਗਤਾ ਵਸਤੂ ਦੇ ਰੂਪ ਵਿਚ ਹੀ ਦੇਖ ਰਹੇ ਹਨ ਅਤੇ ਮੁਨਾਫੇ ਦਾ ਇਕ ਹੋਰ ਵੱਡਾ ਸੋਮਾਂ ਸਮਝ ਰਹੇ ਹਨ। ਇਸ ਤੱਥ ਨੂੰ ਬੜੀ ਸੰਜੀਦਗੀ ਨਾਲ ਲੈਣਾ ਚਾਹੀਦਾ ਹੈ।

ਫਿਰ ਵੀ ਸਾਨੂੰ ਖੁਸ਼ੀ ਹੈ ਕਿ ਪੰਜਾਬੀ ਦੇ ਹੱਕ ਵਿਚ ਘਾਲਣਾ ਘਾਲਣ ਵਾਲੇ ਲੇਖਕ ਬੁੱਧੀ ਜੀਵੀਆਂ ਨੇ ਮੋਰਚਾ ਮੱਲ ਲਿਆ ਹੈ। ਉਹ ਇਸ ਗੱਲ ਦੀ ਵੀ ਪ੍ਰਵਾਹ ਨਹੀਂ ਕਰ ਰਹੇ ਕਿ ਉਹਨਾਂ ਨੂੰ ਰੂੜੀਵਾਦੀ ਸਮੇਂ ਦੇ ਨਾਲ ਨਾ ਤੁਰ ਸਕਣ ਵਾਲੇ ਆਖ ਕੇ ਭੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪ੍ਰੰਤੂ ਫਿਰ ਵੀ ਮਾਤ ਭਾਸ਼ਾ ਦੇ ਸੱਚ ਦੀ ਸ਼ੁਧਤਾ ਨੂੰ ਤੇ ਹੋਂਦ ਨੂੰ ਹਰ ਹਾਲਤ ਕਾਇਮ ਰੱਖਿਆ ਜਾਣਾ ਚਾਹੀਦਾ ਹੈ।

ਖਾਲਸਾ ਸਿਰਜਣਾ ਦੇ ਮਹਾਂਉਤਸਵ ਸਮੇਂ ਅਕਾਲੀ ਸਰਕਾਰ, ਸ਼੍ਰੋਮਣੀ ਕਮੇਟੀ, ਅਖੌਤੀ ਸੰਤ ਸਮਾਜ ਤੇ ਹੋਰ ਵੇਲੇ ਦਾ ਲਾਹਾ ਖੱਟਣ ਵਾਲੇ ਮੌਕਾ ਪ੍ਰਸਤ ਪੰਜਾਬੀ ਮਾਂ ਬੋਲੀ ਵੱਲ ਪਿੱਠ ਕਰਕੇ ਪੁੱਠੇ ਪੈਰੀਂ ਤੁਰਿਆ ਨੂੰ ਦੇਖ ਤੇ ਅੰਚਭਾ ਹੁੰਦਾ ਹੈ ਕਿ ਉਹ ਅਡੰਬਰੀ ਦਾਅਵਿਆਂ ਤੇ ਅਖੌਤੀ ਚੇਤਨਾ ਮਾਰਚਾਂ ਦੀ ਧੂੜ ਵਿਚ ਯਾਦਗਾਰੀ ਪ੍ਰੋਜੈਕਟਾਂ ਦੇ ਨੀਂਹ ਪੱਥਰਾਂ ਦੇ ਸਨਮੁੱਖ ਕਿਹੜੀ ਖੁਸ਼ੀ ਵਿਚ ਭੰਗੜੇ ਪਾ ਰਹੇ ਹਨ। ਜਦੋਂ ਕਿ ਉਹਨਾਂ ਦੇ ਅਮਲ ਪੰਜਾਬੀ ਭਾਸ਼ਾ ਜੋ ਕਿ ਸਾਡੇ ਸੱਭਿਆਚਾਰਕ ਦੀ ਹੋਂਦ ਦੀ ਰੂਹ ਹੈ, ਨੂੰ ਢਾਅ ਲਾਉਣ ਵਾਲੇ ਅਤੇ ਖ਼ਾਲਸਾ ਸਿਰਜਣਾ ਦੇ 1699 ਦੀ ਵਿਸਾਖੀ ਵੇਲੇ ਨਿਰਧਾਰਤ ਕੀਤੇ ਉਦੇਸ਼ਾਂ ਦੇ ਮੂਲੋਂ ਹੀ ਵਿਪਰੀਤ ਹਨ। ਪੰਜਾਬੀ ਭਾਸ਼ਾ ਪ੍ਰਤੀ ਅਕਾਲੀ ਸਰਕਾਰ ਦਾ ਕਾਲਾ ਕਿਰਦਾਰ, ਅਨੰਦਪੁਰ ਸਾਹਿਬ ਦੇ ਅੱਠਵੇਂ ਅਜੂੰਬੇ ਦੇ ਸਿੰਘ ਦੁਆਰ ਉਪਰ ਕਾਲੇ ਅੱਖਰਾਂ ਵਿਚ ਉਘੜ ਆਉਣ ਨੂੰ ਹਰ ਕੋਈ ਦੇਖ ਸਕੇਗਾ।

ਕੀ ਖ਼ਾਲਸਾ ਸਿਰਜਣਾ ਦੇ ਜਸ਼ਨਾਂ ਦੇ ਪਿਛਵਾੜੇ, ਅਕਾਲੀ ਸਰਕਾਰ ਦੀ ਪੰਜਾਬੀ ਸੱਭਿਆਚਾਰ ਦੀ ਤਬਾਹੀ ਦੀ ਨੀਂਹ ਰੱਖਣ ਦੇ ਸ਼ੰਕੇ ਕਿਧਰੇ ਸੱਚੇ ਤਾਂ ਨਾ ਹੋ ਜਾਣਗੇ? ਕੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਉਜਲੇ ਭਵਿੱਖ ਲਈ, ਪੰਜਾਬੀ ਲੋਕ, ਪੰਜਾਬੀ ਸਾਹਿਤਕਾਰ, ਪੰਜਾਬੀ ਕਲਾਕਾਰ ਅਤੇ ਪੰਜਾਬੀ ਹਿਤੂ ਬੁੱਧੀਜੀਵੀ ਦ੍ਰਿੜਤਾ, ਗਰਮਜੋਸ਼ੀ, ਰੋਹ ਤੇ ਪ੍ਰਤੀਬੱਧਤਾ ਦਾ ਸਬੂਤ ਦੇਣਗੇ? ਸ਼ਾਇਦ ਜਾਗਦੀਆਂ ਜ਼ਮੀਰਾਂ ਵਾਲਿਆਂ ਤੋਂ ਅਜਿਹੀ ਆਸ ਕੀਤੀ ਹੀ ਜਾਣੀ ਚਾਹੀਦੀ ਹੈ। ◆





# ਧਰਮ ਨਿਰਪੇਖ ਭਾਰਤ ਸਾਹਮਣੇ ਖ਼ਤਰੇ

ਅਮ੍ਰਤਯ ਸੇਨ

[ਪ੍ਰੋ. ਅਮ੍ਰਤਯ ਸੇਨ ਇਕ ਦਾਰਸ਼ਨਿਕ ਰਾਜਨੀਤਕ ਅਰਥ ਸ਼ਾਸਤਰੀ ਹਨ ਜਿਨ੍ਹਾਂ ਨੂੰ 1998 ਦਾ ਨੋਬਲ ਪੁਰਸਕਾਰ ਮਿਲਿਆ ਹੈ। ਉਹ ਕੇਵਲ ਅਰਥ ਸ਼ਾਸਤਰੀ ਹੀ ਨਹੀਂ ਸਗੋਂ ਸਮਾਜ ਦੇ ਦੂਸਰੇ ਜੀਵੰਤ ਮੁੱਦਿਆਂ ਉਪਰ ਵੀ ਬੜੀ ਤਿੱਖੀ ਨਜ਼ਰ ਰੱਖਦੇ ਹਨ। ਜਿਥੇ ਉਨ੍ਹਾਂ ਦੇ 'ਵੈਲਫੇਅਰ ਅਰਥ ਸ਼ਾਸਤਰ' ਦੀ ਧਾਂਕ ਹੈ, ਉਥੇ ਹੱਥਲੇ ਲੇਖ ਤੋਂ ਉਨ੍ਹਾਂ ਦੀ ਭਾਰਤ ਦੇ ਮਸਲਿਆਂ ਸੰਬੰਧੀ ਡੂੰਘੀ ਜਾਣਕਾਰੀ ਵੀ ਮਿਲਦੀ ਹੈ। ਪ੍ਰੋ. ਸੇਨ ਨੇ ਨਾਂ ਕੇਵਲ ਸੰਪ੍ਰਦਾਇਕ ਜਨੂੰਨ ਫੈਲਣ ਦੇ ਤਰਕਸੰਗਤ ਕਾਰਣਾਂ ਨੂੰ ਹੀ ਰੇਖਾਂਕਿਤ ਕੀਤਾ ਹੈ ਸਗੋਂ ਇਨ੍ਹਾਂ ਨਾਲ ਨਜਿੱਠਣ ਦੇ ਉਪਾਅ ਵੀ ਸੁਝਾਏ ਹਨ। ਉਨ੍ਹਾਂ ਨੇ ਅਜੋਕੇ ਹਿੰਦੂ ਰਾਸ਼ਟਰਵਾਦੀਆਂ ਦੀ ਸਭ ਤੋਂ ਵੱਡੀ ਕਮਜ਼ੋਰੀ ਉਨ੍ਹਾਂ ਦੀ ਅਗਿਆਨਤਾ ਉਪਰ ਨਿਰਭਰਤਾ ਦੱਸੀ ਹੈ। ਸਾਰੇ ਬੁੱਧੀਜੀਵੀਆਂ ਦਾ ਇਹ ਫਰਜ਼ ਹੈ ਕਿ ਉਹ ਪ੍ਰੋ. ਸੇਨ ਵਲੋਂ ਅਰੰਭੀ ਅਗਿਆਨਤਾ ਵਿਰੁੱਧ ਲੜਾਈ ਵਿਚ ਆਪਣਾ ਪੂਰਾ ਯੋਗਦਾਨ ਪਾਉਣ। ਇਹ ਲੇਖ ਬਾਬਰੀ ਮਸਜਿਦ ਤਬਾਹ ਹੋਣ ਤੋਂ ਬਾਅਦ 1993 ਵਿਚ ਲਿਖਿਆ ਗਿਆ ਸੀ ਅਤੇ ਸਭ ਤੋਂ ਪਹਿਲਾਂ 'ਨਿਊਯਾਰਕ ਰਿਵਿਊ' ਵਿਚ ਛਪਿਆ ਸੀ—ਸੰਪਾਦਕ]

ਕੁਝ ਮਹੀਨੇ ਪਹਿਲਾਂ ਜਦੋਂ ਮੇਰੇ ਵਲੋਂ ਕੈਂਬ੍ਰਿਜ ਵਿਚ ਦਿੱਤੇ ਜਾਣ ਵਾਲੇ ਭਾਸ਼ਣ ਦਾ ਵਿਸ਼ਾ 'ਭਾਰਤ ਸੰਬੰਧੀ ਧਾਰਨਾ' ਤੈਅ ਕੀਤਾ ਗਿਆ ਤਾਂ ਮੈਂ ਇਹ ਕਲਪਨਾ ਵੀ ਨਹੀਂ ਸੀ ਕੀਤੀ ਕਿ ਪਿਛਲੇ ਕੁਝ ਮਹੀਨਿਆਂ ਦੀਆਂ ਘਟਨਾਵਾਂ ਇਸ ਵਿਸ਼ੇ ਨੂੰ ਏਨਾ ਸਾਰਥਕ ਬਣਾ ਦੇਣਗੀਆਂ। ਕੱਟੜਵਾਦੀ ਹਿੰਦੂ ਰਾਜਨੀਤਕ ਪਾਰਟੀਆਂ ਨੇ ਹਰੇਖ ਧਰਮ ਨੂੰ ਮੰਨਣ ਵਾਲਿਆਂ ਪ੍ਰਤਿ, ਸ਼ਹਿਣਸ਼ੀਲ ਤੇ ਧਰਮ ਨਿਰਪੱਖ ਭਾਰਤ ਦੇ ਉਸ ਵਿਚਾਰ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਹੈ, ਜਿਸਨੂੰ ਅਸੀਂ ਆਜ਼ਾਦੀ ਤੋਂ ਬਾਅਦ ਦਾ ਸਥਾਪਿਤ ਸੱਚ ਮੰਨ ਲਿਆ ਸੀ।

ਘਟਨਾਵਾਂ ਦਾ ਮੌਜੂਦਾ ਸਿਲਸਿਲਾ 6 ਦਸੰਬਰ (1992) ਤੋਂ ਸ਼ੁਰੂ ਹੋਇਆ ਜਦੋਂ ਰਾਜਨੀਤਕ ਆਧਾਰ ਤੇ ਸੰਗਠਿਤ ਹੋਏ ਹਿੰਦੂ ਕਾਰਜਕਰਤਾਵਾਂ ਦੇ ਇਕ ਹਜੂਮ ਨੇ ਉੱਤਰੀ ਹਿੱਸੇ ਵਿਚ ਸਥਿਤ ਸੋਲ੍ਹਵੀ ਸਦੀ ਦੀ ਇਕ ਮਸਜਿਦ ਬਾਬਰੀ ਮਸਜਿਦ ਨੂੰ ਢਾਹ ਦਿੱਤਾ। ਇਹ ਕਾਰਜਕਰਤਾ ਉਸੇ ਜਗ੍ਹਾ ਰਾਮ ਮੰਦਰ ਬਣਾਉਣਾ ਚਾਹੁੰਦੇ ਸਨ। ਇਸ ਘਟਨਾ ਤੋਂ ਬਾਦ ਪੂਰੇ ਦੇਸ਼ ਵਿਚ ਸੰਪ੍ਰਦਾਇਕ ਦੰਗੇ ਸ਼ੁਰੂ ਹੋ ਗਏ। ਇਨ੍ਹਾਂ ਦੰਗਿਆਂ ਵਿਚ ਦੋ ਹਜ਼ਾਰ ਤੋਂ ਵੱਧ ਲੋਕਾਂ ਨੂੰ ਆਪਣੀ ਜਾਨ ਗਵਾਉਣੀ ਪਈ। ਮਰਨ ਵਾਲਿਆਂ ਵਿਚ ਹਿੰਦੂ, ਮੁਸਲਮਾਨ ਦੋਨੋਂ ਸਨ ਪਰ ਮੁਸਲਮਾਨਾਂ ਦੀ ਗਿਣਤੀ ਵਧੇਰੇ ਸੀ। ਬਦਤਰ ਘਟਨਾਵਾਂ ਵਿਚੋਂ ਕਈ ਮੁੰਬਈ ਵਿਚ ਵਾਪਰੀਆਂ। ਭਾਰਤ ਦੇ ਸਰਵਸ਼੍ਰੇਸ਼ਟ ਮੰਨ ਜਾਣ ਵਾਲੇ ਇਸ ਸ਼ਹਿਰ ਵਿਚ ਪੂਰੀ ਤਰ੍ਹਾਂ ਸੰਗਠਿਤ ਕੱਟੜਪੰਥੀ ਹਿੰਦੂਆਂ ਦੀ ਪਾਰਟੀ ਨੇ ਕਹਿਰ ਢਾਇਆ। ਹਮਲਿਆਂ ਦਾ ਸਾਹਮਣਾ ਕਰ ਰਹੇ ਮੁਸਲਮਾਨਾਂ ਦੀ ਸੁਰੱਖਿਆ ਕਰਨ ਵਿਚ ਪੁਲਿਸ ਨਾਕਾਮ ਰਹੀ। ਉਸਨੇ ਹਿੰਦੂਆਂ ਦੀ ਭੀੜ ਦੇ ਮੁਕਾਬਲੇ ਵਿਚ ਮੁਸਲਮਾਨਾਂ ਦੀਆਂ ਭੀੜਾਂ ਨੂੰ ਤਿਤਰ ਬਿਤਰ ਕਰਨ ਲਈ ਕਿਤੇ ਵੱਧ ਸ਼ਕਤੀ ਦਾ ਪ੍ਰਯੋਗ ਕੀਤਾ।

ਇਨ੍ਹਾਂ ਘਟਨਾਵਾਂ ਤੋਂ ਬਾਦ ਹੋਈ ਦੇਸ਼ ਵਿਆਪੀ ਨਿੰਦਿਆਂ ਤੋਂ ਬਹੁਤ ਚਿਰ ਬਾਦ ਹੀ ਸਰਕਾਰ ਅਮਨ ਕਾਨੂੰਨ ਦੇ ਬਾਰੇ ਵਿਚ ਸਖ਼ਤ ਰੁੱਖ ਅਪਨਾਉਣ ਲਈ ਮਜ਼ਬੂਰ ਹੋਈ। ਅਜ ਵੀ ਸਰਕਾਰ ਦੀ ਦ੍ਰਿੜਤਾ ਸ਼ੱਕੀ ਹੈ। ਫਿਰ ਵੀ 25 ਫਰਵਰੀ ਨੂੰ ਸਰਕਾਰ ਇਕ ਵੱਡੇ ਤੇ ਖ਼ਤਰਨਾਕ ਹਿੰਦ ਰਾਜਨੀਤਿਕ ਮੁਜ਼ਾਹਰੇ ਨੂੰ ਅਸਫਲ ਕਰਨ ਵਿਚ ਕਾਮਯਾਬ ਰਹੀ। ਇਹ ਪ੍ਰਦਰਸ਼ਨ ਰਾਜਧਾਨੀ ਵਿਚ ਦੰਗਿਆਂ ਦਾ ਕਾਰਣ ਬਣ ਸਕਦਾ ਸੀ। ਪ੍ਰਦਰਸ਼ਨ ਨੂੰ ਰੋਕਣ ਲਈ, ਨਾਗਰਿਕਾ ਦੀ ਇਕੱਠੇ ਹੋਣ ਦੀ ਆਜ਼ਾਦੀ ਨੂੰ ਭੰਗ ਕਰਨਾ ਪਿਆ, ਇਹ ਅਫ਼ਸੋਸ ਵਾਲੀ ਗੱਲ ਹੈ। ਇਸ ਪ੍ਰਦਰਸ਼ਨ (ਜਿਸ ਵਿਚ ਪੂਰੇ ਦੇਸ਼ ਦੇ ਹਿੰਦੂ ਕਾਰਜਕਰਤਾ ਸ਼ਾਮਿਲ ਹੋਏ ਸਨ) ਦੇ ਉੱਗਰ ਰੂਪ ਨੂੰ ਦੇਖਦਿਆਂ ਹੋਇਆ ਅਤੇ ਇਸ ਤੱਥ ਨੂੰ ਸਾਹਮਣੇ ਰੱਖਦਿਆਂ ਕਿ ਪੁਲਿਸ ਕਾਰਵਾਈ ਵਿਚ ਕੋਈ ਜਾਨ ਨਹੀਂ ਗਈ, ਹਿੰਦੂ ਪਾਰਟੀਆਂ ਤੋਂ ਇਲਾਵਾ ਅਧਿਕਾਰ ਖੋਹਣ ਦੀ ਇਸ ਕਾਰਵਾਈ ਦੀ ਕੋਈ ਖਾਸ ਆਲੋਚਨਾ ਨਹੀਂ ਹੋਈ।

ਅਜੋਕੀ ਅਰਾਜਕਤਾ ਦੀ ਅਗਵਾਈ ਕਰਨ ਵਾਲੇ ਕੱਟੜਪੰਥੀ ਹਿੰਦੂ ਰਾਜਨੀਤਕ ਅੰਦੋਲਨ ਨੇ

ਹੁਣ ਇਹ ਮੰਗ ਕੀਤੀ ਹੈ ਕਿ ਭਾਰਤੀ ਧਰਮ ਨਿਰਪੇਖਤਾ ਦਾ ਵਿਧੀਵਤ ਅੰਤ ਕਰਕੇ ਭਾਰਤ ਨੂੰ ਇਕ ਹਿੰਦੂ ਰਾਸ਼ਟਰ ਦੇ ਤੌਰ ਤੇ ਮਾਨਤਾ ਦੇ ਦਿੱਤੀ ਜਾਵੇ। ਇਸ ਪ੍ਰਸਤਾਵ ਨੂੰ ਮੰਨਣ ਦਾ ਅਰਥ ਹੈ ਭਾਰਤੀ ਸੰਵਿਧਾਨ ਦੇ ਮੌਲਿਕ ਸਿਧਾਂਤਾਂ ਵਿਚ ਨਾਟਕੀ ਪਰਿਵਰਤਨ ਅਤੇ ਸੁਤੰਤਰਤਾ ਦੀ ਲੜਾਈ ਵਿਚ ਕੇਂਦਰੀ ਭੂਮਿਕਾ ਨਿਭਾਉਣ ਵਾਲੀ ਭਾਰਤ ਦੀ ਬਹੁ-ਪਾਸਾਰੀ, ਸ਼ਹਿਣਸ਼ੀਲ ਅਤੇ ਧਰਮ ਨਿਰਪੇਖ ਭਾਰਤ ਦੀ ਉਸ ਮਾਨਤਾ ਨੂੰ ਤਿਆਗਣਾ ਜਿਹੜੀ ਆਜ਼ਾਦ ਭਾਰਤ ਦੇ ਰਾਜਨੀਤਕ ਅਤੇ ਵਿਧਾਨਕ ਢਾਂਚੇ ਵਿਚ ਵੀ ਪਈ ਹੋਈ ਹੈ। ਮੈਂ ਇਸ ਵਿਚਾਰ ਅਤੇ ਇਸ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਦੀ ਚਰਚਾ ਕਰਨਾ ਚਾਹਾਂਗਾ। ਮੇਰਾ ਤਰਕ ਇਹ ਹੋਵੇਗਾ ਕਿ ਇਨ੍ਹਾਂ ਚੁਣੌਤੀਆਂ ਦੇ ਵੱਖ ਵੱਖ ਪਹਿਲੂ ਹਨ ਜਿਨ੍ਹਾਂ ਦੇ ਰਹਿੰਦਿਆਂ ਹਿੰਦੂ ਕੱਟਰਵਾਦ ਦੇ ਪੈਦਾ ਹੋਣ ਦੀ ਇਕ ਨਿਰੰਤਰ ਪ੍ਰਕ੍ਰਿਆ ਦੇ ਰੂਪ ਵਿਚ ਵਿਸ਼ਲੇਸ਼ਣ ਕਰਨਾ ਅਣਉਚਿਤ ਹੈ। ਉਦਾਹਰਣ ਦੇ ਤੌਰ ਤੇ ਸੰਪ੍ਰਦਾਇਕ ਹਿੰਸਾ ਤੇ ਲੁੱਟ ਖੋਹ ਦੇ ਪਿਛੇ ਕੰਮ ਕਰ ਰਹੀਆਂ ਤਾਕਤਾਂ ਅਯੋਧਿਆਂ ਵਿਚ ਹਿੰਦੂ ਸੰਪ੍ਰਦਾਇਕ ਰਾਜਨੀਤਕ ਗਤੀਵਿਧੀਆਂ ਦੇ ਪਿਛੇ ਕੰਮ ਕਰ ਰਹੀਆਂ ਤਾਕਤਾਂ ਤੋਂ ਵੱਖ ਹਨ। ਇਨ੍ਹਾਂ ਦੋਨਾਂ ਸ਼ਕਤੀਆਂ ਵਿਚ ਸ਼ਹਿਰੀ ਮੱਧ ਵਰਗ ਵਿਚ ਵਧਦੇ ਹਿੰਦੂ ਕੱਟਰਪੰਥ ਵਿਚ ਵੀ ਭਿੰਨਤਾ ਹੈ। ਵੱਖ ਵੱਖ ਤੱਤਾਂ ਦੇ ਪਿਛੇ ਕੰਮ ਕਰ ਰਹੀਆਂ ਵੱਖ ਵੱਖ ਤਾਕਤਾਂ ਨੂੰ ਸਮਝਣਾ ਓਨਾ ਹੀ ਜ਼ਰੂਰੀ ਹੈ ਜਿਨਾਂ ਉਨ੍ਹਾਂ ਦੇ ਆਪਸੀ ਸੰਬੰਧਾਂ ਬਾਰੇ ਜਾਨਣਾ।

ਧਰਮ ਨਿਰਪੇਖਤਾ ਜਿਹੇ ਉਦਾਸੀਨਤਾ ਉਪਰ ਆਧਰਿਤ ਵਿਚਾਰ ਦਾ ਆਧੁਨਿਕ ਭਾਰਤ ਦੀ ਧਾਰਨਾ ਦੇ ਕੇਂਦਰ ਵਿਚ ਹੋਣਾ ਆਪਣੇ ਆਪ ਵਿਚ ਆਸਾਧਰਣ ਗੱਲ ਲਗਦੀ ਹੈ। ਕੀ ਧਰਮ ਨਿਰਪੇਖਤਾ ਸਚਮੁੱਚ ਹੀ ਇਕ ਮਹੱਤਵਪੂਰਨ ਮੁੱਦਾ ਹੈ। ਜਾਂ ਇਕ ਇਹ ਸਿਰਫ ਇਕ ਪਾਖੰਡ ਹੀ ਹੈ? ਜਦੋਂ ਬ੍ਰਿਟਿਸ਼ ਭਾਰਤ ਦੀ ਵੰਡ ਹੋਈ ਤਾਂ ਪਾਕਿਸਤਾਨ ਨੇ ਇਸਲਾਮੀ ਗਣਰਾਜ ਬਣਨ ਦਾ ਫੈਸਲਾ ਕੀਤਾ ਅਤੇ ਭਾਰਤ ਦੇ ਧਰਮ ਨਿਰਪੇਖ ਸੰਵਿਧਾਨ ਦੀ ਚੋਣ ਕੀਤੀ। ਕੀ ਇਸ ਚੋਣ ਨਾਲ ਕੋਈ ਫਰਕ ਪੈਂਦਾ ਹੈ? ਇਹ ਫਰਕ ਕਾਨੂੰਨੀ ਰੂਪ ਵਿਚ ਬਹੁਤ ਮਹੱਤਵਪੂਰਨ ਹੈ ਅਤੇ ਇਸ ਦੇ ਰਾਜਨੀਤਕ ਨਤੀਜੇ ਵੀ ਵਿਸ਼ਾਲ ਹਨ ਜੋ ਰਾਜਨੀਤਕ ਅਤੇ ਸਮਾਜਿਕ ਵਿਵਸਥਾਵਾਂ ਦੇ ਵਿਭਿੰਨ ਪੱਧਰ ਉਪਰ ਲਾਗੂ ਹੁੰਦੇ ਹਨ। ਇਸ ਫਰਕ ਦਾ ਪ੍ਰਭਾਵ ਨਿਚਲੇ ਪੱਧਰ ਤੋਂ ਲੈ ਕੇ ਰਾਜ ਦੇ ਮੁਖੀ ਦੇ ਪੱਧਰ ਤੱਕ ਦੇਖਿਆ ਜਾ ਸਕਦਾ ਹੈ। ਜਿਵੇਂ ਪਾਕਿਸਤਾਨ ਵਿਚ ਰਾਜ ਦੇ ਮੁਖੀ ਦਾ ਮੁਸਲਮਾਨ ਹੋਣਾ ਜ਼ਰੂਰੀ ਹੈ ਪਰੰਤੂ ਇਸਦੇ ਉਲਟ ਭਾਰਤ ਵਿਚ ਅਜਿਹੀ ਕੋਈ ਬੰਦਿਸ਼ ਨਹੀਂ। ਇਸ ਦੇਸ਼ ਵਿਚ ਗ਼ੈਰ ਹਿੰਦੂਆਂ (ਜਿਨ੍ਹਾਂ ਵਿਚ ਸਿੱਖ ਅਤੇ ਮੁਸਲਮਾਨ ਸ਼ਾਮਿਲ ਹਨ) ਨੇ ਰਾਸ਼ਟਰਪਤੀ ਅਤੇ ਦੂਸਰੇ ਪ੍ਰਭਾਵਸ਼ਾਲੀ ਤੇ ਮਹੱਤਵਪੂਰਨ ਸਰਕਾਰੀ ਅਹੁਦਿਆਂ ਨੂੰ ਸ਼ਸ਼ੋਭਿਤ ਕੀਤਾ ਹੈ।

ਅਸਲ ਵਿਚ ਧਰਮ ਨਿਰਪੇਖਤਾ ਕਿਤੇ ਵਧੇਰੇ ਵਿਸ਼ਾਲ ਵਿਚਾਰ ਦਾ ਹਿੱਸਾ ਹੈ। ਉਹ ਇਹ ਕਿ ਭਾਰਤ ਅਨੇਕਤਾ ਵਿਚ ਏਕਤਾ ਰੱਖਣ ਵਾਲਾ ਦੇਸ਼ ਹੈ ਜੋ ਵੱਖ ਵਖ ਧਾਰਮਿਕ ਵਿਸ਼ਵਾਸਾਂ, ਭਾਸ਼ਾਈ ਸਮੂਹਾਂ ਅਤੇ ਸਮਾਜਿਕ ਰੀਤੀਆਂ ਨੂੰ ਮਿਲਾ ਕੇ ਬਣਿਆ ਹੈ। ਇਸ ਅਨੇਕਤਾਮੁਖੀ ਭਾਰਤ ਨੂੰ ਮਾਨਤਾ ਦੇਣ ਵਾਲੇ ਵਿਆਪਕ ਵਿਚਾਰ ਦਾ ਧਰਮ ਨਿਰਪੇਖਤਾ ਸਿਰਫ ਇਕ ਪ੍ਰੰਤੂ ਮਹੱਤਵਪੂਰਨ ਪੱਖ ਹੈ। ਮੇਰਾ ਤਰਕ ਇਹ ਹੈ ਕਿ ਭਾਰਤੀ ਧਰਮ ਨਿਰਪੇਖਤਾ ਨੂੰ ਤਹਿਸ-ਨਹਿਸ ਕਰਨ ਵਾਲੀਆਂ ਸ਼ਕਤੀਆਂ ਨੂੰ ਨਾ ਕੇਵਲ ਅਣ[illegible] ਮੁਸਲਮਾਨਾਂ ਦੀ ਹੋਂਦ ਤੇ ਅਧਿਕਾਰਾਂ ਦਾ ਹੀ ਸਾਹਮਣਾ ਕਰਨਾ ਪਵੇਗਾ ਸਗੋਂ ਭਾਰਤ [illegible] ਸੂਬਾਈ, ਸਮਾਜਿਕ ਅਤੇ ਸਭਿਆਚਾਰਕ ਵਿਵਿਧਤਾ ਨਾਲ ਵੀ ਦੋ ਚਾਰ ਹੋਣਾ ਪਵੇਗਾ। ਅਨੇਕਤਾ ਵਲ ਸ਼ਹਿਣਸ਼ੀਲਤਾਂ ਨੂੰ ਟੁਕੜਿਆਂ ਵਿਚ ਵੰਡਣਾ ਆਸਾਨ ਕੰਮ ਨਹੀਂ ਹੈ। ਕੀ ਮੁਸਲਮਾਨ ਭਾਰਤੀ ਜਨ ਸੰਖਿਆ ਦੇ ਹਾਸ਼ੀਏ ਤੇ ਹਨ? ਪੰਜ ਵਿਚੋਂ ਚਾਰ ਭਾਰਤੀਆਂ ਦੇ ਉਪਚਾਰਿਕ ਤੌਰ ਤੇ ਹਿੰਦੂ ਹੋਣ ਦੇ ਬਾਵਜੂਦ ਇਸ ਦੇਸ਼ ਵਿਚ ਮੁਸਲਮਾਨਾਂ ਦੀ ਗਿਣਤੀ 10 ਕਰੋੜ ਤੋਂ ਜ਼ਿਆਦਾ ਹੈ। ਇਹ ਗਿਣਤੀ ਪਾਕਿਸਤਾਨ ਤੋਂ ਥੋੜ੍ਹੀ ਹੀ ਘੱਟ ਹੈ ਤੇ ਬੰਗਲਾ ਦੇਸ਼ ਤੋਂ ਕਿਤੇ ਵਧੇਰੇ ਹੈ। ਇਸ ਨਜ਼ਰੀਏ ਤੋਂ ਭਾਰਤ ਦੁਨੀਆ ਦਾ ਤੀਸਰਾ ਸਭ ਤੋਂ ਵੱਡਾ ਮੁਸਲਿਮ ਦੇਸ਼ ਹੈ। ਜੇ ਭਾਰਤੀ ਸਮਾਜਿਕ ਤੇ ਸਭਿਆਚਾਰਕ ਜੀਵਨ ਵਿਚ ਹਿੰਦੂਆਂ ਮੁਸਲਮਾਨਾਂ ਦੇ ਮੇਲਜੋਲ ਨੂੰ ਛੱਡ ਵੀ ਦਿੱਤਾ ਜਾਵੇ ਤਾਂ ਵੀ ਇਸ ਉਪਰਲੇ ਤੱਥ ਦੇ ਆਧਾਰ ਤੇ ਇਹ ਦਾਅਵਾ ਬੇਤੁਕਾ ਲੱਗਦਾ ਹੈ ਕਿ ਭਾਰਤ ਇਕ ਹਿੰਦੂ ਰਾਸ਼ਟਰ ਹੈ।

ਭਾਰਤ ਦੀ ਧਾਰਮਿਕ ਵਿਵਿਧਤਾ ਹਿੰਦੂ ਮੁਸਲਿਮ ਦੇ ਸਵਾਲ ਤੋਂ ਕਿਤੇ ਵਧੇਰੇ ਵਿਸ਼ਾਲ ਹੈ। ਇਥੇ



ਇੱਕ ਵੱਡਾ ਤੇ ਮਹੱਤਵਪੂਰਨ ਸਿੱਖ ਸਮੂਹ ਹੈ। ਅਨੇਕ ਇਸਾਈ ਹਨ ਜਿਨ੍ਹਾਂ ਦਾ ਇਤਿਹਾਸ ਚੌਥੀ ਸਦੀ ਈਸਵੀ ਜਾਂ ਇਸਤੋਂ ਵੀ ਵਧੇਰ ਪੁਰਾਣਾ ਹੈ। ਅੰਗ੍ਰੇਜ਼ਾਂ ਤੋਂ ਕਾਫੀ ਪਹਿਲਾਂ ਦੇ ਪਤਨ ਤੋਂ ਕੁਝ ਹੀ ਸਮਾ ਬਾਦ ਤੋਂ ਭਾਰਤ ਵਿਚ ਯਹੂਦੀ ਬਸਤੀਆਂ ਰਹੀਆਂ ਹਨ। ਲੱਖਾਂ ਬੋਧੀ ਅਤੇ ਜੈਨੀ ਹਨ। ਤੀਸਰੀ ਸਦੀ ਈਸਾ ਪੂਰਵ ਅਸ਼ੋਕ ਮਹਾਨ ਜਿਹੇ ਕਈ ਭਾਰਤੀ ਰਾਜਿਆਂ ਦਾ ਬੁੱਧ ਧਰਮ, ਰਾਜ ਧਰਮ ਰਹਿਆ ਹੈ। ਉਸ ਤਰਾਂ ਤਾਂ ਭਾਰਤ ਦੀਆਂ ਜਨਗਣਨਾਵਾ ਵਿਚ ਅਸਲੀ ਧਾਰਮਿਕ ਵਿਸ਼ਵਾਸਾ ਨੂੰ ਦਰਜ ਹੀ ਨਹੀਂ ਕੀਤਾ ਜਾਂਦਾ। ਹਿੰਦੂ ਪਰਿਵਾਰ ਵਿਚ ਪੈਦਾ ਹੋਏ ਨਾਸਤਿਕ ਨੂੰ ਹਿੰਦੂ ਮੰਨਿਆ ਜਾਵੇਗਾ। ਪਰਤੂ ਭਾਰਤ ਵਿਚ ਨਾਸਤਿਕਾਂ ਅਤੇ ਜਵਾਹਰ ਲਾਲਾ ਨਹਿਰੂ ਵਰਗੇ ਸ਼ੰਕਾਵਾਦੀਆਂ ਦੀ ਵੀ ਕਾਫੀ ਵੱਡੀ ਗਿਣਤੀ ਹੈ।

ਭਾਰਤੀ ਸੰਵਿਧਾਨ ਦੇ ਰਚਨਾਕਾਰਾਂ ਨੇ ਇਹ ਨਿਸ਼ਚਿਤ ਕਰਨਾ ਚਾਹਿਆ ਸੀ ਕਿ ਭਾਰਤੀ ਰਾਜ ਦਾ ਕਿਸੇ ਸੰਪ੍ਰਦਾ ਜਾਂ ਧਾਰਮਿਕ ਵਿਸ਼ਵਾਸ ਵਲ ਝੁਕਾ ਨਾ ਹੋਵੇ। ਭਾਰਤ ਦੇ ਭਾਰਤ ਵਾਸੀਆਂ ਦੀ ਵਿਵਿਧਤਾ ਨੂੰ ਦੇਖਦਿਆਂ ਹੋਇਆਂ ਧਰਮ ਨਿਰਪੇਖਤਾ ਦਾ ਕੋਈ ਵੀ ਹੋਰ ਬਦਲ ਅਨਿਆਂ ਪੂਰਣ ਹੋਵੇਗਾ।

ਧਾਰਮਿਕ ਏਕਤਾ ਦਾ ਸਵਾਲ ਕੇਵਲ ਹਿੰਦੂਆਂ ਤੇ ਦੂਸਰੇ ਧਰਮਾਂ ਦੇ ਮੰਨਣ ਵਾਲਿਆਂ ਦੇ ਆਪਸੀ ਸੰਬੰਧਾਂ ਦਾ ਸਵਾਲ ਹੀ ਨਹੀਂ ਹੈ। ਇਸ ਸਵਾਲ ਦਾ ਸੰਬੰਧ ਹਿੰਦੂ ਧਰਮ ਵਿਚਲੀ ਵਿਵਿਧਤਾ ਨਾਲ ਵੀ ਹੈ। ਜੇ ਅਸੀਂ ਹਿੰਦੂ ਧਰਮ ਨੂੰ ਇਕ ਧਰਮ ਦੇ ਰੂਪ ਵਿਚ ਹੀ ਦੇਖਦੇ ਹਾਂ ਤਾਂ ਸਾਨੂੰ ਉਸਦੀ ਅਨੇਕਤਾ ਸੰਪੰਨ ਸੰਰਚਨਾ ਨੂੰ ਵੀ ਦੇਖਣਾ ਹੋਵੇਗਾ। ਇਸਦੀ ਵੰਡ ਨਾ ਕੇਵਲ ਜਾਤੀ ਦੇ ਆਧਾਰ ਤੇ ਹੀ ਹੈ (ਜੋ ਕਾਫੀ ਮਹਤੱਵਪੂਰਨ ਹੈ) ਸਗੋਂ ਚਿੰਤਨ ਦੇ ਆਧਾਰ ਉਪਰ ਵੀ ਵੰਡੀਆਂ ਪਾਈਆਂ ਹੋਈਆਂ ਹਨ। 'ਦਰਸ਼ਨ ਦੇ ਛੇ ਮਤਾਂ' ਦੇ ਪ੍ਰਾਚੀਨ ਹਿੰਦੂ ਵਰਗੀਕਰਣ ਨੇ ਵਿਸ਼ਵਾਸ ਅਤੇ ਤਰਕ ਦੇ ਅਨੇਕਾਂ ਵਿਭਿੰਨ ਰੂਪਾਂ ਨੂੰ ਸਵੀਕਾਰ ਕੀਤਾ ਹੈ। ਹੋਰ ਉਰਾਂ ਦੀ ਗੱਲ ਕਰੀਏ ਤਾਂ ਚੌਦਵੀਂ ਸਦੀ ਵਿਚ ਮੈਸੂਰ ਦੇ ਸ਼੍ਰੰਗੇਰੀ ਮੱਠ ਦੇ ਮੁਖੀ ਹਿੰਦੂ ਵਿਦਵਾਨ ਮਾਧਣੀਚਾਰੀਆ ਨੇ ਆਪਣੇ ਪ੍ਰਸਿੱਧ ਸੰਸਕ੍ਰਿਤ ਗ੍ਰੰਥ 'ਸਰਵ ਦਰਸ਼ਨ ਸੰਗ੍ਰਹਿ' ਦੇ ਸੋਲ੍ਹਾਂ ਅਧਿਆਵਾਂ ਵਿਚੋਂ ਹਰੇਕ ਵਿਚ ਇਕ ਵੱਖਰੇ ਹਿੰਦੂ ਮੱਤ (ਚਾਰਵਾਕ ਦੇ ਨਾਸਤਿਕਵਾਦ ਤੋਂ ਸ਼ੁਰੂ ਕਰਕੇ) ਦੀ ਚਰਚਾ ਕੀਤੀ ਹੈਂ। ਉਸਨੇ ਇਸ ਗ੍ਰੰਥ ਵਿਚ ਇਹ ਚਰਚਾ ਵੀ ਕੀਤੀ ਕਿ ਕਿਵੇਂ ਹਿੰਦੂ ਚਿੰਤਨ ਦੇ ਵਿਸ਼ਾਲ ਢਾਂਚੇ ਵਿਚ ਹਰ ਮਤ ਦੂਸਰਿਆਂ ਨਾਲੋਂ ਵੱਖਰਾ ਕਿਵੇਂ ਹੈ।

ਹਿੰਦੂ ਧਰਮ ਨੂੰ ਇਕ ਹੀ ਧਰਮ ਦੇ ਰੂਪ ਵਿਚ ਦੇਖਣ ਦੀ ਰੀਤ ਨਵੀਂ ਹੈ। ਸ਼ੁਰੂ ਵਿਚ 'ਹਿੰਦੂ' ਸ਼ਬਦ ਕਿਸੇ ਏਕ ਰੂਪ ਧਰਮ ਦਰਸਾਉਣ ਦੀ ਬਜਾਇ ਸਥਾਨ ਤੇ ਦੇਸ਼-ਵਿਸ਼ੇਸ਼ ਦਾ ਲਖਾਇਕ ਸੀ। ਇਸ ਸ਼ਬਦ ਦਾ ਨਿਕਾਸ ਸਿੰਧੂ ਦਰਿਆ (3000 ਈਸਵੀ ਪੂਰਵ ਸਿੰਧੂ ਘਾਟੀ ਸਭਿਆਤਾ ਦਾ ਲਖਾਇਕ) ਦੇ ਨਾਮ ਤੋਂ ਹੋਇਆ। ਇਸੇ ਦਰਿਆ ਦੇ ਨਾਂ ਤੇ 'ਇੰਡੀਆ' ਸ਼ਬਦ ਦੀ ਉਤਪਤੀ ਹੋਈ। ਫਾਰਸ ਅਤੇ ਯੂਨਾਨ ਦੇ ਲੋਕਾਂ ਲਈ ਇੰਡੀਆ ਸਿੰਧੂ ਦਰਿਆ ਦੇ ਕੋਲ ਤੇ ਉਸ ਤੋਂ ਪਾਰ ਦੀ ਜਗਾਹ ਸੀ ਅਤੇ 'ਹਿੰਦੂ' ਇਸ ਥਾਂ ਦੇ ਮੂਲ ਨਿਵਾਸੀ ਸਨ। ਇਕ ਸਮਾਂ ਸੀ ਜਦੋਂ ਅਰਬੀ ਅਤੇ ਫਾਰਸੀ ਵਿਚ ਭਾਰਤ ਵਿਚ ਰਹਿਣ ਵਾਲੇ ਮੁਸਲਮਾਨਾਂ ਨੂੰ ਹਿੰਦਵੀ ਮੁਸਲਮਾਨ ਕਿਹਾ ਜਾਂਦਾ ਸੀ। ਸ਼ੁਰੂਆਤੀ ਦੌਰ ਦੇ ਬ੍ਰਿਟਿਸ਼ ਦਸਤਾਵੇਜ਼ਾਂ ਵਿਚ ਭਾਰਤ ਤੋਂ ਬਾਹਰ ਰਹਿ ਰਹੇ ਮੁਸਲਮਾਨ ਤੇ ਹਿੰਦੂਆਂ ਨੂੰ ਵਖਰਿਆਉਣ ਲਈ ਹਿੰਦੂ ਮੁਸਲਿਮ ਅਤੇ ਹਿੰਦੂ ਇਸਾਈ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ।

ਭਾਰਤ ਦੇ ਧਰਮ ਨਿਰਪੇਖ ਢਾਂਚੇ ਵਿਚ ਅਨੇਕਤਾ ਸਿਰਫ ਹਿੰਦੂਆਂ ਤੇ ਗੈਰ ਹਿੰਦੂਆਂ ਦੇ ਬਾਹਰੀ ਸੰਬੰਧਾਂ ਦਾ ਸਵਾਲ ਨਹੀਂ ਹੈ। ਇਹ ਤਾਂ ਹਿੰਦੂ ਧਰਮ ਦਾ ਅੰਦਰੂਨੀ ਚਰਿਤਰ ਹੈ। ਪਿਛਲੇ ਦਿਸੰਬਰ ਰਾਮ ਮੰਦਰ ਬਣਾਉਣ ਦੇ ਉਦੇਸ਼ ਨਾਲ ਅਯੁੱਧਿਆ ਵਿਚ ਸੋਲ੍ਹਵੀ ਸ਼ਦੀ ਦੀ ਮਸਜਿਦ ਨੂੰ ਗਿਰਾਉਣ ਵਾਲੇ ਹਿੰਦੂ ਕਾਰਜਕਰਤਾਵਾਂ ਨੂੰ ਅਜੇ ਤਕ ਇਸ ਤੱਥ ਦਾ ਸਾਹਮਣਾ ਨਹੀਂ ਕਰਨਾ ਪਿਆ ਹੈ ਕਿ ਖੁਦ ਨੂੰ ਧਾਰਮਿਕ ਹਿੰਦੂ ਮੰਨਣ ਵਾਲੇ ਅਨੇਕਾਂ ਲੋਕ ਰਾਮ ਦੇ ਦੇਵਤਾ ਹੋਣ ਤੇ (ਸਰਵਉੱਚ ਦੇਵਤਾ ਹਣ ਦੀ ਗੱਲ ਤਾਂ ਛੱਡ ਹੀ ਦਿਓ) ਵਿਸ਼ਵਾਸ ਨਹੀਂ ਕਰਦੇ।

ਇਹ ਠੀਕ ਹੈ ਕਿ ਦੇਸ਼ ਦੇ ਕਈ ਹਿੱਸਿਆ ਵਿਚ ਰਾਮ ਨੂੰ ਅਵਤਾਰ ਜਾਂ ਦੇਵਤਾ ਮੰਨਿਆਂ ਜਾਂਦਾ ਹੈ। ਰਾਮ ਦੇ ਨਾਂ ਦੀ 'ਈਸ਼ਵਰ' ਦੇ ਰੂਪ ਵਿਚ ਵਰਤੋਂ 30 ਜਨਵਰੀ 1948 ਦੀ ਸਭ ਤੋਂ ਪ੍ਰਸਿੱਧ ਘਟਨਾ ਵਿਚ ਵੀ ਹੋਈ। ਦਿਸਬਰ ਵਿਚ ਮਸਜਿਦ ਗਿਰਾਉਣ ਵਾਲੇ ਸੰਗਠਨਾਂ ਵਰਗੇ ਇਕ ਸੰਗਠਨ

ਦੇ ਕੱਟੜਪੰਥੀ ਹਿੰਦੂ ਨੇ ਮਹਾਤਮਾ ਗਾਂਧੀ ਦੀ ਹੱਤਿਆ ਕੀਤੀ। ਆਧੁਨਿਕ ਭਾਰਤ ਦਾ ਇਹ ਧਾਰਮਿਕ ਨੇਤਾ ਆਪਣੀ ਧਰਮ-ਨਿਰਪੱਖ ਰਾਜਨੀਤੀ ਕਾਰਣ ਕੱਟੜਪੰਥੀਆਂ ਦੇ ਕ੍ਰੋਪ ਦਾ ਭਾਗੀ ਬਣਿਆ। ਹਿੰਦੂ ਦੀ ਗੋਲੀ ਨਾਲ ਜ਼ਖ਼ਮੀ ਜੋ ਉਹ ਜ਼ਮੀਨ ਤੇ ਡਿਗਿਆ ਤਾਂ ਉਸਦੇ ਅੰਤਿਮ ਸ਼ਬਦ ਸਨ 'ਹੇ ਰਾਮ'।

ਭਾਰਤ ਦੇ ਉੱਤਰੀ ਅਤੇ ਪੱਛਮੀ ਹਿੱਸਿਆਂ ਵਿਚ ਰਾਮ ਆਮ ਤੌਰ ਤੇ ਦੇਵਤਾ ਮੰਨਿਆਂ ਜਾਂਦਾ ਹੈ ਪਰ ਦੂਸਰੇ ਪ੍ਰਾਂਤਾਂ ਵਿਚ ਰਾਮ (ਜਿਸ ਤਰ੍ਹਾਂ ਮੇਰੇ ਸੂਬੇ ਬੰਗਾਲ ਵਿਚ) ਮੁਖ ਤੌਰ ਤੇ ਰਾਮਾਇਣ ਮਹਾਂਕਾਵਿ ਦਾ ਨਾਇਕ ਹੈ ਨਾ ਕਿ ਰੱਬ ਦਾ ਅਵਤਾਰ। ਇਕ ਮਹਾਂਕਾਵਿ ਦੇ ਰੂਪ ਵਿਚ ਰਾਮਾਇਣ ਭਾਰਤ ਵਿਚ ਤੇ ਉਸਤੋਂ ਬਾਹਰ ਜਿਵੇਂ ਥਾਈਲੈਂਡ ਤੇ ਇੰਡੋਨੇਸ਼ੀਆ ਵਿਚ ਵੀ ਬਹੁਤ ਪ੍ਰਸਿੱਧ ਹੈ। (ਇਥੋਂ ਤਕ ਕਿ ਥਾਈਲੈਂਡ ਦੀ ਇਤਿਹਾਸਕ ਰਾਜਧਾਨੀ 'ਅਯੁੱਧਿਆ' ਅਯੁਧਿਆ ਦੀ ਸਮਾਨਅਰਥੀ ਹੈ) ਪਰੰਤੂ ਸਾਨੂੰ ਮਹਾਨ ਸਾਹਿਤਕ ਕਿਰਤ ਰਾਮਾਇਣ ਦੇ ਪ੍ਰਭਾਵ ਅਤੇ ਦੇਵਤਾ ਦੇ ਸਵਾਲ ਨੂੰ ਵੱਖ ਕਰਕੇ ਦੇਖਣਾ ਹੋਵੇਗਾ। ਅਸਲ ਵਿਚ ਇਸ ਪ੍ਰਾਚੀਨ ਮਹਾਂਕਾਵਿ ਵਿਚ ਰਾਮ ਨੂੰ ਈਸ਼ਵਰ ਦੀ ਬਜਾਇ ਚੰਗੇ ਤੇ ਆਤਮ ਤਿਆਗੀ ਰਾਜੇ ਦੇ ਰੂਪ ਵਿਚ ਚਿਤ੍ਰਿਤ ਕੀਤਾ ਗਿਆ ਹੈ। ਇਕ ਮੌਕੇ ਤੇ ਦੁਨੀਆਂਦਾਰ ਪੰਡਿਤ ਜਾਵਾਲੀ ਰਾਮ ਨੂੰ ਪ੍ਰਵਚਨ ਵੀ ਦਿੰਦਾ ਹੈ, 'ਹੇ ਰਾਮ ਵਿਵੇਕ ਤੋਂ ਕੰਮ ਲੈ। ਇਹ ਪੱਕ ਹੈ ਕਿ ਇਸ ਲੋਕ ਤੋਂ ਵੱਖਰਾ ਕੋਈ ਲੋਕ ਨਹੀਂ ਹੈ। ਜੋ ਵਰਤਮਾਨ ਹੈ ਉਸਦਾ ਭੋਗ ਕਰੋ ਅਤੇ ਜੋ ਭੈੜਾ ਹੈ ਉਸਨੂੰ ਪਿਛੇ ਛੱਡ ਦਿਉ?"

ਇਕ ਹਿੰਦੂ ਰਾਜਨੀਤਕ ਨੇਤਾ ਨੇ ਮਸਜਿਦ ਨੂੰ ਤਬਾਹ ਕਰਨ ਨੂੰ ਸ਼ਰਧਾ ਨਾਲ 'ਹਨੂਮਾਨ ਦੀ ਗਦਾ ਦੇ ਕਮਾਲ' ਦਾ ਨਾਮ ਦਿੱਤਾ। ਉਸਦਾ ਮਤਲਬ ਰਾਮਾਇਣ ਮਹਾਂਕਾਵਿ ਵਿਚ ਰਾਮ ਦੇ ਸਹਿਯੋਗੀ ਵਾਨਰ ਰਾਜਪੁਰਸ਼ ਹਨੂੰਮਾਨ ਤੋਂ ਸੀ। ਇਸ ਨੇਤਾ ਨੂੰ ਇਹ ਵਿਨਾਸ਼ ਲੀਲਾ ਅਜਿਹੀ ਲੱਗੀ ਹੋਵਗੀ ਪਰ ਉਹ ਇਸ ਤੱਥ ਨੂੰ ਨਜ਼ਰ ਅੰਦਾਜ਼ ਨਹੀ ਕਰ ਸਕਦਾ ਕਿ ਭਾਰਤ ਦੇ ਦੂਸਰੇ ਹਿੱਸਿਆਂ ਵਿਚ ਰਹਿਣ ਵਾਲੇ ਕਰੋੜਾਂ ਹਿੰਦੂ ਹਨੂੰਮਾਨ ਵਿਚ ਕੋਈ ਖਾਸ ਸ਼ਰਧਾ ਨਹੀਂ ਰੱਖਦੇ। ਬੰਗਾਲ ਦੇ ਪੇਂਡੂ ਇਲਾਕੇ ਵਿਚ ਲੋਕ ਪ੍ਰਚਲਿਤ ਨਾਟਕਾਂ ਵਿਚ ਹਨੂੰਮਾਨ ਦਾ ਚਰਿਤ੍ਰ ਦਰਸ਼ਕਾਂ ਨੂੰ ਲੋਟਪੋਟ ਕਰ ਦਿੰਦਾ ਹੈ। ਇਹ ਚਰਿਤ੍ਰ ਮਿਲਣਸਾਰ ਮਨੋਰੰਜਕ ਤੇ ਪਿਆਰਾ ਤਾਂ ਹੈ ਪਰ ਪੂਜਾ ਯੋਗ ਕਦੇ ਵੀ ਨਹੀਂ। ਆਪਣੇ ਗ੍ਰੰਥ 'ਵਿਜ਼ਨ ਆਫ ਇੰਡੀਆਜ਼' ਹਿਸਟਰੀ ਤੌਰ ਤੇ ਪ੍ਰਸੰਸਾ ਕੀਤੀ ਹੈ ਕਿ ਉਹ ਉਨ੍ਹਾਂ ਆਦਿਮ ਕਬੀਲਿਆਂ ਦੇ ਦੇਵਤਾ ਸਰੂਪ ਬਣੇ ਜਿਨ੍ਹਾਂ ਵਿਚੋਂ ਕੁਝ ਦਾ ਗਣਚਿੰਨ੍ਹ (ਟੋਟਮ) ਬਾਂਦਰ ਸੀ ਜਾਂ ਫਿਰ ਕੁਝ ਦਾ ਭਾਲੂ।

ਸਪਸ਼ਟ ਹੈ ਕਿ ਹਿੰਦੂ ਅਤੇ ਮੁਸਲਮਾਨ ਦੀ ਭਿੰਨਤਾ ਨੂੰ ਹਿੰਦੂ ਧਰਮ ਦੇ ਅੰਦਰ ਜਾਂ ਭਾਰਤ ਦੇ ਵੱਖ ਵੱਖ ਸੂਬਿਆਂ ਦੀ ਵਿਵਿਧਤਾ ਤੋਂ ਵਖਰਿਆ ਕੇ ਨਹੀਂ ਦੇਖਿਆ ਜਾ ਸਕਦਾ। ਇਹ ਸੂਬਾਈ ਭਿੰਨਤਾ ਆਧੁਨਿਕ ਰਾਜਨੀਤੀ ਉਪਰ ਵੀ ਲਾਗੂ ਹੁੰਦੀ ਹੈ। ਇਥੋਂ ਤਕ ਕਿ ਚੋਣਾਂ ਦੀ ਰਾਜਨੀਤੀ ਵਿਚ ਵੀ ਹਿੰਦੂ ਰਾਜਨੀਤਕ ਦਲ ਭਾਰਤ ਜਨਤਾ ਪਾਰਟੀ (ਭਾਜਪਾ) ਦੀ ਤਾਕਤ ਉੱਤਰੀ ਤੇ ਪੱਛਮੀ ਭਾਰਤ ਵਿਚ ਹੀ ਸੀਮਤ ਹੈ। ਪੂਰਬੀ ਤੇ ਦੱਖਣੀ ਭਾਰਤ ਵਿਚ ਉਸਨੂੰ ਬਹੁਤ ਘੱਟ ਸਮਰਥਨ ਪ੍ਰਾਪਤ ਹੈ। ਖੇਤਰਾਂ ਵਿਚ ਅਸਾਵਾਂਪਣ ਉਨ੍ਹਾਂ ਦੀ ਹੈਰਾਨੀਜਨਕ ਹੈ ਜਿਨੀਂ ਕਿ ਇਸ ਦੇਸ਼ ਦੀ ਧਾਰਮਿਕ ਵਿਵਧਤਾ। ਪਿਛਲੀਆਂ ਚੋਣਾਂ ਵਿਚ ਚੁਣੇ ਹੋਏ ਸੰਸਦ ਦੇ ਮੈਂਬਰਾਂ ਵਿਚ 90 ਫ਼ੀਸਦੀ ਸਿਰਫ ਉਤਰੀ ਤੇ ਪੱਛਮੀ ਭਾਰਤ ਦੇ ਅੱਠ ਰਾਜਾਂ ਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਵਿਚੋਂ ਸਨ। (40 ਫੀਸਦੀ ਤੋਂ ਉਪਰ ਕੇਵਲ ਉੱਤਰ ਪ੍ਰਦੇਸ਼ ਵਿਚੋਂ ਹੀ ਸਨ) ਭਾਰਤ ਦੇ ਕੁਲ ਬੱਤੀ ਰਾਜਾਂ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਵਿਚੋਂ ਵੀਹਾਂ ਵਿਚੋਂ ਕੋਈ ਭਾਜਪਾ ਮੈਂਬਰ ਨਹੀਂ ਚੁਣਿਆ ਗਿਆ।

ਇਸ ਸੂਬਾਈ ਅਸਮਾਨਤਾ ਦੀ ਵਿਆਖਿਆ ਲਈ ਕਈ ਕਾਰਣ ਦੱਸੇ ਗਏ ਹਨ। ਜਿਵੇਂ ਕਿ ਇਹ ਤੱਥ ਹੈ ਕਿ ਮੁਗਲ ਸਾਮਰਾਜ ਕਦੇ ਪੂਰੀ ਤਰ੍ਹਾਂ ਦੱਖਣ ਤਕ ਨਹੀਂ ਪਹੁੰਚਿਆ ਸੀ ਅਤੇ ਪੂਰਬ ਵਿਚ ਇਸਦੀ ਤਾਕਤ ਮੁਕਾਬਲਤਨ ਘੱਟ ਸੀ। ਇਹ ਕਿਹਾ ਗਿਆ ਹੈ ਕਿ ਮੁਗਲ ਸਾਮਰਾਜ ਦੇ ਖਿਲਾਫ ਹਿੰਦੂ ਸ਼ਾਸਕਾਂ ਦੇ ਸੰਘਰਸ਼ ਦਾ ਇਤਿਹਾਸ ਉੱਤਰ (ਰਾਜਸਥਾਨ ਦੇ ਰਾਜਪੂਤ) ਅਤੇ ਪੱਛਮ (ਮਹਾਰਾਸ਼ਟਰ ਦੇ ਮਰਹੱਟੇ) ਵਿਚ ਜ਼ਿਆਦਾ ਵਿਸਤ੍ਰਿਤ ਹੈ। ਪ੍ਰੰਤੂ ਇਸ ਅਸਮਾਨਤਾ ਦੀ ਸਮੁੱਚੀ ਵਿਆਖਿਆ ਲਈ ਹੋਰ ਵੀ ਅਨੇਕਾ ਵੱਖਰੇ ਵੱਖਰੇ ਸਮਾਜਿਕ ਅਤੇ ਸਭਿਆਚਾਰਕ ਕਾਰਣਾਂ ਨੂੰ



ਸ਼ਾਮਲ ਕਰਨਾ ਪਵੇਗਾ।

ਭਾਰਤ ਦੀ ਅੰਦਰੂਨੀ ਵਿਵਿਧਤਾ ਅਤੇ ਅਸਮਾਨਤਾਵਾਂ ਦੇ ਰਹਿੰਦਿਆਂ ਰਾਜਨੀਤਕ ਅਨੇਕਤਾ ਦੀ ਪੱਧਰ ਤੇ ਅਨੇਕਤਾ ਦੇ ਅਭਿੰਨ ਅੰਗ ਦੇ ਰੂਪ ਵਿਚ ਧਰਮ ਨਿਰਪੇਖਤਾ ਦਾ ਕੋਈ ਬਦਲ ਨਹੀਂ ਹੈ। ਇਸਦਾ ਅਰਥ ਇਹ ਵੀ ਨਹੀਂ ਹੈ ਕਿ ਧਰਮ ਨਿਰਪੱਖ ਰਵੱਈਏ ਦੀਆਂ ਆਪਣੀਆਂ ਕੋਈ ਸਮੱਸਿਆਵਾਂ ਨਹੀਂ ਹਨ। ਅਸਲ ਵਿਚ ਧਰਮ ਨਿਰਪੇਖਤਾ ਦੇ ਅਨੇਕਾਂ ਰੂਪ ਹਨ। ਇਹ ਚਰਚਾ ਦਾ ਵਿਸ਼ਾ ਹੋ ਸਕਦਾ ਹੈ ਕਿ ਭਾਰਤ ਇਸਦੇ ਕਿਸ ਰੂਪ ਨੂੰ ਅਪਣਾਏ। ਵਿਹਾਰਕ ਰੂਪ ਵਿਚ ਭਾਰਤ ਵਿਚ ਇਸ ਧਰਮ ਨਿਰਪੇਖਤਾ ਨੂੰ ਮੰਨਿਆ ਜਾਂਦਾ ਹੈ। ਉਹ ਵੱਖ ਵੱਖ ਸਮੂਹਾਂ ਦੀ ਸ਼ਹਿਨਸ਼ੀਲਤਾ ਦੀ ਸਮਰੱਥਾ ਉਪਰ ਅਧਾਰਿਤ ਹੋਣ ਦੀ ਬਜਾਇ ਉਨ੍ਹਾਂ ਦੀ ਅਸਹਿਨਸ਼ੀਲਤਾ ਦੀਆਂ ਸਾਮੂਹਿਕ ਭਾਵਨਾਵਾਂ ਦਾ ਜਮ੍ਹਾਂ ਜੋੜ ਹੈ। ਅਜਿਹੀ ਕੋਈ ਵੀ ਗੱਲ ਜਾਂ ਕਾਰਜ ਜੋ ਕਿਸੇ ਵੱਡੇ ਸਮੂਹ ਨੂੰ ਨਾ ਪਸੰਦ ਹੋਵੇ ਉਸਨੂੰ ਪਾਬੰਦੀ ਲਾਇਕ ਮੰਨਿਆ ਜਾਂਦਾ ਹੈ। ਸੈਂਸਰਸ਼ਿਪ ਲਾਗੂ ਕਰਨ ਦੀ ਇਹ ਹੋਰਨਾਂ ਖੇਤਰਾਂ ਵਿਚ ਅਭਿਵਿਅਕਤੀ ਦੀ ਸੁਤੰਤਰਤਾ ਵਲ ਸ਼ਹਿਨਸ਼ੀਲਤਾ ਦੇ ਭਾਰਤੀ ਇਤਿਹਾਸ ਨਾਲ ਜਮ੍ਹਾਂ ਹੀ ਮੇਲ ਨਹੀਂ ਖਾਂਦੀ।

ਉਦਾਹਰਣ ਲਈ ਭਾਰਤ ਪਹਿਲਾਂ ਦੇਸ਼ ਸੀ ਜਿਸਨੇ ਸਲਮਾਨ ਰਸ਼ਦੀ ਦੀ ਪੁਸਤਕ 'ਸੈਟਨਿਕ ਵਰਸੇਸ' ਉਪਰ ਪਾਬੰਦੀ ਲਗਾਈ। ਈਰਾਨ ਸਰਕਾਰ ਦੁਆਰਾ ਖ਼ੂਨੀ ਫ਼ਤਵਾ ਜਾਰੀ ਕਰਨ ਤੋਂ ਪਹਿਲਾਂ ਹੀ ਭਾਰਤ ਸਰਕਾਰ ਨੇ ਇਹ ਫੈਸਲਾ ਲੈ ਲਿਆ ਸੀ। ਕਿਸੇ ਸਮੂਹ ਵਲੋਂ ਇਹ ਕਹੇ ਜਾਣ ਤੇ ਕਿ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਲੱਗੀ ਹੈ। ਸਰਕਾਰ ਦੁਆਰਾ ਦਮਨਕਾਰੀ ਕਦਮ ਚੁੱਕੇ ਜਾਣ ਦੀਆਂ ਹੋਰ ਵੀ ਕਈ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਅਜਿਹਾ ਕਰਨ ਨਾਲ ਸ਼ਹਿਨਸ਼ੀਲ ਸਮਾਜ ਦੀ ਉਸਾਰੀ ਨਹੀਂ ਕੀਤੀ ਜਾ ਸਕਦੀ। ਇਸ ਪ੍ਰਸਥਿਤੀ ਦੀ ਤੁਲਨਾ ਬ੍ਰਿਟੇਨ ਦੇ ਈਸਾ ਦੀ ਨਿੰਦਾ ਦੇ ਸਵਾਲ ਨਾਲ ਕੀਤੀ ਜਾ ਸਕਦੀ ਹੈ। ਇਨ੍ਹਾਂ ਅਰਥਾਂ ਵਿਚ ਬ੍ਰਿਟੇਨ ਅੱਜ ਵੀ ਵਿਧੀਵਤ ਰੂਪ ਵਿਚ ਇਕ ਇਸਾਈ ਦੇਸ਼ ਹੈ, ਕਿਉਂਕਿ ਉਸੇ ਈਸਾਈ ਧਾਰਮਿਕ ਵਿਸ਼ਵਾਸਾਂ ਨਾਲ ਸੰਬੰਧਿਤ ਹੀ 'ਈਸਾਈ ਨਿੰਦਾ' ਵਿਰੋਧੀ ਕਾਨੂੰਨ ਹੈ। ਬ੍ਰਿਟੇਨ ਵਿਚ ਇਹ ਮੰਗ ਕੀਤੀ ਗਈ ਹੈ ਕਿ 'ਈਸਾ ਦੀ ਨਿੰਦਾ' ਸੰਬੰਧੀ ਕਾਨੂੰਨ ਨੂੰ ਦੂਸਰੇ ਧਰਮਾਂ ਦੇ ਸੰਬੰਧ ਵਿਚ ਵੀ ਲਾਗੂ ਕੀਤਾ ਜਾਏ। ਬ੍ਰਿਟੇਨ ਵਿਚ ਮੰਨੇ ਜਾਣ ਵਾਲੇ ਸਾਰੇ ਧਰਮਾਂ ਦੀ ਸਮਾਨਤਾ ਸਥਾਪਿਤ ਕਰਨ ਦਾ ਇਹ ਇਕ ਢੰਗ ਹੋ ਸਕਦਾ ਹੈ। ਪਰ ਇਹ ਤਰੀਕਾ ਇਹ ਵੀ ਹੈ ਕਿ 'ਈਸਾ ਦੀ ਨਿੰਦਾ' ਦੇ ਕਾਨੂੰਨ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਜਾਵੇ। ਇਕ ਧਰਮ ਨਿਰਪੇਖ ਰਾਜ ਇਨ੍ਹਾਂ ਦੋਨਾਂ ਵਿਚੋਂ ਕਿਸੇ ਦਿਸ਼ਾ ਵਿਚ ਵੀ ਜਾ ਸਕਦਾ ਹੈ। ਜੋ ਲੋਕ ਇਹ ਮੰਨਦੇ ਹਨ ਬੋਲਣ ਦੀ ਆਜ਼ਾਦੀ ਦੀ ਇੱਜ਼ਤ ਕਰਨ ਵਾਲੇ ਆਧੁਨਿਕ ਸਮਾਜ ਦੇ ਇਨ੍ਹਾਂ ਕਾਨੂੰਨਾਂ ਨੂੰ ਸਾਰੇ ਧਰਮਾਂ ਉਪਰ ਲਾਗੂ ਕਰਨ ਦੀ ਬਜਾਇ ਮੁੱਢੋਂ ਹੀ ਖਰਿਜ ਕਰ ਦੇਣਾ ਚਾਹੀਦਾ ਹੈ, ਉਨ੍ਹਾਂ ਨੂੰ ਸਮਾਨਤਾ ਦੀ ਮੰਗ ਤੋਂ ਵੀ ਵਧੇਰੇ ਆਪਣੇ ਦਾਅਵਿਆ ਨੂੰ ਠੋਸ ਤਰਕਾਂ ਉਪਰ ਖੜ੍ਹਾ ਕਰਨਾ ਪਵੇਗਾ। ਇਨ੍ਹਾਂ ਸਵਾਲਾਂ ਦਾ ਆਧੁਨਿਕ ਭਾਰਤ ਅਤੇ ਬ੍ਰਿਟੇਨ ਵਿਚ ਪੂਰਣ ਨਿਪਟਾਰਾ ਹੋਣਾ ਅਜੇ ਬਾਕੀ ਹੈ।

ਦੂਜੇ ਸਵਾਲ ਦਾ ਸੰਬੰਧ ਇਸ ਤੱਥ ਨਾਲ ਹੈ ਕਿ ਧਰਮ ਨਿਰਪੱਖਤਾ ਦੀ ਭਾਰਤੀ ਵਿਆਖਿਆ ਵਿਚ ਵਿਭਿੰਨ ਸਮੂਹਾਂ ਦੇ ਪਰਸਨਲ ਲਾਅ ਹਨ ਜਿਨ੍ਹਾਂ ਵਿਚ ਅੰਤਰ ਹੈ ਜਿਵੇਂ ਜੇ ਕੋਈ ਹਿੰਦੂ ਇਕ ਤੋਂ ਜ਼ਿਆਦਾ ਵਿਆਹ ਕਰਦਾ ਹੈ ਤਾਂ ਉਸ ਉਪਰ ਮੁਕੱਦਮਾ ਚਲਾਇਆ ਜਾ ਸਕਦਾ ਹੈ। ਪਰ ਇਸਲਾਮੀ ਕਾਨੂੰਨ ਦੇ ਆਧਾਰ ਤੇ ਮੁਸਲਮਾਨ ਆਦਮੀ ਕਾਨੂੰਨੀ ਤੌਰ ਤੇ ਚਾਰ ਵਿਆਹ ਕਰ ਸਕਦਾ ਹੈ। (ਉਂਝ ਵਿਹਾਰਕ ਰੂਪ ਵਿਚ ਭਾਰਤੀ ਮੁਸਲਮਾਨ ਕਦੇ ਕਦਾਈਂ ਹੀ ਇਸ ਕਾਨੂੰਨ ਦੀ ਵਰਤੋਂ ਕਰਦੇ ਹਨ) ਇਸੇ ਤਰਾਂ ਹੋਰ ਫ਼ਰਕ ਵੀ ਹਨ ਜਿਸ ਤਰ੍ਹਾਂ ਤਾਲਾਕ ਦੀ ਹਾਲਤ ਵਿਚ ਮੁਸਲਮਾਨ ਔਰਤ ਦਾ ਇਸਲਾਮੀ ਕਾਨੂੰਨ ਅਨੁਸਾਰ ਹਿੰਦੂ ਔਰਤ ਦੇ ਮੁਕਾਬਲੇ ਘੱਟ ਬਚਾਅ ਹੁੰਦਾ ਹੈ। ਇਨ੍ਹਾਂ ਭਿੰਨਤਾਵਾਂ ਦੇ ਆਧਾਰ ਉਪਰ ਹਿੰਦੂ ਰਾਜਨੀਤਕ ਕਾਰਜਕਰਤਾ ਬਾਰ ਬਾਰ ਇਹ ਦਾਅਵਾ ਕਰਦੇ ਹਨ ਕਿ ਬਹੁਗਿਣਤੀ ਹੋਣ ਦੇ ਬਾਵਜੂਦ ਹਿੰਦੂਆਂ ਨਾਲ ਭੇਦ ਭਾਵ ਹੁੰਦਾ ਹੈ। ਇਹ ਇਲਜ਼ਾਮ ਹਾਸੋਹੀਣਾ ਹੈ ਕਿਉਂਕਿ ਜੇ ਕੋਈ ਕਿਸੇ ਕਿਸਮ ਦਾ ਭੇਦਭਾਵ ਹੈ ਤਾਂ ਉਹ ਮੁਸਲਿਮ ਔਰਤ ਦੇ ਖਿਲਾਫ ਹੈ ਨਾ ਕਿ ਹਿੰਦੂ ਮਰਦ ਦੇ ਖਿਲਾਫ। ਇਨ੍ਹਾਂ ਹਿੰਦੂ ਰਾਜਨੀਤਕ ਇਲਜ਼ਾਮਾਂ ਪਿਛੇ ਮਰਦ ਪ੍ਰਧਾਨ ਵਿਚਾਰ ਸਾਫ ਹੈ। ਨਾ ਹੀ ਇਸ ਦਾਅਵੇ ਦਾ ਕੋਈ ਗੰਭੀਰ ਵਿਹਾਰਕ ਆਧਾਰ ਹੈ ਕਿ ਬਹੁ ਪਤਨੀ ਸੰਸਥਾ ਦੇ ਹੁੰਦਿਆਂ ਮੁਸਲਮਾਨਾਂ ਦੀ ਜਨਸੰਖਿਆਂ ਵਿਚ ਵਾਧਾ ਹਿੰਦੂਆਂ ਤੋਂ ਵਧੇਰੇ ਹੈ। ਪਰੰਤੂ ਅਸਮਾਨਤਾ ਦਾ ਵਿਆਪਕ

ਮੁੱਦਾ ਮਹਤੱਵਪੂਰਨ ਹੈ। ਸਾਰੇ ਸਮੂਹਾਂ ਦੇ ਲੋਕਾਂ ਉਪਰ ਭਾਰਤੀ ਸਿਵਲ ਕੋਡ ਇਕੋ ਰੂਪ ਵਿਚ ਲਾਗੂ ਕਰਨ ਦਾ ਯਤਨ ਗੈਰ ਧਰਮ ਨਿਰਪੱਖ ਜਾਂ ਸੰਪ੍ਰਦਾਇਕ ਨਹੀਂ ਹੋਵੇਗਾ।

ਭਾਰਤੀ ਧਰਮ ਨਿਰਪੱਖਤਾ ਅਤੇ ਅਨੇਕਤਾਵਾਦੀ ਸ਼ਹਿਣਸ਼ੀਲਤਾ ਲਈ ਵਰਤਮਾਨ ਚੁਣੌਤੀਆਂ ਦਾ ਮੂਲ ਕੀ ਹੈ? ਮੇਰੇ ਵਿਚਾਰ ਅਨੁਸਾਰ ਤਿੰਨ ਵੱਖ ਵੱਖ ਪਰੰਤੂ ਇਕ ਦੂਸਰੇ ਨਾਲ ਜੁੜੀਆਂ ਪ੍ਰਵਿਰਤੀਆਂ ਵਿਚ ਅੰਤਰ ਕਰ ਸਕਦੇ ਹਾਂ। (1) ਸੰਪ੍ਰਦਾਇਕ ਫਾਸ਼ੀਵਾਦ (2) ਫਿਰਕਾਪ੍ਰਸਤ ਰਾਸ਼ਟਰਵਾਦ (3) ਅਤੇ ਅਤਿ ਪੁਰਾਤਨ ਪੰਥ।

'ਫਾਸ਼ੀਵਾਦ' ਸ਼ਬਦ ਦੀ ਵਰਤੋਂ ਵਧੇਰੇ ਨਿੰਦਾ ਕਰਨ ਲਈ ਬਿਨਾਂ ਸੋਚੇ ਸਮਝੇ ਕੀਤੀ ਜਾਂਦੀ ਹੈ। ਮੈਂ ਇਹ ਦਾਅਵਾ ਨਹੀਂ ਕਰਦਾ ਕਿ ਪੂਰਾ ਹਿੰਦੂ ਰਾਜਨੀਤਕ ਅੰਦੋਲਨ ਕਿਸੇ ਵੀ ਮਾਅਨੇ ਵਿਚ ਫਾਸ਼ੀਵਾਦੀ ਹੈ। ਪਰ ਕੁਝ ਖਾਸ ਰਾਜਨੀਤਕ ਗੁਣ ਹਨ ਜੋ ਆਮ ਤੌਰ ਤੇ ਫਾਸ਼ੀਵਾਦੀ ਅੰਦੋਲਨ ਵਿਚ ਮਿਲਦੇ ਹਨ, ਅਤੇ ਇਹੀ ਗੁਣ ਅੱਜ ਭਾਰਤ ਵਿਚ ਹਿਦੂ ਰਾਜਨੀਤੀ ਨਾਲ ਜੁੜੇ ਹੋਏ ਸੰਗਠਨਾਂ ਵਿਚ ਵੀ ਹਨ। ਜਿਵੇਂ ਸੰਪ੍ਰਦਾਇਕ ਉਦੇਸ਼ਾਂ ਲਈ ਹਿੰਸਾ ਦਾ ਪ੍ਰਯੋਗ ਕਿਸੇ ਇਕ ਖਾਸ ਸੰਪ੍ਰਦਾਇਕ ਨੂੰ ਆਪਣਾ ਨਿਸ਼ਾਨਾ ਬਣਾਉਣਾ, ਜਨੂੰਨ ਪੈਦਾ ਕਰਕੇ ਵੰਡਣ ਵਾਲੀਆਂ ਅਪੀਲਾਂ ਦੇ ਆਧਾਰ ਤੇ ਜਨਤਾ ਨੂੰ ਇਕ ਜੁਟ ਕਰਨਾ ਅਤੇ ਸੰਪ੍ਰਦਾਇ ਵਿਸ਼ੇਸ਼ ਦੇ ਵਿਰੁੱਧ ਗੈਰ ਸੰਵਿਧਾਨਕ ਢੰਗਾਂ ਤਰੀਕਿਆਂ ਦੀ ਵਰਤੋਂ ਅਜਿਹੇ ਹੀ ਫਾਸ਼ੀਵਾਦੀ ਗੁਣ ਹਨ।

ਖਾਸ ਤੌਰ ਤੇ ਬੰਬਈ ਦੇ ਹਿੰਦੂ ਸੰਗਠਨਾਂ ਵਿਚ ਸਾਫ ਤੌਰ ਤੇ ਇਹ ਪ੍ਰਵਿਰਤੀਆਂ ਦਿਖਾਈ ਦਿੰਦੀਆਂ ਹਨ। ਆਮ ਦੰਗੇ ਤੋਂ ਇਲਾਵਾ ਸ਼ਹਿਰ ਵਿਚ ਸੰਗਠਿਤ ਗਰਮੀ ਖਿਆਲੀ ਹਿੰਦੂ ਪਾਰਟੀਆਂ ਨੇ ਅਨੇਕਾਂ ਮੁਸਲਮਾਨਾਂ ਦੀ ਹੱਤਿਆ ਕੀਤੀ। ਵਧੇਰੇ ਹਮਲਿਆਂ ਦੀ ਵਾਗਡੋਰ ਬੰਬਈ ਦੇ ਸ਼ਕਤੀਸ਼ਾਲੀ ਕੱਟਰਪੰਥੀ ਸੰਗਠਨ ਸ਼ਿਵ ਸ਼ੈਨਾ ਦੇ ਹੱਥ ਸੀ। ਇਸ ਸੰਗਠਨ ਦਾ ਨਾਂ ਸਤਾਰਵੀਂ ਸਦੀ ਦੇ ਮਹਾਰਾਸ਼ਟਰ ਦੇ ਹਿੰਦੂ ਸ਼ਾਸਕ ਸ਼ਿਵਾਜੀ ਦੇ ਨਾਮ ਉਪਰ ਰਖਿਆ ਗਿਆ ਹੈ। ਜਿਸਨੇ ਮੁਗਲ ਸਾਮਰਾਜ ਦੇ ਖ਼ਿਲਾਫ ਕਈ ਸਫਲ ਲੜਾਈਆਂ ਲੜੀਆ।

ਬੰਬਈ ਵਿਚ ਹੋਈ ਹਿੰਸਾ ਵਿਚ ਸੰਪ੍ਰਦਾਇਕ ਲੜਾਈਆਂ ਤੋਂ ਇਲਾਵਾ ਹੋਰ ਤੱਤ ਵੀ ਸਨ। ਕਈ ਮਾਲਕਾਂ ਨੇ ਮੌਕਾ ਤਾੜ ਕੇ ਬੇਘਰਿਆਂ ਵਲੋਂ ਉਸਾਰੀਆਂ ਗਈਆਂ ਕਈਆਂ ਬਸਤੀਆਂ ਨੂੰ ਤਬਾਹ ਕਰ ਦਿੱਤਾ। ਕਈ ਵਪਾਰੀਆਂ ਨੇ ਹਿੰਸਕ ਪਾਰਟੀਆਂ ਲਈ ਪੈਸਾ ਦੇ ਕੇ ਆਪਣੇ ਵਿਰੋਧੀਆਂ ਦੀਆਂ ਦੁਕਾਨਾਂ ਨੂੰ ਨਸ਼ਟ ਕਰਵਾਇਆ। ਇਸ ਤਰ੍ਹਾਂ ਦੀਆਂ ਹੋਰ ਵੀ ਕਈ ਘਟਨਾਵਾਂ ਹੋਈਆਂ। ਫਾਸ਼ੀਵਾਦੀ ਕਾਰਵਾਈਆਂ ਦੌਰਾਨ ਅਜਿਹੀਆਂ ਗਤੀਵਿਧੀਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਅਜਿਹਾ ਵਾਤਾਵਰਣ ਬਣ ਜਾਂਦਾ ਹੈ ਕਿ ਵਧੇਰੇ ਲੜਾਕੂ, ਬਾਹੂਬਲ ਵਾਲਾ ਆਦਮੀ ਹੀ ਜ਼ਿੰਦਾ ਰਹਿ ਸਕਦਾ ਹੈ।

ਬੰਬਈ ਦੇ ਦੰਗਿਆਂ ਵਿਚ ਜ਼ਿਆਦਾਤਰ ਮੁਸਲਮਾਨ ਹੀ ਸ਼ਿਕਾਰ ਹੋਏ। ਮੁਸਲਮਾਨ ਵੀ ਉਹ ਜੋ ਟੁੱਟੀਆਂ ਜਿਹੀਆਂ ਬਸਤੀਆਂ ਵਿਚ ਰਹਿੰਦੇ ਗਰੀਬ ਸਨ। ਜਾਂ ਫਿਰ ਬੇਸਹਾਰਾ ਲੋਕ ਮਾਰੇ ਗਏ। ਅਜਿਹੇ ਲੋਕਾਂ ਦੀ ਵੀ ਹੱਤਿਆ ਹੋਈ ਜੋ ਆਮ ਤੌਰ ਤੇ ਹਿੰਸਾ ਵਿਚੋਂ ਬਚ ਜਾਣ ਵਾਲੇ ਸ਼ਹਿਰੀ ਖਾਂਦੇ ਪੀਂਦੇ ਵਰਗਾਂ ਵਿਚੋਂ ਸਨ। ਸ਼ਿਵ ਸੈਨਾ ਦੇ ਨੇਤਾ ਬਾਲ ਠਾਕਰੇ ਨੇ ਇਹ ਸਾਫ ਕਿਹਾ ਹੈਂ ਕ ਹਿੰਸਾ ਫੈਲਾਉਣ ਵਾਲੀ ਭੀੜ ਉਸ ਅਧੀਨ ਕੰਮ ਕਰ ਰਹੀ ਸੀ। ਉਸਨੇ ਇਹ ਵੀ ਕਿਹਾ ਕਿ ਉਸਦੀ ਪਾਰਟੀ ਰਾਜਨੀਤਕ ਉਪਯੋਗ ਲਈ ਹਫਤਾ ਵਸੂਲਣ ਦੇ ਖਿਲਾਫ ਨਹੀਂ ਹੈ। ਜੇ ਮੁਸਲਮਾਨਾਂ ਨੇ 'ਨਾਜ਼ੀ ਜਰਮਨੀ ਜਿਹਾ ਵਿਹਾਰ ਕੀਤਾ, ਤਾਂ ਉਨ੍ਹਾਂ ਨਾਲ ਉਹੀ ਸਲੂਕ ਕਰਨਾ ਮਾੜਾ ਨਹੀਂ ਹੋਵੇਗਾ। ਜਿਹੜਾ ਨਾਜ਼ੀ ਜਰਮਨੀ ਵਿਚ ਯਹੂਦੀਆਂ ਨਾਲ ਕੀਤਾ ਗਿਆ ਸੀ।"

ਸ਼ਿਵ ਸੈਨਾ ਦਾ ਸਰੂਪ ਸਥਾਨਕ ਹੈ। ਉਹ ਮਹਾਂਰਾਸ਼ਟਰ ਵਿਚ ਵਿਸੇਸ਼ ਤੌਰ ਤੇ ਬੰਬਈ ਸ਼ਹਿਰ ਤਕ ਸੀਮਤ ਹੈ। ਬੰਬਈ ਵਿਚ ਚੋਣਾਂ ਦਾ ਸਮਰਥਨ ਹੁੰਦਿਆਂ ਹੋਇਆਂ ਵੀ ਸੀਮਤ ਹੈ। ਪਿਛਲੇ ਸਾਲ ਬੰਬਈ ਮਹਾਂਨਗਰਪਾਲਿਕਾ ਦੀਆਂ ਚੋਣਾਂ ਵਿਚ ਉਸਨੂੰ ਇਕ ਤਿਹਾਈ ਤੋਂ ਵੀ ਘੱਟ ਸੀਟਾਂ ਮਿਲੀਆਂ। ਪਰੰਤੂ ਸ਼ਿਵ ਸੈਨਾ ਦੇ ਕਾਰਜਕਰਤਾ, ਮਹਾਂਰਾਸ਼ਟਰ ਦੇ ਗਰੀਬਾਂ ਦੀ ਹਤਾਸ਼ ਮਾਨਸਿਕਤਾ ਨੂੰ ਤਬਾਹਕੁੰਨ ਦਿਸ਼ਾ ਵਲ ਮੋੜਨ ਵਿਚ ਸਫਲ ਹੋਏ ਹਨ ਅਤੇ ਉਨ੍ਹਾਂ ਨੇ ਹਿੰਸਾ, ਆਂਤੰਕ ਅਤੇ ਸੋਚ ਸਮਝ ਕੇ ਲੋਕਾਂ ਦੇ ਜਨੂੰਨ ਨੂੰ ਉਭਾਰ ਕ ਆਪਣੇ ਰਾਜਨੀਤਕਤ ਪ੍ਰਭਾਵ ਨੂੰ ਵਧਾਉਣ ਦਾ ਯਤਨ ਕੀਤਾ ਹੈ।



ਬੰਬਈ ਦੇ ਨਿਵਾਸੀਆਂ ਵਿਚੋਂ ਕਈ ਹਿੰਦੂਆਂ ਤੇ ਮੁਸਲਮਾਨਾਂ ਨੇ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਦੂਸਰਿਆਂ ਦੀ ਜਾਨ ਬਚਾਈ। ਕੁਝ ਨੂੰ ਵਿਸ਼ਵ ਪੱਧਰ ਤੇ ਮਸ਼ਹੂਰੀ ਮਿਲੀ। (ਮਹਾਨ ਕ੍ਰਿਕਟ ਖਿਡਾਰੀ ਸੁਨੀਲ ਗਾਵਾਸਕਾਰ ਦੀ ਬਹਾਦਰੀ ਇੰਗਲੈਂਡ ਦੇ ਅਖਬਾਰਾਂ ਵਿਚ ਚਰਚਿਤ ਰਹੀ। ਅਜਿਹੇ ਹੋਰ ਵੀ ਕਈ ਲੋਕ ਸਨ।) ਇਨ੍ਹਾਂ ਦੰਗਿਆਂ ਨੂੰ ਰੋਕਣ ਲਈ ਬੰਬਈ ਪੁਲਿਸ ਦਾ ਰਿਕਾਰਡ ਬਹੁਤ ਭੈੜਾ ਰਿਹਾ। ਜਿਸਨੇ ਪੁਲੀਸ ਵਿਚ ਫੈਲੀ ਸੰਪਰਦਾਇਕ ਫਾਸ਼ੀਵਾਦੀ ਸੋਚ ਨੂੰ ਉਜਾਗਰ ਕੀਤਾ ਹੈ। ਇਸ ਵਿਚ ਪ੍ਰੈਸ ਨੇ ਆਪਣੀ ਭੂਮਿਕਾ ਨਿਭਾਈ। 'ਬਿਜ਼ਨੈਸ ਇੰਡੀਆ' ਦੇ ਪੱਤਰਕਾਰਾਂ ਨੇ ਉੱਚ ਅਹੁਦਿਆਂ ਦੇ ਬੈਠੇ ਪੁਲਿਸ ਅਧਿਕਾਰੀਆਂ ਵਲੋਂ ਗੜਬੜੀ ਵਾਲੀਆਂ ਥਾਵਾਂ ਤੇ ਤਾਇਨਾਤ ਪੁਲਿਸ ਬਲਾਂ ਨੂੰ ਖਾਸ ਫਰੀਕੁਐਂਸੀ ਉਪਰ ਕੀਤੇ ਵਾਇਰਲੈਸ ਦੇ ਹਿੰਦੂ ਸਮਰਥਕ ਸੰਦੇਸ਼ਾਂ ਦੀ ਟੇਪ ਵੀ ਤਿਆਰ ਕੀਤੀ ਹੈ। ਭਾਰਤੀ ਅਦਾਲਤਾਂ ਨੇ ਬੰਬਈ ਪੁਲਿਸ ਨੂੰ ਹੁਕਮ ਦਿੱਤਾ ਹੈ ਕਿ ਜਾਂਚ ਪੜਤਾਲ ਪੂਰੀ ਹੋਣ ਤੱਕ ਗਲਬਾਤ ਦੀਆਂ ਟੇਪਾਂ ਨੂੰ ਸੀਲਬੰਦ ਰੱਖਣ।

ਮੁਸਲਮਾਨ ਸ਼ਿਵ ਸੈਨਾ ਦਾ ਇਕੋ ਇਕ ਨਿਸ਼ਾਨਾ ਨਹੀਂ ਤੇ ਨਾ ਹੀ ਉਹ ਪਹਿਲਾਂ ਨਿਸ਼ਾਨਾ ਹਨ। ਯੂਨੀਅਨਾਂ ਉਪਰ ਹਮਲੇ ਕਰਨਾ ਅਤੇ ਉਨ੍ਹਾਂ ਨੂੰ ਸੰਗਠਿਤ ਹੋਣ ਤੋਂ ਰੋਕਣ ਦਾ ਸ਼ਿਵ ਸੈਨਾ ਦਾ ਲੰਬਾ ਇਤਿਹਾਸ ਹੈ। ਸੂਬਾਈ ਫਿਰਕਾਪ੍ਰਸਤੀ ਨੂੰ ਹਵਾ ਦੇਣ ਵਾਲੀ ਉਹ ਇਕ ਮਹੱਤਵਪੂਰਨ ਤਾਕਤ ਹੈ। ਸਤੱਰਵਿਆਂ ਦੇ ਸ਼ੁਰੂ ਵਿਚ ਗ਼ੈਰ-ਮਰਹੱਟਿਆਂ, ਖਾਸ ਤੌਰ ਤੇ ਦੱਖਣੀ ਭਾਰਤੀਆਂ ਨੂੰ ਬੰਬਈ ਤੋਂ ਬਾਹਰ ਕੱਢਣ ਦੇ ਅੰਦੋਲਨ ਨਾਲ ਹੀ ਸ਼ਿਵ ਸੈਨਾ ਮਸ਼ਹੂਰ ਹੋਈ। ਹਾਲ ਹੀ ਵਿਚ ਇਸਨੇ ਮੁਸਲਮਾਨਾਂ ਨੂੰ ਆਪਣਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਦੋ ਕਾਰਣਾਂ ਕਰਕੇ ਮੈਂ ਸ਼ਿਵ ਸੈਨਾ ਵੱਲੋਂ ਫੈਲਾਈ ਗਈ ਹਿੰਸਾ ਉਪਰ ਆਪਣਾ ਧਿਆਨ ਕੇਂਦ੍ਰਿਤ ਕੀਤਾ ਹੈ। ਪਹਿਲਾ ਇਹ ਕਿ ਦੰਗਿਆਂ ਵਿਚ ਮਾਰੇ ਗਏ ਲੋਕਾਂ ਦਾ ਵਡੇਰਾ ਹਿੱਸਾ ਇਸੇ ਸ਼ਹਿਰ ਵਿਚ ਰਹਿੰਦਾ ਸੀ। (ਬੰਬਈ ਵਿਚ ਕੁਲ ਅੱਠ ਸੌ ਤੋਂ ਜ਼ਿਆਦਾ ਲੋਕ ਮਾਰੇ ਗਏ ਹਨ) ਦੂਸਰੇ ਸੰਪ੍ਰਦਾਇਕ ਫਾਸ਼ੀਵਾਦ ਦਾ ਇਹ ਰੂਪ ਜੋ ਹੁਣ ਤੱਕ ਬੰਬਈ ਵਿਚ ਕੇਂਦ੍ਰਿਤ ਸੀ ਭਾਰਤ ਦੇ ਦੂਸਰੇ ਹਿੱਸਿਆਂ ਵਿਚ ਵੀ ਉਭਰ ਸਕਦਾ ਹੈ। ਫਾਸ਼ੀਵਾਦੀ ਅੰਦੋਲਨ ਰਾਜਨੀਤਕ ਦਲ ਉਨ੍ਹਾਂ ਨੂੰ ਸਹਿੰਦੇ ਜਾਂ ਉਸਦਾ ਸਾਥ ਦਿੰਦੇ ਹਨ। ਇਸ ਸੰਦਰਭ ਵਿਚ ਹਿੰਦੂ ਰਾਜਨੀਤਕ ਪਾਰਟੀ, ਭਾਜਪਾ ਜੋ ਖੁਦ ਭਾਵੇਂ ਫਾਸ਼ੀਵਾਦੀ ਨਹੀਂ ਹੈ, ਸ਼ਿਵ ਸੈਨਾ ਦੀਆਂ ਹਿੰਸਕ ਕਾਰਵਾਈਆਂ ਦਾ ਵਿਰੋਧ ਨਹੀਂ ਕਰਦੀ ਸਗੋਂ ਉਸਦੇ ਸਹਿਯੋਗੀ ਵਰਗਾ ਵਿਹਾਰ ਕਰਦੀ ਹੈ।

ਜੇ ਇਹ ਮਿਲੀਭੁਗਤ ਹਿੰਦੂ ਅੰਦੋਲਨ ਦੇ ਅਤਿ ਸੱਜਪਛਾਖੜੀ ਪੰਥ ਰਾਸ਼ਟਰੀ ਸਵਯੰ ਸੇਵਕ ਸੰਘ (ਆਰ. ਐਸ. ਐਸ) ਨਾਲ ਹੁੰਦੀ (ਜਿਸ ਨੂੰ ਮਹਾਤਮਾ ਗਾਂਧੀ ਦੀ ਹੱਤਿਆ ਵਿਚ ਸ਼ਾਮਿਲ ਮੰਨਿਆ ਗਿਆ ਸੀ) ਤਾਂ ਕੋਈ ਹੈਰਾਨੀ ਦੀ ਗੱਲ ਨਾ ਹੁੰਦੀ। ਪ੍ਰੰਤੂ ਇਸ ਬਾਰ ਤਾਂ ਅਟਲ ਬਿਹਾਰੀ ਵਾਜਪਾਈ ਵਰਗੇ ਨਰਮਪੰਥੀ ਹਿੰਦੂ ਨੇਤਾਵਾਂ ਨੇ ਵੀ ਬੰਬਈ ਵਿਚ ਸ਼ਿਵ ਸੈਨਾ ਦੀ ਭੋਰਾ ਭਰ ਨਿੰਦਾ ਨਹੀਂ ਕੀਤੀ। ਸਭ ਤੋਂ ਵਧੇਰੇ ਮਹੱਤਵਪੂਰਨ ਤੱਥ ਇਹ ਹੈ ਕਿ ਭਾਰਤ ਦੀ ਕੇਂਦਰ ਸਰਕਾਰ ਮਹਾਂਰਾਸ਼ਟਰ ਸਰਕਾਰ ਅਤੇ ਬੰਬਈ ਮਹਾਂਪਾਲਿਕਾ (ਜਿਸਦੇ ਤਹਿਤ ਪੁਲਿਸ ਹੈ) ਜਿਸ ਉਪਰ ਕਾਂਗਰਸ ਕਾਬਜ਼ ਸੀ ਨੇ ਵੀ ਸ਼ਿਵ ਸੈਨਾ ਵਲੋਂ ਫੈਲਾਈ ਗਈ ਹਿੰਸਾ ਨੂੰ ਬੰਦ ਕਰਨ ਦਾ ਕੋਈ ਗੰਭੀਰ ਯਤਨ ਨਹੀਂ ਕੀਤਾ। ਨਾ ਭੌਂਕਣ ਵਾਲਾ ਕੁੱਤਾ ਵੀ ਬੰਬਈ ਅਤੇ ਦੂਸਰੇ ਭਾਰਤ ਦੀ ਤ੍ਰਾਸਦੀ ਦਾ ਇਕ ਮਹੱਤਵਪੂਰਨ ਹਿੱਸਾ ਹੈ।

545 ਮੈਂਬਰੀ ਪਾਰਲੀਮੈਂਟ ਵਿਚ 245 ਐਮ. ਪੀ. ਵਾਲੀ ਕਾਂਗਰਸ ਪਾਰਟੀ ਇਕ ਘਟ ਗਿਣਤੀ ਸਰਕਾਰ ਚਲਾ ਰਹੀ ਹੈ। ਆਰਥਿਕ ਨੀਤੀ (ਖਾਸ ਤੌਰ ਤੇ ਸਰਕਾਰੀ ਗਲਬੇ ਹੇਠਲੇ ਉਦਾਰੀਕਰਨ) ਦੇ ਮੁੱਦਿਆਂ ਉਪਰ ਆਮ ਤੌਰ ਤੇ ਉਸਨੂੰ ਖੱਬੇਪੱਖੀ ਪਾਰਟੀਆਂ ਦੇ ਵਿਰੋਧ ਨੂੰ ਝੱਲਣਾ ਪੈਂਦਾ ਹੈ। (ਜਨਤਾ ਦਲ ਦੀਆਂ 59 ਅਤੇ ਕਮਿਊਨਿਸਟ ਪਾਰਟੀਆਂ ਦੀਆਂ 49 ਸੀਟਾਂ ਹਨ) ਪ੍ਰੰਤੂ ਇਨ੍ਹਾਂ ਪਾਰਟੀਆਂ ਦੇ ਨਾਲ ਨਾਲ ਦੂਜੀਆਂ ਵਧੇਰੇ ਖੇਤਰੀ ਪਾਰਟੀਆਂ ਧਰਮ ਨਿਰਪੱਖਤਾ ਦੇ ਮਸਲੇ ਉਪਰ ਭਾਜਪਾ (119 ਸੀਟਾਂ) ਅਤੇ ਸ਼ਿਵ ਸੈਨਾ (4 ਸੀਟਾਂ) ਦੇ ਵਿਰੋਧ ਵਿਚ ਕਾਂਗਰਸ ਦਾ ਸਮਰਥਨ ਕਰਦੀਆਂ ਹਨ। ਇਸ ਲਈ ਕਾਂਗਰਸ ਨੂੰ ਇਸ ਮੁੱਦੇ ਉਪਰ ਕੋਈ ਖਤਰਾ ਨਹੀਂ। ਅਸਲ ਵਿਚ ਹਿੰਦੂ ਰਾਜਨੀਤਕ ਹਿੰਸਾ ਦੇ ਵਿਰੋਧ ਵਿਚ, ਵਧੇਰੇ ਸਖਤ ਤੇ ਦ੍ਰਿੜ ਰਵੱਈਆ ਨਾ ਅਪਨਾਉਣ ਲਈ ਦੂਸਰੀਆਂ ਕਈ ਪਾਰਟੀਆਂ ਨੇ ਕਾਂਗਰਸ ਨਾਲ ਤੋੜ ਵਿਛੋੜਾ ਕੀਤਾ ਹੈ। ਕਦੇ ਕਦਾਈ ਕਾਂਗਰਸੀ ਨੇਤਾ ਅਚਾਨਕ ਵੇਗ ਵਿਚ

ਆ ਕੇ ਕੋਈ ਕਦਮ ਚੁੱਕਦੇ ਹਨ। ਜਿਵੇਂ ਅਯੁਧਿਆ ਵਿਚ ਬਾਬਰੀ ਮਸਜਿਦ ਢਾਹੇ ਜਾਣ ਤੋਂ ਇਕ ਦਮ ਬਾਦ ਉਨ੍ਹਾਂ ਨੇ ਸੰਵਿਧਾਨ ਦੇ ਸ਼ੱਕੀ ਕਾਨੂੰਨਾਂ ਦੀ ਵਰਤੋਂ ਕਰਕੇ ਚਾਰ ਰਾਜਾਂ ਦੀਆਂ ਭਾਜਪਾ ਸਰਕਾਰਾਂ ਨੂੰ ਬਰਖ਼ਾਸ਼ਤ ਕਰ ਦਿੱਤਾ। ਪਰ ਉਨ੍ਹਾਂ ਨੇ ਨਾ ਤਾਂ ਹਿੰਦੂ ਰਾਜਨੀਤਕ ਪਾਰਟੀ ਨੂੰ ਬਣਦੀ ਵੰਗਾਰ ਪਾਈ ਤੇ ਨਾ ਹੀ ਸੰਪ੍ਰਦਾਇਕ ਰਾਜਨੀਤੀ ਤੋਂ ਰਾਸ਼ਟਰੀ ਏਕਤਾ ਦੀ ਰੱਖਿਆ ਲਈ ਸੰਘਰਸ਼ ਦੀ ਅਗਵਾਨੀ ਕੀਤੀ।

ਕਾਂਗਰਸ ਦੀ ਉਦਾਸੀਨਤਾ ਦਾ ਕਾਰਣ ਸਿਰਫ਼ ਪ੍ਰਧਾਨ ਮੰਤਰੀ ਨਰਸਿਮਹਾ ਰਾਉ ਦਾ ਮਿੱਠ ਬੋਲੜਾ ਸੁਭਾਅ ਨਹੀਂ ਹੈ। ਕਾਂਗਰਸ ਨੂੰ ਇਹ ਵੀ ਡਰ ਹੈ ਕਿ ਉੱਤਰ ਭਾਰਤ ਦੇ ਖੇਤਰਾਂ ਵਿਚ ਉਸਦੇ ਵੋਟ ਹਿੰਦੂ ਕੱਟੜਪੰਥੀ ਪਾਰਟੀਆਂ ਦੀ ਝੋਲੀ ਵਿਚ ਜਾ ਪੈਣਗੇ। ਪਾਰਟੀ ਦੇ ਅੰਦਰ ਮੱਤਭੇਦ ਹਨ। ਅਖ਼ਬਾਰਾਂ ਦੀ ਖ਼ਬਰ ਹੈ ਕਿ ਭਾਜਪਾ ਦੀਆਂ ਰਾਜ ਸਰਕਾਰਾਂ ਨੂੰ ਬਰਖ਼ਾਸਤ ਕਰਨ ਆਰ. ਐਸ. ਐਸ. ਜਿਹੇ ਸੰਗਠਨਾਂ ਨੂੰ ਉਪਰ ਪਾਬੰਦੀ ਲਾਉਣ, 25 ਫਰਵਰੀ ਦੀ ਨਵੀਂ ਦਿੱਲੀ ਹੋਈ ਭਾਜਪਾ ਰੈਲੀ ਨੂੰ ਅਸਫਲ ਕਰਨ ਵਰਗੇ ਸਖ਼ਤ ਕਦਮ ਕੈਬਨਿਟ ਮੰਤਰੀਆਂ ਦੇ ਦਬਾਅ ਹੇਠ ਲਏ ਗਏ। 25 ਫਰਵਰੀ ਦੇ ਪ੍ਰਦਰਸ਼ਨ ਨੂੰ ਰੋਕਣ ਲਈ ਕੀਤੀ ਗਈ ਸਖ਼ਤ ਅਤੇ ਤੱਕੜੀ ਕਾਰਵਾਈ ਨੇ ਇਹ ਆਸ ਬੰਨ੍ਹਾਈ ਹੈ ਕਿ ਸ਼ਾਇਦ ਰਾਉ ਵਧੇਰੇ ਮਜ਼ਬੂਤ ਲੀਡਰਸ਼ਿਪ ਦੇਣ ਦੇ ਸਮੱਰਥ ਹਨ। ਫਿਰ ਵੀ ਇਸ ਦਿਨ ਚੁੱਕੇ ਗਏ ਵਧੇਰੇ ਕਦਮ ਤਾਂ ਕਰਜ਼ਾ ਉਤਾਰਨ ਵਾਲੀ ਗੱਲ ਸਨ। ਜੰਤਾ ਨੂੰ ਅਪੀਲ ਕਰਨ ਜਾਂ ਲੋਕਾਂ ਦਾ ਵਿਰੋਧ ਜੁਟਾਉਣ ਲਈ ਕੋਈ ਯਤਨ ਨਹੀਂ ਕੀਤਾ ਗਿਆ। ਰਾਉ ਸਿਰਫ਼ ਪੁਲਿਸ ਦੇ ਜ਼ੋਰ ਤੇ ਹੀ ਹਿੰਦੂ ਕਾਰਜਕਰਤਾਵਾਂ ਨੂੰ ਰਾਜਧਾਨੀ ਵਿਚ ਜਮ੍ਹਾਂ ਹੋਣ ਤੋਂ ਰੋਕ ਸਕੇ।

ਇਸ ਮਹਾਂਦੀਪ ਵਿਚ ਹਿੰਦੂ ਰਾਸ਼ਟਰਵਾਦ ਦੇ ਸੰਪ੍ਰਦਾਇਕ ਵਿਚਾਰਾਂ ਦਾ ਪ੍ਰਚਾਰ ਕੋਈ ਨਵੀਂ ਗੱਲ ਨਹੀਂ ਹੈ। ਫਿਰ ਵੀ ਬ੍ਰਿਟਿਸ਼ ਭਾਰਤ ਵਿਚ ਹਿੰਦੂ ਰਾਸ਼ਟਰਵਾਦ ਦੀ ਪ੍ਰਤਿਨਿਧਤਾ ਕਰਨ ਵਾਲੀ ਪਾਰਟੀ ਹਿੰਦੂ ਮਹਾਂਸਭਾ ਹਿੰਦੂਆਂ ਵਿਚ ਉਨੀ ਸਫਲ ਨਹੀਂ ਸੀ ਜਿਨੀ ਕਿ ਮੁਸਲਮਾਨਾਂ ਵਿਚ ਮੁਸਲਿਮ ਲੀਗ। ਹਿੰਦੂ ਮਹਾਂਸਭਾ ਨੇ ਮੁਸਮਿਲ ਲੀਗ ਦੇ ਲੀਡਰ ਮੁਹੰਮਦ ਅਲੀ ਜਿਨਾਹ ਦੇ ਉਸ ਮੱਤ ਦਾ ਕਦੇ ਵੀ ਵਿਧੀਅਤ ਢੰਗ ਨਾਲ ਸਮਰਥਨ ਨਹੀਂ ਕੀਤਾ। ਜਿਸ ਅਨੁਸਾਰ ਹਿੰਦੂ ਅਤੇ ਮੁਸਲਿਮ ਦੋ ਰਾਸ਼ਟਰ ਹਨ। ਪਰ ਉਸਦਾ ਨਜ਼ਰੀਆ ਇਸਤੋਂ ਵਧੇਰੇ ਵੱਖਰਾ ਵੀ ਨਹੀਂ ਸੀ। ਵੰਡ ਦੇ ਪਾਕਿਸਤਾਨ ਬਣਾਉਣ ਦੇ ਸਮਰਥਨ ਵਿਚ ਇਹ ਵਿਚਾਰ ਮੁਸਲਿਮ ਲੀਗ ਦੇ ਪ੍ਰਚਾਰ ਦਾ ਹਿੱਸਾ ਸੀ। ਆਜ਼ਾਦੀ ਤੋਂ ਪਹਿਲਾਂ ਤੇ ਬਆਦ ਵਿਚ ਵੀ ਭਾਰਤੀ ਚੋਣਾਂ ਦੀ ਰਾਜਨੀਤੀ ਵਿਚ ਹਿੰਦੂ ਮਹਾਂਸਭਾ ਬਿਲਕੁਲ ਅਸਫਲ ਰਹੀ। ਵਧੇਰੇ ਹਿੰਦੂ ਧਰਮ ਨਿਰਪੱਖ ਪਾਰਟੀਆਂ ਨਾਲ ਜੁੜੇ ਰਹੇ।

ਭਾਜਪਾ ਇਸੇ ਹਿੰਦੂ ਰਾਸ਼ਟਰਵਾਦੀ ਅੰਦੋਲਨ ਦੀ ਉਤਰਾਧਿਕਾਰੀ ਹੈ। ਹਿੰਦੂ ਮਹਾਂਸਭਾ (ਅਤੇ ਜਨਸੰਘ) ਦੇ ਮੁਕਾਬਲੇ ਭਾਜਪਾ ਵਧੇਰੇ ਸਫਲ ਹੈ। ਹਾਲ ਹੀ ਵਿਚ ਇਸਦੀ ਸਾਖ ਤੇਜ਼ੀ ਨਾਲ ਵਧੀ ਹੈ। 545 ਮੈਂਬਰਾਂ ਦੀ ਭਾਰਤੀ ਪਾਰਲੀਮੈਂਟ ਵਿਚ 1984 ਵਿਚ 2 ਸੀਟਾਂ ਤੋਂ ਸ਼ੁਰੂ ਕਰਕੇ 1989 ਵਿਚ 85 ਸੀਟਾਂ ਅਤੇ 1991 ਵਿਚ 119 ਸੀਟਾਂ ਤਕ ਇਹ ਪਹੁੰਚ ਗਈ। ਇਹ ਸੱਚ ਹੈ ਕਿ ਪਿਛਲੀਆਂ ਚੋਣਾਂ ਵਿਚ ਤਿੰਨ ਚੌਥਾਈ ਤੋਂ ਜ਼ਿਆਦਾ ਹਿੰਦੂਆਂ ਨੇ ਭਾਜਪਾ ਦੇ ਖਿਲਾਫ਼ ਵੋਟਾਂ ਦਿੱਤੀਆਂ ਹਨ ਕਿਉਂਕਿ ਉਨ੍ਹਾਂ ਦੀਆਂ ਵੋਟਾਂ ਧਰਮ ਨਿਰਪੇਖ ਪਾਰਟੀਆਂ ਨੂੰ ਮਿਲੀਆਂ ਹਨ। ਪਰ ਜਨਤਾ ਦਾ ਚੌਥਾਈ ਹਿੱਸਾ ਘੱਟ ਨਹੀਂ ਹੈ। ਹਾਲ ਦੇ ਅੰਦੋਲਨ ਨੇ ਘੱਟ ਤੋਂ ਘੱਟ ਉੱਤਰ ਅਤੇ ਪੱਛਮੀ ਭਾਰਤ ਵਿਚ ਭਾਜਪਾ ਦੇ ਵਾਧੇ ਨੂੰ ਤੇਜ਼ ਕਰ ਦਿੱਤਾ ਹੈ। ਭਾਰਤੀ ਰਾਜਨੀਤੀ ਪ੍ਰਤੀ ਇਸਦੇ ਰਵੱਈਏ ਦੇ ਕੇਂਦਰ ਵਿਚ ਹਿੰਦੂ ਰਾਸ਼ਟਰਵਾਦ ਦਾ ਕੋਈ ਨਾ ਕੋਈ ਰੂਪ ਕਾਇਮ ਰਿਹਾ ਹੈ।

ਇਕ ਦੇਸ਼ ਵਿਚ ਰਹਿਣ ਵਾਲਾ ਕੋਈ ਵੀ ਧਾਰਮਿਕ ਸਮੂਹ ਆਪਣੀ ਧਾਰਮਿਕ ਪਹਿਚਾਨ ਦੇ ਆਧਾਰ ਤੇ ਆਪਣੇ ਆਪਨੂੰ ਇਕ ਵਖਰੇ ਰਾਸ਼ਟਰ ਦੇ ਤੌਰ ਤੇ ਕਿਵੇਂ ਦੇਖ ਸਕਦਾ ਹੈ? ਇਸ ਮਤ ਨੂੰ ਸਥਾਪਿਤ ਕਰਨ ਲਈ ਕਿ ਅਣਵੰਡੇ ਭਾਰਤ ਵਿਚ 'ਦੋ ਰਾਸ਼ਟਰ' (ਜਾਂ ਕੌਮਾਂ) ਸਨ। ਮੁਸਲਿਮ ਲੀਗ ਦੇ ਕੁਝ ਨੇਤਾਵਾਂ ਨੇ ਇਹ ਤਰਕ ਦਿੱਤਾ ਕਿ ਭਾਰਤੀ ਮੁਸਲਮਾਨ ਪੱਛਮੀ ਦੇਸ਼ਾਂ ਤੋਂ ਆਏ ਹਨ ਅਤੇ ਭਾਰਤ ਦੇ ਮੂਲ ਨਿਵਾਸੀ ਨਹੀਂ ਸਨ। ਰਾਜਨੀਤਕ ਬਿਆਨਬਾਜ਼ੀ ਦਾ ਇਹ ਅਜੀਬ ਮੋੜ ਹੈ ਕਿ ਹੁਣ ਹਿੰਦੂ ਬੁਲਾਰੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਇਸ 'ਦੋ ਕੌਮਾਂ ਦੇ ਸਿਧਾਂਤ' ਦਾ ਸਮਰਥਨ ਕਰ ਰਹੇ ਹਨ। ਇਸ ਸਿਧਾਂਤ ਵਿਚ ਕੋਈ ਸੱਚਾਈ ਨਹੀਂ ਹੈ ਕਿਉਂਕਿ ਉਪਮਹਾਂਦੀਪ ਦੇ ਜ਼ਿਆਦਾਤਰ ਮੁਸਲਮਾਨ



ਬਾਹਰੋਂ ਨਹੀਂ ਆਏ ਹਨ ਸਗੋਂ ਧਰਮ ਪਰਿਵਰਤਨ ਰਾਹੀਂ ਮੁਸਲਮਾਨ ਬਣੇ ਹਨ।

ਹਿੰਦੂ ਰਾਸ਼ਟਰਵਾਦ ਦੇ ਸੰਸਥਾਪਕਾਂ ਵਲੋਂ ਦਿੱਤਾ ਜਾਂਦਾ ਇਕ ਤਰਕ ਇਹ ਹੈ ਕਿ ਮੁਸਲਮਾਨਾਂ ਦੀ ਵਫ਼ਾਦਾਰੀ ਪਾਕਿਸਤਾਨ ਨਾਲ ਹੈ ਭਾਰਤ ਨਾਲ ਨਹੀਂ। ਪਰੰਤੂ ਅਜਿਹਾ ਤਰਕ ਕਰਨ ਵਾਲੇ ਕੋਈ ਠੋਸ ਸਬੂਤ ਨਹੀਂ ਦਿੰਦੇ। ਇਸਤੋਂ ਉਲਟ ਅਨੇਕਾਂ ਮੁਸਲਮਾਨਾਂ ਨੇ ਵੰਡ ਤੋਂ ਬਾਅਦ ਪਾਕਿਸਤਾਨ ਜਾਣ ਦੀ ਬਜਾਇ ਭਾਰਤ ਵਿਚ ਰਹਿਣਾ ਪਸੰਦ ਕੀਤਾ। ਜੋ ਥਾਂ ਉਨ੍ਹਾਂ ਨੂੰ ਆਪਣੀ ਲੱਗੀ ਉਸ ਤੇ ਰਹਿਣ ਦਾ ਉਨ੍ਹਾਂ ਦਾ ਇਹ ਸੋਚਿਆ ਸਮਝਿਆ ਫ਼ੈਸਲਾ ਸੀ। ਹਥਿਆਰਬੰਦ ਫੌਜ ਵਿਚ ਰਾਜਨੀਤਕ ਸੇਵਾ ਵਿਚ ਜਾਂ ਫਿਰ ਸਰਕਾਰੀ ਪ੍ਰਸ਼ਾਸਨ ਵਿਚ ਮੁਸਲਮਾਨ ਓਨੇ ਹੀ ਨਿਸ਼ਠਾਵਾਨ ਰਹੇ ਹਨ ਜਿੰਨੇਂ ਕਿ ਹਿੰਦੂ ਜਾਂ ਦੂਸਰੇ ਭਾਰਤੀ।

ਹਿੰਦੂ ਰਾਸ਼ਟਰਵਾਦੀ ਇਹ ਕਹਿ ਕੇ ਭਾਰਤੀ ਇਤਿਹਾਸ ਦਾ ਸਹਾਰਾ ਲੈਣ ਦੀ ਕੋਸ਼ਿਸ਼ ਕਰਦੇ ਹਨ ਕਿ ਉੱਤਰੀ ਭਾਰਤ ਦੇ ਮੁਸਲਮਾਨ ਸ਼ਾਸਕਾਂ ਨੇ ਅਨੇਕਾਂ ਹਿੰਦੂ ਮੰਦਿਰਾਂ ਨੂੰ ਤਬਾਹ ਕੀਤਾ ਜਾਂ ਨੁਕਸਾਨ ਪਹੁੰਚਾਇਆ। ਇਹ ਸੱਚ ਹੈ ਕਿ ਗਿਆਰਵੀਂ ਅਤੇ ਤੇਰਵੀਂ ਸਦੀ ਦੇ ਵਿਚਕਾਰਲੇ ਸਮੇਂ ਦੇ ਸ਼ੁਰੂਆਤੀ ਮੁਸਲਿਮ ਹਮਲਾਵਰ ਤੇ ਸ਼ਾਸਕ ਬਹੁਤ ਹੀ ਤਬਾਹੀ ਮਚਾਉਣ ਵਾਲੇ ਸਨ। ਉਦਾਹਰਣ ਲਈ ਗਜ਼ਨੀ (ਵਰਤਮਾਨ ਅਫ਼ਗਾਨਿਸਤਾਨ ਦਾ ਇਕ ਥਾਂ) ਦੇ ਸੁਲਤਾਨ ਮਹਿਮੂਦ ਨੇ ਗਿਆਰਵੀਂ ਸਦੀ ਵਿਚ ਉੱਤਰੀ ਪੱਛਮੀ ਭਾਰਤ ਉਪਰ ਵਾਰ ਵਾਰ ਹਮਲਾ ਕੀਤਾ ਅਤੇ ਮਥੁਰਾ, ਕਨੌਜ ਅਤੇ ਅਜੋਕੇ ਕਾਠੀਆਵਾੜ ਜਿਹੇ ਪ੍ਰਸਿੱਧ ਸ਼ਹਿਰਾਂ ਸਮੇਤ ਅਨੇਕਾਂ ਸ਼ਹਿਰਾਂ ਅਤੇ ਮੰਦਿਰਾਂ ਨੂੰ ਨਸ਼ਟ ਕੀਤਾ। ਪਰ ਜਿਉਂ ਜਿਉਂ ਇਸਲਾਮੀ ਸ਼ਾਸਕ ਭਾਰਤ ਵਿਚ ਸ਼ਾਮਿਲ ਹੁੰਦੇ ਗਏ ਇਸ ਤਰ੍ਹਾਂ ਦਾ ਵਿਨਾਸ਼ ਵੀ ਘਟਦਾ ਗਿਆ। ਸੋਲ੍ਹਵੀਂ ਸਦੀ ਦੇ ਪਿੱਛੋਂ ਦੇ ਉੱਤਰੀ ਅਤੇ ਕੇਂਦਰੀ ਭਾਰਤ ਦੇ ਵਧੇਰੇ ਹਿੱਸਿਆਂ ਉਪਰ ਰਾਜ ਕਰਨ ਵਾਲੇ ਮੁਗਲਾਂ ਵਿਚੋਂ ਜ਼ਿਆਦਾਤਰ ਨੂੰ ਕਿਸੇ ਵੀ ਅਰਥ ਵਿਚ ਹਿੰਦੂ ਇਮਾਰਤਾਂ ਅਤੇ ਸੰਸਥਾਵਾਂ ਦਾ ਵਿਨਾਸ਼ਕ ਨਹੀਂ ਕਿਹਾ ਜਾ ਸਕਦਾ।

ਹਿੰਦੂ ਰਾਜਨੀਤਕ ਪਾਰਟੀਆਂ ਸਤਾਰਵੀਂ ਸਦੀ ਦੇ ਪਿਛਲੇ ਅੱਧ ਵਿਚ ਮੁਗਲ ਰਾਜੇ ਔਰੰਗਜ਼ੇਬ ਦੀ ਹਿੰਦੂਆਂ ਵਲ ਅਸਹਿਣਸ਼ੀਲਤਾ ਨੂੰ ਬਹੁਤ ਮਹੱਤਵ ਦਿੰਦੇ ਹਨ। ਉਸਨੇ ਕੁਝ ਮੰਦਰਾਂ ਨੂੰ ਤਬਾਹ ਕਰਨ ਅਤੇ ਹਿੰਦੂਆਂ ਉਪਰ ਖਾਸ ਕਰ ਲਾਉਣ ਵਰਗੇ ਕਦਮ ਲਏ ਸਨ। ਔਰੰਗਜ਼ੇਬ ਬਾਰੇ ਇਹ ਸੱਚ ਹੈ ਕਿ ਪਰੰਤੂ ਉਸਨੂੰ ਭਾਰਤ ਵਿਚ ਮੁਗਲ ਸਮਰਾਟਾਂ ਦੇ ਪ੍ਰਤਿਨਿਧੀ ਦੇ ਰੂਪ ਵਿਚ ਵੇਖਣਾ ਇਤਿਹਾਸ ਨੂੰ ਝੁਠਲਾਉਣਾ ਹੈ। ਅਸਲ ਵਿਚ ਕੋਈ ਵੀ ਹੋਰ ਮੁਗਲ ਔਰੰਗਜ਼ੇਬ ਜਿੰਨਾ ਅਸਹਿਣਸ਼ੀਲ ਨਹੀ ਸੀ। ਕਈਆਂ ਨੇ ਸਾਰੇ ਧਾਰਮਿਕ ਸਮੂਹਾਂ ਨਾਲ ਇਕੋ ਜਿਹਾ ਵਿਹਾਰ ਕਰਨ ਦਾ ਯਤਨ ਕੀਤਾ। 1556 ਤੋਂ 1605 ਈ. ਤਕ ਰਾਜ ਕਰਨ ਵਾਲੇ ਸਭ ਤੋਂ ਯਾਦਗਾਰੀ ਮੁਗਲ ਸਮਰਾਟ ਅਕਬਰ ਦਾ ਹਿੰਦੂ ਦਰਸ਼ਨ ਅਤੇ ਸਭਿਆਚਾਰ ਪ੍ਰਤਿ ਰਵੱਈਆ ਖਾਸ ਤੌਰ ਤੇ ਦੋਸਤਾਨਾ ਸੀ। ਉਸਨੇ ਭਾਰਤ ਵਿਚ ਪ੍ਰਚਲਿਤ ਵਖ ਵਖ ਧਰਮਾਂ ਦੇ ਆਧਾਰ ਤੇ ਇਕ ਸਾਂਝੇ ਧਰਮ ਦੀ ਸਥਾਪਨਾ ਦਾ ਯਤਨ ਵੀ ਕੀਤਾ। ਉਸਨੇ ਆਪਣੇ ਦਰਬਾਰ ਵਿਚ ਹਿੰਦੂ ਅਤੇ ਮੁਸਲਿਮ ਬੁੱਧੀਜੀਵੀਆਂ, ਕਲਾਕਾਰਾਂ ਅਤੇ ਸੰਗੀਤਕਾਰਾਂ ਨੂੰ ਥਾਂ ਦਿੱਤੀ। ਦੂਸਰੇ ਢੰਗਾਂ ਨਾਲ ਪੂਰੀ ਤਰ੍ਹਾਂ ਗੈਰ-ਸੰਪ੍ਰਦਾਇਕ ਹੋਣ ਦਾ ਯਤਨ ਕੀਤਾ।

ਇਥੋਂ ਤਕ ਕਿ ਖੁਦ ਔਰੰਗਜ਼ੇਬ ਦੇ ਭਰਾ ਦਾਰਾਸ਼ਿਕੋਹ ਦੀ ਹਿੰਦੂ ਦਰਸ਼ਨ ਵਿਚ ਕਾਫੀ ਰੁਚੀ ਸੀ। ਵਿਦਵਾਨਾਂ ਦੀ ਸਹਾਇਤਾ ਨਾਲ ਉਸਨੇ ਉਪਨਿਸ਼ਦਾਂ ਦਾ ਫ਼ਾਰਸੀ ਅਨੁਵਾਦ ਕਰਵਾਇਆ ਅਤੇ ਉਸਦੀ ਕੁਰਾਨ ਦੇ ਕਈ ਪੱਖਾਂ ਨਾਲ ਪ੍ਰਸੰਸਾਤਮਕ ਤੁਲਨਾ ਕੀਤੀ। ਦਾਰਾ ਸ਼ਿਕੋਹ ਤਾਜ ਮਹਿਲ ਬਣਵਾਉਣ ਵਾਲੇ ਸਮਰਾਟ ਸ਼ਾਹਜਹਾਂ ਦਾ ਜੇਠਾ ਤੇ ਸਭ ਤੋਂ ਪਿਆਰਾ ਪੁੱਤਰ ਸੀ। ਉਸਨੂੰ ਲੜਾਈ ਵਿਚ ਹਰਾਉਣ ਤੋਂ ਬਾਦ ਤਸੀਹੇ ਦੇ ਕੇ ਮਾਰਨ ਉਪਰੰਤ ਹੀ ਔਰੰਗਜ਼ੇਬ ਗੱਦੀ ਉਪਰ ਬੈਠਿਆ ਸੀ। ਗੱਦੀ ਤੇ ਬੈਠਣ ਲਈ ਔਰੰਗਜ਼ੇਬ ਨੇ ਆਪਣੇ ਪਿਓ ਸ਼ਾਹਜਹਾਂ ਨੂੰ ਵੀ ਕੈਦ ਕਰਵਾਇਆ। ਔਰੰਗਜ਼ੇਬ ਦਾ ਹਿੰਦੂ ਵਿਰੋਧੀ ਸੁਭਾਅ ਆਪਣੇ ਉਦਾਰ ਅਤੇ ਇਕ ਹੱਦ ਤਕ ਹਿੰਦੂ-ਹਮਾਇਤੀ ਭਰਾ ਵਲ ਉਸਦੀ ਨਫ਼ਰਤ ਦਾ ਨਤੀਜਾ ਹੋਵੇ ਜਾਂ ਨਾਂ ਪਰ ਉਸਨੂੰ ਪ੍ਰਤਿਨਿਧ ਮੁਗਲ ਸਮਰਾਟ ਦੇ ਰੂਪ ਵਿਚ ਪੇਸ਼ ਕਰਨਾ ਇਤਿਹਾਸ ਨੂੰ ਵਿਗਾੜਨਾ ਹੈ।

ਔਰੰਗਜ਼ੇਬ ਦੇ ਆਪਣੇ ਪੁੱਤਰ ਅਕਬਰ ਨੇ ਉਸਦੇ ਖਿਲਾਫ਼ ਬਗਾਵਤ ਕੀਤੀ ਅਤੇ ਰਾਜਪੂਤਾਂ ਦੀ ਸਹਾਇਤਾ ਨਾਲ ਸਾਮਰਾਜ ਦੀ ਤਾਕਤ ਨੂੰ ਵੰਗਾਰਿਆ। ਔਰੰਗਜ਼ੇਬ ਦੇ ਰਾਜਪੂਤਾਂ ਦੀ ਨਿੰਦਾ

ਵਿਚ ਲਿਖੇ ਖਤ ਦੇ ਭਾਵਪੂਰਨ ਜਵਾਬ ਵਿਚ ਅਕਬਰ ਨੇ ਆਪਣੇ ਸਾਥੀਆਂ ਦੀ ਉੱਚਤਾ ਦੀ ਵਿਆਖਿਆ ਕੀਤੀ ਸੀ। ਜਦੋਂ ਔਰੰਗਜ਼ੇਬ ਨੇ ਅਕਬਰ ਨੂੰ ਰਾਜਪੂਤਾਨੇ ਤੋਂ ਪਛਾੜ ਦਿੱਤਾ, ਤਾਂ ਉਸਨੇ ਸ਼ਿਵਾਜੀ ਦੇ ਪੁੱਤਰ ਰਾਜਾ ਸੰਭਾਜੀ ਨਾਲ ਮਿਲ ਕੇ ਔਰੰਗਜ਼ੇਬ ਦੇ ਖਿਲਾਫ ਸਾਂਝੇ ਮੁਹਾਜ਼ ਦੀ ਸਥਾਪਨਾ ਕੀਤੀ।

ਹੁਣੇ ਹੀ ਹਿੰਦੂ ਰਾਜਨੀਤਕ ਪਾਰਟੀਆਂ ਭਾਰਤੀ ਇਤਿਹਾਸ ਦੇ 'ਪੁਨਰ ਨਿਰਮਾਣ' ਵਿਚ ਲੱਗੇ ਰਹੇ ਹਨ। ਉਨ੍ਹੇਂ ਨੇ ਵਾਰ ਵਾਰ ਸਕੂਲੀ ਪਾਠ-ਪੁਸਤਕਾਂ ਵਿਚ ਮਨਘੜਤ ਇਤਿਹਾਸ ਨੂੰ ਸ਼ਾਮਿਲ ਕਰਕੇ ਅਤੇ ਉਸ ਵਿਚ ਭਾਰਤੀ ਇਤਿਹਾਸ ਦੇ (ਮੁਗਲਾਂ ਦੇ) ਮਹੱਤਵਪੂਰਨ ਯੋਗਦਾਨ ਨੂੰ ਘੱਟ ਕਰਕੇ ਦੇਖਣ ਦਾ ਯਤਨ ਕੀਤਾ ਹੈ। ਇਨ੍ਹਾਂ ਦੀਆਂ ਵਿਆਖਿਆਵਾਂ ਵਧੇਰੇ ਬਾਹਰਮੁਖੀ ਅਤੇ ਘੱਟ ਰਾਜਨੀਤਕ ਹਿੰਦੂ ਧਾਰਮਿਕ ਨੇਤਾਵਾਂ ਦੀਆਂ ਵਿਆਖਿਆਵਾਂ ਤੋਂ ਕਿਤੇ ਵਖਰੀਆਂ ਹਨ। ਉਦਾਹਰਣ ਲਈ ਪਾਂਡੇਚਰੀ ਵਿਚ ਪ੍ਰਸਿੱਧ ਆਸ਼੍ਰਮ ਸਥਾਪਿਤ ਕਰਨ ਵਾਲੇ ਹਿੰਦੂ ਧਾਰਮਿਕ ਨੇਤਾ ਸ੍ਰੀ ਅਰਬਿੰਦ ਨੇ ਮੁਗਲ ਸ਼ਾਸਕਾਂ ਨੂੰ ਵੱਖਰੇ ਹੀ ਤਰੀਕੇ ਨਾਲ ਦੇਖਿਆ ਸੀ। "ਮੁਸਲਮਾਨਾਂ ਦਾ ਕਬਜ਼ਾ ਥੋੜੇ ਸਮੇਂ ਬਾਦ ਹੀ ਵਿਦੇਸ਼ੀ ਸ਼ਾਸਨ ਨਹੀ ਰਹਿ ਗਿਆ ਸੀ। ਮੁਗਲ ਸਾਮਰਾਜ ਇਕ ਵਿਸ਼ਾਲ ਢਾਂਚਾ ਸੀ ਜਿਸਦੀ ਸਥਾਪਨਾ ਅਤੇ ਰੱਖ ਰਖਆ ਲਈ ਬੜੀ ਵੱਡੀ ਰਾਜਨੀਤਕ ਯੋਗਤਾ ਦੀ ਲੋੜ ਸੀ। ਇਹ ਵਿਸ਼ਾਲ ਸ਼ਕਤੀਸ਼ਾਲੀ ਅਤੇ ਲਾਭਕਾਰੀ ਸੀ ਅਤੇ ਇਹ ਵੀ ਕਹਿ ਦਿੱਤਾ ਜਾਵੇ ਕਿ ਔਰੰਗਜ਼ੇਬ ਦੇ ਕੱਟੜਪੰਥੀ ਜਨੂੰਨ ਦੇ ਬਾਵਜੂਦ ਇਹ ਕਿਸੇ ਵੀ ਮੱਧਯੁਗ ਦੇ ਯੂਰਪੀ ਰਾਜ ਤੋਂ ਵਧੇਰੇ ਸਹਿਣਸ਼ੀਲ ਅਤੇ ਉਦਾਰ ਸੀ .."

ਜੇ ਭਾਰਤ ਦੇ ਕੁਝ ਹਿੱਸਿਆਂ ਵਿਚ ਮੱਧ ਵਰਗ ਭੂਤਕਾਲੀ ਮੁਸਲਿਮ ਸ਼ਾਸ਼ਕਾਂ ਦੇ ਜ਼ੁਲਮਾਂ ਦੇ ਬਾਰੇ ਵਿਚ ਵਧੇਰੇ ਸੁਚੇਤ ਹੋਇਆ ਹੈ ਤਾਂ ਇਸਦਾ ਕਾਰਨ ਨਵੀਆਂ ਇਤਿਹਾਸਕ ਖੋਜਾਂ ਨਹੀਂ ਹਨ। ਇਸਦਾ ਕਾਰਣ ਹਿੰਦੂ ਰਾਜਨੀਤਕ ਕਾਰਕੁੰਨਾਂ ਦੁਆਰਾ ਤੱਥਾਂ ਅਤੇ ਗਲਪ ਦੇ ਮੇਲ ਤੋਂ ਅਤੀਤ ਦੀ ਇਕ ਮਿੱਥ ਸਿਰਜਣ ਦਾ ਯਤਨ ਹੈ। ਇਹ ਵਿਸ਼ਵਾਸ ਕਿ ਅਤੀਤ ਦੇ ਮੁਸਲਿਮ ਸ਼ਾਸਕਾਂ ਦੇ ਭੈੜੇ ਕੰਮਾਂ ਦਾ ਬਦਲਾ ਭਾਰਤੀ ਮੁਸਲਮਾਨਾਂ ਦੀ ਨਾਗਰਿਕ ਸਥਿਤੀ ਨੂੰ ਬਦਲ ਕੇ ਲਿਆ ਜਾ ਸਕਦਾ ਹੈ, ਨੈਤਿਕ ਆਧਾਰ ਤੇ ਭੈੜਾਂ ਤਾਂ ਹੈ ਹੀ ਇਤਿਹਾਸਕ ਆਧਾਰ ਤੇ ਵੀ ਕਲਪਨਾ ਤੋਂ ਪਰੇ ਦੀ ਗਲ ਹੈ।

ਭਾਰਤੀ ਸਾਹਿਤ ਅਤੇ ਸਭਿਆਚਾਰ ਵਿਚ ਇਸ ਮਤ ਲਈ ਕੋਈ ਆਧਾਰ ਨਹੀਂ ਹੈ ਕਿ ਹਿੰਦੂ ਅਤੇ ਮੁਸਲਿਮ 'ਦੋ ਰਾਸ਼ਟਰ' ਹਨ। ਸੰਗੀਤ, ਸਾਹਿਤ, ਚਿੱਤਰਕਲਾ, ਭਵਨ ਨਿਰਮਾਣ ਕਲਾ ਅਤੇ ਦੂਸਰੇ ਖੇਤਰਾਂ ਦੇ ਅਧਿਐਨ ਤੋਂ ਇਹ ਸਪੱਸ਼ਟ ਹੈ ਕਿ ਇਨ੍ਹਾਂ ਵਿਚ ਇਸਲਾਮੀ ਹਿੰਦੂ ਅਤੇ ਦੂਸਰੀਆਂ ਪਰੰਪਰਾਵਾਂ ਦਾ ਮੇਲ ਹੈ। ਗੱਲ ਸਿਰਫ ਏਨੀ ਨਹੀਂ ਹੈ ਕਿ ਭਾਰਤੀ ਸਭਿਆਚਾਰਕ ਅਤੇ ਇਸਲਾਮੀ ਲੇਖਕਾਂ, ਸੰਗੀਤਕਾਰਾਂ ਅਤੇ ਚਿਤਰਕਾਰਾਂ ਦਾ ਮਹੱਤਵਪੂਰਨ ਯੋਗਦਾਨ ਹੈ ਸਗੋਂ ਮਹੱਤਵਪੂਰਨ ਇਹ ਵੀ ਹੈ ਕਿ ਉਨ੍ਹਾਂ ਦਾ ਤੇ ਹਿੰਦੂਆਂ ਦਾ ਯੋਗਦਾਨ ਇਕ ਦੂਸਰੇ ਨਾਲ ਜੁੜਿਆ ਹੋਇਆ ਹੈ। ਇਥੋਂ ਤਕ ਕਿ ਹਿੰਦੂ ਧਾਰਮਿਕ ਵਿਸ਼ਵਾਸਾਂ ਉਪਰ ਇਸਲਾਮੀ ਵਿਚਾਰਾਂ ਅਤੇ ਕਦਰਾਂ ਕੀਮਤਾਂ ਦਾ ਬਹੁਤ ਸਾਰਾ ਪ੍ਰਭਾਵ ਹੈ। ਮਿਸਾਲ ਵਜੋਂ ਸਮਕਾਲੀਨ ਹਿੰਦੂ ਸਾਹਿਤ ਉਪਰ ਇਸਲਾਮੀ ਸੂਫ਼ੀ ਚਿੰਤਨ ਦਾ ਪ੍ਰਭਾਵ ਸਾਫ਼ ਹੈ। ਕਬੀਰ ਜਾਂ ਦਾਦੂ ਜਿਹੇ ਧਾਰਮਿਕ ਕਵੀ ਜਨਮ ਤੋਂ ਮੁਸਲਮਾਨ ਹੁੰਦੇ ਹੋਏ ਵੀ ਸਾਰੀਆਂ ਸੰਪ੍ਰਦਾਇਕ ਸੀਮਾਵਾਂ ਤੋਂ ਪਾਰ ਸਨ। (ਕਬੀਰ ਦੇ ਇਕ ਛੰਦ ਵਿਚ ਅੰਕਿਤ ਹੈ ਕਿ ਕਬੀਰ ਅੱਲਾ ਅਤੇ ਰਾਮ ਦੋਨਾਂ ਦੀ ਸੰਤਾਨ ਹੈ। ਉਹੀ ਮੇਰਾ ਗੁਰੂ ਹੈ ਤੇ ਉਹੀ ਮੇਰਾ ਪੀਰ) ਉਨ੍ਹਾਂ ਨੇ ਧਾਰਮਿਕ ਭਗਤੀ ਕਾਵਿ ਉਪਰ ਆਪਣਾ ਪ੍ਰਭਾਵ ਛੱਡਿਆ ਅਤੇ ਖੁਦ ਵੀ ਉਸਤੋਂ ਪ੍ਰਭਾਵਤ ਹੋਏ।

ਭਾਰਤੀ ਕਲਾ ਅਤੇ ਸਾਹਿਤ ਦੇ ਖੇਤਰ ਵਿਚ ਹਿੰਦੂ ਅਤੇ ਮੁਸਲਮਾਨਾਂ ਨੂੰ ਵੰਡਣ ਵਾਲੀ ਕੋਈ ਵੀ ਸਪ੍ਰੰਦਾਇਕ ਰੇਖਾ ਨਹੀਂ ਖਿੱਚੀ ਜਾ ਸਕਦੀ। ਹਿੰਦੂਆਂ, ਮੁਸਲਮਾਨਾਂ ਦੀ ਸਾਂਝੀ ਸਿਰਜਣਾ ਦੀ ਪਰੰਪਰਾ. ਭਾਰਤ ਦੀ ਅਜੋਕੇ ਬਹੁਤ ਵੱਡੇ ਉਦਯੋਗ, ਸਿਨਮਾ ਜਿਹੇ ਆਧੁਨਿਕ ਰੂਪਾਂ ਦੇ ਖੇਤਰ ਤਕ ਜਾਰੀ ਹੈ। ਭਾਰਤੀ ਟੈਲੀਵੀਜ਼ਨ ਉਪਰ ਬੇਹੱਦ ਸਫਲਤਾ ਪ੍ਰਾਪਤ ਕਰਨ ਵਾਲੇ ਮਹਾਂਭਾਰਤ ਦਾ ਪਟਕਥਾ. ਰਾਹੀ ਮਾਸੂਮ ਰਜ਼ਾ ਨੇ ਲਿਖੀ ਸੀ ਤੇ ਅਰਜੁਨ ਦੀ ਭੂਮਿਕਾ ਨਿਭਾਉਣ ਵਾਲੇ ਫਿਰੋਜ਼ ਖਾਨ ਆਪਣੇ ਚਰਿਤ੍ਰ ਨਾਲ ਇਨਾਂ ਜੁੜ ਗਏ ਕਿ ਉਨ੍ਹਾਂ ਨੇ ਆਪਣਾ ਨਾਂ ਬਦਲ ਕੇ ਅਰਜੁਨ ਰੱਖ ਲਿਆ।



ਅਸਲ ਵਿਚ ਭਾਰਤ ਵਿਚ ਅਨੇਕਾਂ ਪੀੜ੍ਹੀਆਂ ਤੋਂ ਚਲੇ ਆ ਰਹੇ ਇਸਲਾਮ ਨੂੰ ਸੀਰੀਆਈ ਇਸਾਈਆ ਦੇ ਧਰਮ ਪਾਰਸੀ, ਧਰਮ ਵਾਂਗ ਹੀ ਇਕ ਭਾਰਤੀ ਧਰਮ ਮੰਨਣਾ ਚਾਹੀਦਾ ਹੈ। ਇਹ ਜਾਣੀ ਪਹਿਚਾਣੀ ਗੱਲ ਹੈ ਕਿ ਹਿੰਦੂ ਅਤੇ ਬੁੱਧ ਮਤ ਦਾ ਪ੍ਰਭਾਵ ਭਾਰਤ ਤੋਂ ਦੱਖਣੀ ਪੂਰਬੀ ਏਸ਼ੀਆ ਵਿਚ ਪ੍ਰਸਾਰਿਤ ਹੋਇਆ ਅਤੇ ਹਿੰਦੂ ਕਾਰਕੁੰਨ ਵਿਸਣੂ ਨੂੰ ਸਮਰਪਿਤ ਅੰਗਕੋਰ ਵਰਗੇ ਦੇਵ-ਥਾਵਾਂ ਦੀ ਉੱਚਤਾ ਉਪਰ ਮਾਣ ਮਹਿਸੂਸ ਕਰਦੇ ਹਨ। ਇਹ ਵੀ ਸੱਚ ਹੈ ਕਿ ਇਸ ਖੇਤਰ ਵਿਚ ਖਾਸ ਤੌਰ ਤੇ ਅਜੋਕੇ ਇੰਡੋਨੇਸੀਆ ਅਤੇ ਮਲੇਸ਼ੀਆ ਵਿਚ ਇਸਲਾਮ ਵੀ ਭਾਰਤ ਤੋਂ ਹੀ ਪਹੁੰਚਿਆ। ਹਿੰਦੂ ਰਾਸ਼ਟਰਵਾਦ ਦੇ ਮੱਤ ਨੂੰ ਸਿੱਧ ਕਰਨ ਲਈ ਭਾਰਤੀ ਮੁਸਲਮਾਨਾਂ ਦੀ ਭਾਰਤੀਅਤਾ ਨੂੰ ਘਟਾ ਕੇ ਦੇਖਣਾ ਜ਼ਰੂਰੀ ਹੈ। ਪ੍ਰੰਤੂ ਇਸ ਮਤ ਦਾ ਕੋਈ ਵੀ ਤਰਕਸੰਗਤ ਜਾਤੀ, ਰਾਜਨੀਤਕ, ਇਤਿਹਾਸਕ, ਸਭਿਆਚਾਰਕ ਜਾਂ ਸਾਹਿਤਕ ਆਧਾਰ ਨਹੀਂ ਹੈ।

ਧਰਮ ਨਿਰਪੱਖਤਾ ਵਿਰੋਧੀ ਅੰਦੋਲਨ ਦਾ ਤੀਸਰਾ ਤੱਤ ਹਮਲਾਵਰ ਪੁਰਾਤਨਪੰਥ ਹੈ। ਪੁਰਾਣੇ ਅਤੇ ਤਰਕਹੀਣ ਮਤਾਂ ਵਿਚ ਜਨਤਾ ਦੇ ਸਹਿਜ ਵਿਸ਼ਵਾਸ ਦਾ ਹਿੰਸਕ, ਕੱਟਰਵਾਦ ਪੈਦਾ ਕਰਨ ਲਈ ਰਾਜਨੀਤਕ ਉਪਯੋਗ ਹੈ। ਪੁਰਾਤਨ ਵਿਸ਼ਵਾਸਾਂ ਦੇ ਅਧਾਰ 'ਤੇ ਰਾਜਨੀਤਕ ਜਨੂੰਨ ਪੈਦਾ ਕਰਨ ਲਈ ਜਨਤਾ ਦੇ ਧਾਰਮਿਕ ਭੋਲੇਪਨ ਦਾ ਨਿਸ਼ਚੇ ਹੀ ਫਾਇਦਾ ਉਠਾਇਆ ਜਾ ਸਕਦਾ ਹੈ। ਇਕ ਪਾਸੇ ਜੇ ਬੰਬਈ ਦੀਆਂ ਘਟਨਾਵਾਂ ਸੰਪ੍ਰਦਾਇਕ ਫਾਸ਼ੀਵਾਦ ਦਾ ਲੱਛਣ ਹਨ ਤਾਂ ਅਯੋਧਿਆ ਵਿਚ ਮਸਜਿਦ ਉਪਰ ਹਮਲੇ ਹਮਲਾਵਰਾਂ ਪੁਰਾਤਨਪੰਥ ਦੀ ਇਕ ਰਾਜਨੀਤਕ ਅਸਤਰ ਦੇ ਰੂਪ ਵਿਚ ਵਰਤੋਂ ਨੂੰ ਦਰਸਾਉਂਦੇ ਹਨ। ਅਯੋਧਿਆ ਅਤੇ ਉਸ ਦੇ ਇਰਦ-ਗਿਰਦ ਲਾਮਬੰਦ ਲੱਖਾਂ ਹਿੰਦੂ ਆਪਣੇ ਲੀਡਰਾਂ ਦੇ ਇਸ ਪ੍ਰਮਾਣਿਤ ਇਤਿਹਾਸਕ ਦਾਅਵੇ ਨੂੰ ਮੰਨਣ ਲਈ ਤਿਆਰ ਸਨ ਕਿ ਠੀਕ ਮਸਜਿਦ ਵਾਲੀ ਥਾਂ ਤੇ ਹੀ ਇਕ ਰਾਮ ਮੰਦਰ ਹੁੰਦਾ ਸੀ। ਜਿਸਨੂੰ ਮੁਗਲ ਸ਼ਾਸਕਾਂ ਨੇ ਤਬਾਹ ਕਰ ਦਿੱਤਾ। ਉਹ ਇਹ ਮੰਨਣ ਨੂੰ ਤਿਆਰ ਨਹੀਂ ਸਨ। ਇਸ ਦਾਅਵੇ ਦੇ ਅਧਾਰ ਉਪਰ ਮੰਦਰ ਬਣਾਉਣ ਦੇ ਮੰਤਵ ਨਾਲ ਮਸਜਿਦ ਢਾਉਣਾ ਨੈਤਿਕ ਰੂਪ ਵਿਚ ਸਹੀ ਸੀ। ਉਹ ਇਹ ਵੀ ਮੰਨਣ ਲਈ ਤਿਆਰ ਸਨ ਕਿ ਈਸ਼ਵਰ ਦੇ ਅਵਤਾਰ ਪ੍ਰਭੂ ਰਾਮ ਦਾ ਜਨਮ 5000 ਸਾਲ ਪਹਿਲਾਂ ਇਸੇ ਥਾਂ ਉਪਰ ਹੀ ਹੋਇਆ ਸੀ।

ਭਾਰਤ ਦੇ ਇਸ ਹਿੱਸੇ ਵਿਚ ਮੁਢਲੀ ਸਿਖਿਆ ਦਾ ਨੀਵਾਂ ਪੱਧਰ ਇਸ ਭੋਲੇਪਣ ਦਾ ਇਕ ਕਾਰਣ ਸੀ। ਭਾਰਤ ਵਿਚ ਪ੍ਰੌੜ ਲੋਕਾਂ ਵਿਚ ਸਾਖਰਤਾ ਦੀ ਦਰ ਸ਼ਰਮਨਾਕ ਹੈ. ਸਿਰਫ 52 ਫੀਸਦੀ। ਪ੍ਰੰਤੂ ਉੱਤਰੀ ਅਤੇ ਕੇਂਦਰੀ ਭਾਰਤ ਦੇ ਹਿੰਦੀ ਬੋਲਦੇ ਇਲਾਕਿਆਂ ਵਿਚ ਇਹ ਦਰ ਸਭ ਤੋਂ ਘੱਟ ਹੈ। ਅਸਲ ਵਿਚ ਇਸ ਖੇਤਰ ਦੀ ਨਿਚਲੀ ਸਾਖਰਤਾ ਦਰ ਰਾਸਟਰੀ ਔਸਤ ਥੱਲੇ ਲੈ ਆਉਂਦੀ ਹੈ। ਇਥੇ ਹੀ ਰਾਮ ਅੰਦੋਲਨ ਏਨਾ ਸ਼ਕਤੀਸ਼ਾਲੀ ਬਣਿਆ ਅਤੇ ਜ਼ਿਆਦਾਤਰ ਅੰਦੋਲਨਕਾਰੀ ਹਿੰਦੀ ਬੋਲਦੇ ਖੇਤਰਾਂ ਦੇ ਤਿੰਨ ਰਾਜਾਂ ਵਿਚੋਂ ਹੀ ਆਏ ਸਨ। ਇਹ ਹਨ ਉੱਤਰ ਪ੍ਰਦੇਸ਼ (ਜਿੱਥੇ ਅਯੋਧਿਆ ਹੈ), ਮੱਧ ਪ੍ਰਦੇਸ਼ ਅਤੇ ਰਾਜਸਥਾਨ। ਇਨ੍ਹਾਂ ਤਿੰਨਾਂ ਰਾਜਾਂ ਦੀ ਸਾਖਰਤਾ ਦਰ ਤੁਲਨਾਤਮਕ ਰੂਪ ਵਿਚ ਘੱਟ ਹੈ। (1991 ਦੀ ਜਨਗਣਨਾ ਦੇ ਅਨੁਸਾਰ 39 ਅਤੇ 43 ਫੀਸਦੀ ਦੇ ਵਿਚਕਾਰ) ਅਨਪੜ੍ਹਤਾ ਸੰਪ੍ਰਦਾਇਕ ਫਾਸ਼ੀਵਾਦ ਜਾਂ ਫਿਰਕਾਪ੍ਰਸਤ ਰਾਸ਼ਟਰਵਾਦ ਦਾ ਪ੍ਰਮੁੱਖ ਤੱਤ ਨਹੀਂ ਪ੍ਰੰਤੂ ਹਮਲਾਵਰ ਪੁਰਾਤਨਪੰਥ ਨੂੰ ਜ਼ਿੰਦਾ ਰੱਖਣ ਲਈ ਇਸਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਹੈ।

ਪੁਰਾਤਨਪੰਥ ਭਾਰਤ ਵਿਚ ਕੋਈ ਨਵੀਂ ਸਮੱਸਿਆ ਨਹੀਂ। ਮਹਾਤਮਾ ਗਾਂਧੀ, ਰਵਿੰਦਰ ਨਾਥ ਠਾਕੁਰ ਅਤੇ ਜਵਾਹਰ ਲਾਲ ਨਹਿਰੂ ਨੇ ਇਸ ਬਾਰੇ ਬਹੁਤ ਕੁਝ ਲਿਖਿਆ ਹੈ। ਦਿਲਚਸਪ ਗਲ ਇਹ ਹੈ ਇਹ ਹੈ ਕਿ ਇਸ ਤੱਥ ਦਾ ਸਭ ਤੋਂ ਪੁਰਾਣਾ ਵਰਣਨ, ਇਕ ਹਿਸਾਬਦਾਨ ਅਤੇ ਵਿਗਿਆਨੀ ਅਲਬਰੂਨੀ ਦੁਆਰਾ ਗਿਆਰਵੀਂ ਸਦੀ ਵਿਚ ਅਰਬੀ ਵਿਚ ਲਿਖਿਆ ਮਿਲਦਾ ਹੈ। ਅਲਬਰੂਨੀ ਦੀ ਪੁਸਤਕ ਸਦੀਆਂ ਤਕ ਗਣਿਤ, ਖਗੋਲ ਸ਼ਾਸਤਰ ਅਤੇ ਦਰਸ਼ਨ ਵਰਗੇ ਵਿਸ਼ਿਆਂ ਉਪਰ ਅਤੇ ਭਾਰਤ ਦੀਆ ਬੌਧਿਕ ਪਰੰਪਰਾਵਾਂ ਦੇ ਸੰਬੰਧ ਵਿਚ ਸਭ ਤੋਂ ਵੱਧ ਪ੍ਰਮਾਣਿਕ ਸਰੋਤ ਰਹੀ ਹੈ। ਅਲਬਰੂਨੀ ਭਾਰਤ ਵਿਚ ਪਹਿਲੀ ਵਾਰ ਹਮਲਾਵਰ ਮਹਿਮੂਦ ਗਜਨਵੀ ਨਾਲ ਆਇਆ ਅਤੇ ਉਸਨੇ ਮਹਿਮੂਦ ਦੇ ਹਮਲੇ ਨਾਲ ਹੋਈ ਤਬਾਹੀ ਦਾ ਵਰਣਨ ਅਜਿਹੇ ਸ਼ਬਦਾਂ ਵਿਚ ਕੀਤਾ ਹੈ ਕਿ ਭਾਜਪਾ ਨੂੰ ਵੀ ਕੋਈ ਇਤਰਾਜ਼ ਨਹੀਂ ਹੋਵੇਗਾ। "ਮਹਿਮੂਦ ਨੇ ਦੇਸ਼ ਦੀ ਅਮੀਰੀ ਨੂੰ ਤਬਾਹ ਕਰ ਦਿੱਤਾ ਅਤੇ ਉਸ ਦੇ

ਹਮਲਿਆਂ ਕਾਰਨ ਹਿੰਦੂ ਧੂੜ ਦੇ ਕਿਣਕਿਆਂ ਵਾਂਗ ਚਹੁੰ ਦਿਸ਼ਾਈ ਬਿਖਰ ਗਏ। ਨਤੀਜੇ ਦੇ ਤੌਰ ਤੇ ਇਨ੍ਹਾਂ ਬਿਖਰੇ ਲੋਕਾਂ ਵਿਚ ਸਾਰੇ ਮੁਸਲਮਾਨਾਂ ਪ੍ਰਤਿ ਗਹਿਰੀ ਘਿਰਣਾ ਹੈ।"

ਇਹ ਤਥਾਕਥਿੱਤ ਘਿਰਣਾ ਦੇ ਹੁੰਦਿਆਂ ਵੀ ਹਿੰਦੂਆਂ ਨੇ ਅਲਬਰੂਨੀ ਦਾ ਸਹਿਯੋਗ ਦਿੱਤਾ ਅਤੇ ਉਸਦੇ ਮਿੱਤਰ ਬਣੇ। ਉਨ੍ਹਾਂ ਦੀ ਸਹਾਇਤਾ ਨਾਲ ਹੀ ਉਸਨੇ ਸੰਸਕ੍ਰਿਤ ਵਿਚ ਮੁਹਾਰਤ ਹਾਸਿਲ ਕੀਤੀ ਅਤੇ ਗਣਿਤ, ਖਗੋਲ ਸ਼ਾਸਤਰ, ਮੂਰਤੀ ਕਲਾ ਅਤੇ ਧਰਮ ਨਾਲ ਸੰਬੰਧਿਤ ਸਮਕਾਲੀ ਭਾਰਤੀ ਗ੍ਰੰਥਾਂ ਦਾ ਅਧਿਅਨ ਕੀਤਾ। ਉਸਦੇ ਇਸ ਕੰਮ ਦਾ ਭਾਰਤੀ ਗਣਿਤ ਅਤੇ ਵਿਗਿਆਨ ਦਾ ਅਰਬਾਂ ਦੇ ਅਧਿਐਨ ਉਪਰ ਖਾਸਾ ਪ੍ਰਭਾਵ ਪਿਆ। ਇਹ ਅੱਠਵੀਂ ਸਦੀ ਤੋਂ ਹੀ ਪੈਂਠ ਬਣਾ ਚੁੱਕਾ ਸੀ ਅਤੇ ਬਾਦ ਵਿਚ ਇਹ ਗਿਆਨ ਅਰਬਾਂ ਰਾਹੀਂ ਯੂਰਪ ਪਹੁੰਚਿਆ।

ਅਲਬਰੂਨੀ ਨੇ ਪ੍ਰਮਾਣਿਤ ਤਰਕਾਂ ਨਾਲ ਇਹ ਸਿੱਧ ਕੀਤਾ ਕਿ ਦਾਰਸ਼ਨਿਕ ਹਿੰਦੂ ਧਰਮ ਵਿਚ ਮੂਰਤੀ ਪੂਜਾ ਸ਼ਾਮਿਲ ਨਹੀਂ ਸੀ। ਇਸ ਤੋਂ ਬਾਦ ਉਸਨੇ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਕਿਵੇਂ ਲੋਕ ਪ੍ਰਚਲਿਤ ਹਿੰਦੂ ਧਰਮ ਦੇ ਮੰਨਣ ਵਾਲਿਆਂ ਲਈ ਮੂਰਤੀਆਂ ਬਣਾਈਆਂ ਜਾਂਦੀਆਂ ਸਨ ਅਤੇ (ਵਰਤਮਾਨ ਅਯੋਧਿਆ ਵਿਵਾਦ ਦੇ ਕੇਂਦਰ) ਰਾਮ ਜਾਂ ਦੂਸਰੇ ਦੇਵਤਿਆਂ ਦੀਆਂ ਮੂਰਤੀਆਂ ਦਾ ਉਚਿਤ ਅਕਾਰ ਕੀ ਮੰਨਿਆ ਜਾਂਦਾ ਸੀ। ਇਸ ਚਰਚਾ ਦਾ ਅੰਤ ਉਸਨੇ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ। "ਇਸ ਪਾਗਲਪਣ ਦਾ ਵਰਣਨ ਮੈਂ ਇਸ ਲਈ ਕੀਤਾ ਹੈ ਤਾਂ ਕਿ ਪਾਠਕਾਂ ਨੂੰ ਮੂਰਤੀਆਂ ਦਾ ਸਹੀ ਰੂਪ ਪਤਾ ਹੋਵੇ ਅਤੇ ਨਾਲ ਹੀ ਉਸਨੇ ਇਸ ਤੱਥ ਦਾ ਪਤਾ ਚਲੇ ਕਿ ਅਜਿਹੀਆਂ ਮੂਰਤੀਆਂ ਹੇਠਲੇ ਵਰਗਾਂ ਦੇ ਨਾਸਮਝ ਲੋਕਾਂ ਲਈ ਬਣਾਈਆਂ ਜਾਂਦੀਆਂ ਸਨ। ਹਿੰਦੂ ਨੇ ਤਾਂ ਈਸ਼ਵਰ ਜਾਂ ਕਿਸੇ ਹੋਰ ਅਲੌਕਿਕ ਜੀਵ ਦੀ ਮੂਰਤੀ ਨਹੀਂ ਬਣਾਈ। ਅੰਤ ਵਿਚ ਇਹ ਦਰਸਾਉਣ ਦਾ ਯਤਨ ਕੀਤਾ ਹੈ ਕਿ ਕਿਸ ਤਰ੍ਹਾਂ ਪੁਜਾਰੀ ਆਪਣੀਆਂ ਚਾਲਬਾਜ਼ੀਆਂ ਨਾਲ ਭੀੜ ਨੂੰ ਗੁਲਾਮੀ ਦੀ ਅਵਸਥਾ ਵਿਚ ਰੱਖਿਆ ਜਾਂਦਾ ਸੀ।"

ਅਯੋਧਿਆ ਵਿਚ ਜੁੜੀ ਭੀੜ ਦੀ ਅਵਸਥਾ ਨੂੰ 'ਗੁਲਾਮੀ' ਕਿਹਾ ਜਾ ਸਕਦਾ ਹੈ। ਉਨ੍ਹਾਂ ਨੂੰ ਰਾਜਨੀਤਕ ਤੌਰ ਤੇ ਸਕ੍ਰਿਆ ਪੁਜਾਰੀਆਂ ਅਤੇ ਧਰਮ ਦਾ ਫਾਇਦਾ ਉਠਾਉਣ ਵਾਲੇ ਰਾਜਨੀਤਕ ਨੇਤਾਵਾਂ ਨੇ ਆਪਣੀ ਚਾਲਬਾਜ਼ੀ ਦਾ ਸ਼ਿਕਾਰ ਬਣਾਇਆ ਹੈ। ਹੋਰ ਥਾਈਂ ਅਲਬਰੂਨੀ ਨੇ ਸਿੱਖਿਆ ਤੋਂ ਵਾਂਝੇ ਲੋਕਾਂ ਖਾਸ ਕਰਕੇ 'ਵਿਗਿਆਨ ਤੋਂ ਦੂਰ ਰੱਖੀਆਂ ਗਈਆਂ ਜਾਤੀਆਂ ਦੇ ਅਜੀਬ ਗਰੀਬ ਵਿਸ਼ਵਾਸਾਂ ਦੀ ਚਰਚਾ ਕੀਤੀ ਹੈ। ਅਨਪੜ੍ਹ ਜਨਤਾ ਦੇ ਭੋਲੇਪਣ ਅਤੇ ਭੀੜ ਨੂੰ ਕਾਬੂ ਰੱਖਣ ਬਾਰੇ ਦਿੱਤੇ ਗਏ ਅਲਬਰੂਨੀ ਦੇ ਇਕ ਹਜ਼ਾਰ ਸਾਲ ਪਹਿਲਾਂ ਦੇ ਤਰਕ ਅੱਜ ਵੀ ਪ੍ਰਸੰਗਿਕ ਹਨ। ਇਹ ਦੇਖ ਕੇ ਹੈਰਾਨੀ ਹੁੰਦੀ ਹੈ। ਨਹਿਰੂ ਦੀ ਤੇ ਉਸ ਤੋਂ ਬਾਦ ਦੀਆਂ ਸਰਕਾਰਾਂ ਲੋਕਾਂ ਦੀ ਸਿੱਖਿਆ ਦਾ ਵਿਸਤਾਰ ਨਾ ਕਰ ਸਕੀਆਂ, ਜਿਸ ਕਾਰਣ ਇਹ ਲੋਕ ਹਮਲਾਵਰ ਪੁਰਾਤਨਪੰਥ ਦੇ ਆਸਾਨੀ ਨਾਲ ਸ਼ਿਕਾਰ ਬਣਦੇ ਹਨ ਤੇ ਇਸਦਾ ਫਾਇਦਾ ਹਿੰਦੂ ਰਾਜਨੀਤਕ ਨੇਤਾਵਾਂ ਨੇ ਉਠਾਇਆ ਹੈ।

ਅਨਪੜ੍ਹਤਾ ਨੂੰ ਪੂਰੀ ਹਿੰਦੂ ਰਾਸ਼ਟਰਵਾਦੀ ਰਾਜਨੀਤੀ ਦਾ ਕਾਰਣ ਮੰਨਣਾ ਗਲਤ ਹੈ। ਦੇਸ਼ ਭਰ ਵਿਚ ਸੰਪ੍ਰਦਾਇਕ ਹਿੰਦੂ ਰਾਸ਼ਟਰਵਾਦ ਦੇ ਫੈਲਣ ਜਾਂ ਬੰਬਈ ਵਿਚ ਦੇਖੇ ਗਏ ਸੰਪ੍ਰਦਾਇਕ ਫਾਸ਼ੀਵਾਦ ਵਿਚ ਤਾਂ ਸੰਭਵ ਹੈ ਅਨਪੜ੍ਹਤਾ ਦਾ ਖਾਸ ਯੋਗਦਾਨ ਨਾ ਹੋਵੇ। ਪ੍ਰੰਤੂ ਅਯੋਧਿਆ ਜਿਹੇ ਅੰਦੋਲਨਾਂ ਲਈ ਕਾਰਕੁੰਨ ਜੁਟਾਉਣ ਲਈ ਚਤੁਰ ਰਾਜਨੀਤਕ ਨੇਤਾਵਾਂ ਨੇ ਵਿਆਪਕ ਅਨਪੜ੍ਹਤਾ ਅਤੇ ਭੋਲੇਪਣ ਦਾ ਫਾਇਦਾ ਉਠਾਇਆ ਹੈ।

ਭਾਰਤ ਦੀ ਧਰਮ ਨਿਰਪੱਖਤਾ ਦੇ ਬਚਾਅ ਲਈ ਹੁਣ ਕੀ ਕੀਤਾ ਜਾ ਸਕਦਾ ਹੈ? ਹਿੰਦੂ ਕੱਟਰਪੰਥ ਦੇ ਵੱਖ ਵੱਖ ਹਿੱਸਿਆਂ ਪ੍ਰਤਿ ਵੱਖ ਵੱਖ ਰਵੱਈਆ ਅਪਣਾਉਣ ਦੀ ਜ਼ਰੂਰਤ ਹੈ। ਸੰਪ੍ਰਦਾਇਕ ਅਤੇ ਕੱਟਰਪੰਥ ਦੇ ਖਤਰੇ ਨਾਲ ਜਨਤਾ ਅਤੇ ਸਰਕਾਰ ਦੇ ਦ੍ਰਿੜ ਵਿਰੋਧ ਰਾਹੀਂ ਹੀ ਨਿਪਟਿਆ ਜਾ ਸਕਦਾ ਹੈ। ਰਾਜਨੀਤਿਕ ਅਧਿਕਾਰੀਆਂ ਨੂੰ ਸ਼ਿਵਸੈਨਾ ਵਰਗੇ ਸੰਗਠਨਾਂ ਨੂੰ ਮੱਖਣ ਲਾਉਣਾ ਛੱਡਣਾ ਪਵੇਗਾ। ਜ਼ਿੰਮੇਵਾਰ ਰਾਜਨੀਤਕ ਨੇਤਾਵਾਂ ਨੂੰ ਲੋਕਮਤ ਦੀ ਅਗਵਾਈ ਕਰਨੀ ਚਾਹੀਦੀ ਹੈ ਪ੍ਰੰਤੂ ਉਹ ਲੋਕਮਤ ਦੇ ਬਦਲਣ ਦਾ ਇੰਤਜ਼ਾਰ ਕਰਦੇ ਹਨ। ਇਹ ਸਥਿਤੀ ਅਸਹਿ ਹੈ। ਬੰਬਈ ਤੋਂ ਸਾਨੂੰ ਇਹ ਸਬਕ ਮਿਲਿਆ ਹੈ ਕਿ ਅਜਿਹੀ ਤਬਾਹੀ ਤਾਂ ਹੀ ਸੰਭਵ ਹੈ ਜਦੋਂ ਸੰਪ੍ਰਦਾਇਕ ਹਿੰਸਾ ਦੇ ਰੂਪ



ਵਿਚ ਸੰਗਠਿਤਤ ਆਤੰਕ ਨੂੰ ਸਿੱਧੀ ਚੁਨੌਤੀ ਨਾ ਦਿੱਤੀ ਜਾਵੇ। ਅਤੇ ਜ਼ਿੰਮੇਦਾਰ ਅਧਿਕਾਰੀ ਸ਼ਾਸਨ ਕਰਨ ਦੀ ਥਾਂ ਸਮੇਂ ਦੇ ਬਹਾਅ ਨਾਲ ਆਪ ਰੁੜ੍ਹਦੇ ਜਾਣ। ਥੋੜ੍ਹੇ ਚਿਰ ਲਈ ਇਹ ਕਾਨੂੰਨ ਤੇ ਵਿਵਸਥਾ ਦੀ ਸਮੱਸਿਆ ਹੈ ਪਰਤੂੰ ਦੂਰ ਤਕ ਨਿਪਟਣ ਲਈ ਸ਼ਿਵ ਸੈਨਾ ਅਤੇ ਦੂਸਰੇ ਸੰਗਠਨਾਂ ਨਾਲ ਵਿਚਾਰਕ ਸੰਘਰਸ਼ ਦੀ ਲੋੜ ਸਾਫ਼ ਦਿਖਾਈ ਦਿੰਦੀ ਹੈ।

ਭਾਰਤ ਦੀਆਂ ਸਹਿਨਸ਼ੀਲ ਪਰੰਪਰਾਵਾਂ ਮੁੜ ਸਥਾਪਿਤ ਕਰਨਾ ਮਹੱਤਵਪੂਰਨ ਹੈ। ਅਸਲ ਵਿਚ ਸਤਾਰਵੀਂ ਸਦੀ ਦੇ ਹਿੰਦੂ ਸੈਨਿਕ ਨੇਤਾ ਸ਼ਿਵਾਜੀ, ਜਿਸਦੇ ਨਾਮ ਉਪਰ ਸ਼ਿਵ ਸੈਨਾ ਦਾ ਨਾਮਕਰਣ ਕੀਤਾ ਗਿਆ ਹੈ, ਵੀ ਦੂਸਰੇ ਧਰਮਾਂ ਦਾ ਸਨਮਾਨ ਕਰਦੇ ਸਨ। ਕੁਝ ਇਤਿਹਾਸਕਾਰ (ਜਿਵੇਂ 1919 ਵਿਚ ਪ੍ਰਕਾਸ਼ਿਤ 'ਸ਼ਿਵਾਜੀ ਐਂਡ ਹਿਜ਼ ਟਾਈਮ' ਦੇ ਲੇਖਕ ਜਾਦੂਨਾਥ ਸਰਕਾਰ) ਮੰਨਦੇ ਹਨ ਕਿ ਸ਼ਿਵਾਜੀ ਨੇ ਔਰੰਗਜ਼ੇਬ ਨੂੰ ਧਾਰਮਿਕ ਸ਼ਹਿਨਸ਼ੀਲਤਾ ਬਾਰੇ ਇਕ ਸਖ਼ਤ ਖ਼ਤ ਲਿਖਿਆ ਸੀ। ਖ਼ਤ ਵਿਚ ਔਰੰਗਜ਼ੇਬ ਦੀ ਅਸਹਿਨਸ਼ੀਲਤਾ ਦੀ ਪਹਿਲਾਂ ਹੋਏ ਮੁਗਲ ਸ਼ਾਸਕਾਂ (ਅਕਬਰ ਜਹਾਂਗੀਰ, ਸ਼ਾਹਜ਼ਹਾਂ) ਦੀਆਂ ਕੀਤੀਆਂ ਨਾਲ ਤੁਲਨਾ ਕਰਨ ਤੋਂ ਬਾਦ ਕਿਹਾ ਗਿਆ ਹੈ ਕਿ "ਜੇ ਜਹਾਂਪਨਾਹ ਪਵਿਤ੍ਰ, ਗ੍ਰੰਥਾਂ ਵਿਚ ਵਿਸ਼ਵਾਸ ਰੱਖਦੇ ਹਨ ਤਾਂ ਉਨ੍ਹਾਂ ਤੋਂ ਨਸੀਹਤ ਮਿਲਦੀ ਹੈ, ਖੁਦਾ ਸਿਰਫ਼ ਮੁਸਲਮਾਨਾਂ ਦਾ ਨਹੀਂ ਸਗੋਂ ਸਾਰੀ ਇਨਸਾਨੀਅਤ ਦਾ ਹੈ। ਕਾਫ਼ਿਰ ਅਤੇ ਮੁਸਲਮਾਨ ਉਸਦੇ ਦਰਬਾਰ ਵਿਚ ਬਰਾਬਰ ਹਨ-ਹਿੰਦੂਆਂ ਉਪਰ ਲਾਇਆ ਜਜ਼ੀਆ ਕਿਸੇ ਵੀ ਤਰ੍ਹਾਂ ਨਿਆਂ ਸੰਗਤ ਨਹੀਂ ਹੈ।"

ਇਹ ਖ਼ਤ ਸ਼ਿਵਾਜੀ ਨੇ ਔਰੰਗਜ਼ੇਬ ਨੂੰ ਲਿਖਿਆ ਹੋਵੇ ਭਾਵੇਂ ਨਾ ਪਰ ਧਾਰਮਿਕ ਭਿੰਨਤਾਵਾਂ ਬਾਰੇ ਉਸਦਾ ਨਜ਼ਰੀਆ ਕੋਈ ਵਖਰਾ ਨਹੀਂ ਸੀ। ਦੂਸਰੇ ਮੁੱਦਿਆਂ ਉਪਰ ਸ਼ਿਵਾਜੀ ਦੀ ਆਲੋਚਨਾ ਕਰਨ ਵਾਲਾ ਮੁਗਲ ਇਤਿਹਾਸਕਾਰ ਖ਼ਫੀ ਖਾਨ ਵੀ ਮੁਸਲਮਾਨਾਂ ਵੱਲ ਉਸਦੇ ਵਿਹਾਰ ਬਾਰੇ ਕਹਿੰਦਾ ਹੈ:

"ਸ਼ਿਵਾਜੀ ਨੇ ਇਹ ਨਿਯਮ ਬਣਾ ਦਿੱਤਾ ਸੀ ਕਿ ਉਸਦੇ ਪੈਰੋਕਾਰ ਲੁੱਟ ਮਾਰ ਕਰਨ ਸਮੇਂ ਕਿਸੇ ਮਸਜਿਦ, ਕੁਰਾਨ ਜਾਂ ਦੂਸਰੇ ਦੀ ਔਰਤ ਨੂੰ ਨੁਕਸਾਨ ਨਾ ਪਹੁੰਚਾਇਆ ਜਾਵੇ। ਜਦੋਂ ਵੀ ਉਸਦੇ ਹੱਥ ਕੁਰਾਨ ਪਾਕ ਆਉਂਦਾ ਤਾਂ ਆਦਰ ਭਾਵ ਕਰਦਿਆਂ ਕਿਸੇ ਮੁਸਲਮਾਨ ਪੈਰੋਕਾਰ ਨੂੰ ਸੌਂਪ ਦਿੱਤਾ ਜਾਂਦਾ।"

ਅਜੋਕੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਭਾਰਤ ਵਿਚ ਧਾਰਮਿਕ ਸਹਿਨਸ਼ੀਲਤਾ ਦੀ ਪਰੰਪਰਾ ਬਾਰੇ ਹੋਰ ਵਿਆਪਕ ਚਰਚਾ ਕਰਨ ਦੀ ਲੋੜ ਹੈ। ਅਜਿਹਾ ਕਰਦਿਆਂ ਇਹ ਦਰਸਾਉਣਾ ਵੀ ਜ਼ਰੂਰੀ ਹੈ ਕਿ ਅੱਜ ਦੇ ਅਸਹਿਨਸ਼ੀਲਤਾ ਹਿੰਦੂ ਸੰਗਠਨ ਜਿਨ੍ਹਾਂ ਹੋਰਨਾਂ ਇਤਿਹਾਸਕ ਵਿਅਕਤੀਆਂ ਤੋਂ ਪ੍ਰੇਰਣਾ ਲੈਂਦੇ ਹਨ ਉਹ ਵੀ ਦੂਸਰਿਆਂ ਧਰਮਾਂ ਦਾ ਆਦਰ ਕਰਦੇ ਸਨ।

ਹਮਲਾਵਰ ਪੁਰਾਤਨਪੰਥ ਦਾ ਸਾਹਮਣਾ ਕਰਨ ਲਈ ਆਮ ਹਿੰਦੂ ਰਾਸ਼ਟਰਵਾਦ ਅਤੇ ਸੰਪ੍ਰਦਾਇਕ ਫਾਸ਼ੀਵਾਦ ਤੋਂ ਵੱਖ ਉਸਦੇ ਵਿਸ਼ੇਸ ਗੁਣਾਂ ਦੀ ਪਹਿਚਾਣ ਕਰਨੀ ਵੀ ਜ਼ਰੂਰੀ ਹੈ। ਪੁਰਾਤਨਪੰਥ ਅਨਪੜ੍ਹਤਾ ਤੇ ਪਛੜੇਪਣ ਅਤੇ ਭੋਲੇਪਣ ਵਿਚ ਖੂਬ ਫਲਦਾ ਹੈ। ਇਸ ਪਛੜੇਵੇਂ ਤੋਂ ਨਿਕਲਣ ਲਈ ਕਿਤੇ ਵਧੇਰੇ ਯਤਨਾਂ ਦੀ ਲੋੜ ਹੈ। ਅਜਿਹੇ ਯਤਨ ਖਾਸ ਤੌਰ ਤੇ ਉੱਤਰੀ ਭਾਰਤ ਦੇ ਉਨ੍ਹਾਂ ਖੇਤਰਾਂ ਵਿਚ ਜ਼ਰੂਰੀ ਹਨ ਜਿੱਥੇ ਮੁਢਲੀ ਸਾਖਰਤਾ ਦੀ ਬਹੁਤ ਕਮੀ ਹੈ। ਇਥੇ ਸਕੂਲੀ ਸਿਖਿਆ ਬਹੁਤ ਸੀਮਤ ਹੈ ਅਤੇ ਜਿੱਥੋਂ ਰਾਮ ਜਨਮਭੂਮੀ ਅਤੇ ਹਨੂਮਾਨ ਦੀ ਗਦਾ ਦੇ ਨਾਂ ਦੇ ਤਬਾਹੀ ਮਚਾਉਣ ਵਾਲੇ ਕਾਰਕੁੰਨਾਂ ਨੂੰ ਇਕੱਠਾ ਕਰਨਾ ਆਸਾਨ ਸਾਬਿਤ ਹੋਇਆ ਹੈ।

ਸਿਖਿਆ ਦੇ ਵਿਸਤਾਰ ਨਾਲ ਹੀ ਹੁਣ ਸਿਖਿਆ ਦੀ ਵਸਤੂ ਉਪਰ ਵੀ ਖਾਸ ਧਿਆਨ ਦੇਣ ਦੀ ਲੋੜ ਹੈ। ਇਧਰ ਅਨਪੜ੍ਹਤਾ ਦੀ ਪਰੰਪਰਾ ਤੋਂ ਤੁਰੀ ਆਉਂਦੀ ਸਮੱਸਿਆ ਦੇ ਨਾਲ ਹੀ ਜਾਣ ਬੁੱਝ ਕੇ ਪੱਖਪਾਤਪੂਰਣ ਸਿਖਿਆ ਦਿੱਤੇ ਜਾਣ ਦਾ ਖਤਰਾ ਵਧ ਗਿਆ ਹੈ ਜੋ ਇਤਿਹਾਸ ਦਾ ਵਿਗੜਿਆ ਰੂਪ ਸਾਹਮਣੇ ਲਿਆਉਂਦਾ ਹੈ ਅਤੇ ਕੱਟਰਪੰਥ ਨੂੰ ਵਧਾਉਂਦਾ ਹੈ। ਇਹ ਸਮੱਸਿਆ ਖਾਸ ਤੌਰ ਤੇ ਉਨ੍ਹਾਂ ਉੱਤਰੀ ਰਾਜਾਂ ਵਿਚ ਗੰਭੀਰ ਹੈ ਜਿੱਥੇ ਭਾਜਪਾ ਰਾਜਨੀਤਕ ਤੌਰ ਤੇ ਸ਼ਕਤੀਸ਼ਾਲੀ ਹੈ ਅਤੇ ਜਿੱਥੇ ਪਾਠ ਪੁਸਤਕਾਂ ਵਿਚ ਕਾਫੀ ਫੇਰ ਬਦਲ ਕੀਤੇ ਗਏ ਹਨ। ਇਥੇ ਹਮਲਾਵਰ ਪੁਰਾਤਨਪੰਥ ਦਾ ਖਤਰਾ

ਫਿਰਕਾਪ੍ਰਸਤ ਰਾਸ਼ਟਰਵਾਦ ਦੇ ਆਮ ਖਤਰੇ ਨਾਲ ਜੁੜ ਗਿਆ ਹੈ।

ਹਮਲਾਵਰ ਪੁਰਾਤਨਪੰਥ ਦਾ ਰਾਜਨੀਤਕ ਫਾਇਦਾ ਉਠਾਇਆ ਜਾਣਾ ਭੋਲੀ ਭਾਲੀ ਅਨਪੜ੍ਹ ਜੰਤਾ ਦੀ ਹੋਂਦ ਉਪਰ ਹੀ ਨਿਰਭਰ ਨਹੀਂ ਸਗੋਂ ਇਹ ਕੱਟੜਪੰਥੀ ਨੇਤਾਵਾਂ ਦੇ ਵਿਹਾਰ ਉਪਰ ਵੀ ਨਿਰਭਰ ਹੈ। ਜੇ ਭਾਜਪਾ ਨੇ ਇਕ ਸੱਚੀ ਸੁੱਚੀ ਰਾਸ਼ਟਰੀ ਪਾਰਟੀ ਬਣਨ ਦਾ ਯਤਨ ਕੀਤਾ ਹੁੰਦਾ ਹੈ, ਜਿਸਨੂੰ ਮੁਸਲਮਾਨਾਂ ਦਾ ਵੀ ਸਮਰਥਨ ਹਾਸਲ ਹੁੰਦਾ ਤਾਂ ਅੱਜ ਗੱਲ ਕੁਝ ਹੋਰ ਹੁੰਦੀ। ਪਰ ਇਸ ਪ੍ਰੋੜ ਨੀਤੀ ਨੂੰ ਛੱਡ ਕੇ ਭਾਜਪਾ ਸੰਪ੍ਰਦਾਇਕ ਸਮਰਥਨ ਦੇ ਆਧਾਰ ਤੇ ਸ਼ਕਤੀਸ਼ਾਲੀ ਬਣਨ ਉਪਰ ਧਿਆਨ ਕੇਂਦ੍ਰਿਤ ਕਰ ਰਹੀ ਹੈ। ਇਸ ਲਈ ਇਸ ਫਾਇਦਾ ਉਠਾਉਣ ਨੂੰ ਠੱਲ੍ਹ ਪਾਉਣ ਲਈ ਦੂਸਰੀਆਂ ਪਾਰਟੀਆਂ ਅਤੇ ਦੂਸਰੇ ਸਮਾਜਿਕ ਰਾਜਨੀਤਕ ਦਲਾਂ ਨੂੰ ਅਗਾਂਹ ਆਉਣਾ ਪਵੇਗਾ।

ਹਿੰਦੀ ਬੋਲਦੇ ਖੇਤਰ ਬਿਹਾਰ ਦਾ ਅਨੁਭਵ ਇਹ ਸਿੱਧ ਕਰਦਾ ਹੈ ਕਿ ਇਸ ਤਰ੍ਹਾਂ ਸ਼ੋਸ਼ਣ ਨੂੰ ਰੋਕਿਆ ਜਾ ਸਕਦਾ ਹੈ। ਇਸ ਰਾਜ ਵਿਚ ਸਾਖਰਤਾ ਅਤੇ ਮੌਲਿਕ ਸਿਖਿਆ ਦਾ ਪ੍ਰਸਾਰ ਬਹੁਤ ਘੱਟ ਹੈ। ਪ੍ਰੋੜ ਸਾਖਰਤਾ ਦਰ 1991 ਵਿਚ ਸਿਰਫ 36 ਫੀਸਦੀ ਸੀ) ਪਰ ਫਿਰ ਵੀ ਇਥੋਂ ਦੇ ਲੋਕ ਗੁਆਂਢੀ ਸੂਬੇ ਉੱਤਰ ਪ੍ਰਦੇਸ਼ ਵਿਚ ਚਲੇ ਅਯੋਧਿਆ ਅੰਦੋਲਨ ਤੋਂ ਦੂਰ ਰਹੇ ਅਤੇ ਇਥੇ ਮਸਜਿਦ ਢਾਹ ਜਾਣ ਤੋਂ ਬਾਦ ਦੰਗੇ ਵੀ ਨਹੀਂ ਹੋਏ। ਬਿਹਾਰ ਸਰਕਾਰ ਨੇ ਅਰਾਜਕਤਾ ਅਤੇ ਹੱਤਿਆਵਾਂ ਨੂੰ ਰੋਕਣ ਵਿਚ ਜਿਸ ਦ੍ਰਿੜਤਾ ਅਤੇ ਅਗਵਾਈ ਦੀ ਮਿਸਾਲ ਦਿੱਤੀ ਉਹ ਅਪਣਾਉਣ ਯੋਗ ਹੈ।

ਬਿਹਾਰ ਦੀ ਸਥਿਤੀ ਦੇ ਪਿਛੇ ਇਹ ਤੱਥ ਵੀ ਕੰਮ ਕਰਦਾ ਹੈ ਕਿ ਉਥੋਂ ਦੇ ਜ਼ਿਆਦਾਤਰ ਰਾਜਨੇਤਾ ਪਛੜੀਆਂ ਜਾਤੀਆਂ ਵਿਚੋਂ ਹਨ। ਸਰਕਾਰ ਅਤੇ ਸ਼ਾਸਕ ਪਾਰਟੀਆਂ ਨੇ ਪੇਂਡੂ ਅੰਦੋਲਨ ਦੀ ਤਾਕਤ ਨੂੰ ਉੱਚੀਆਂ ਜਾਤੀਆਂ ਦੀ ਸਥਾਪਤੀ ਦੇ ਖਿਲਾਫ ਮੋੜਿਆ ਹੈ। ਜੇ ਦੇਖਿਆ ਜਾਵੇ ਤਾਂ ਜਿਨ੍ਹਾਂ ਰਾਜਾਂ ਵਿਚ ਉਚੀਆਂ ਜਾਤੀਆਂ ਨੂੰ ਰਾਜਨੀਤਕ ਗਲਬੇ ਦੇ ਖਿਲਾਫ ਸਫਲ ਤੇ ਮਹਤੱਵਪੂਰਨ ਸੰਗਠਿਤ ਅੰਦੋਲਨ ਹੋਏ ਹਨ ਉਥੇ ਪੁਰਾਤਨਪੰਥੀ ਅੰਦੋਲਨਾਂ ਅਤੇ ਸੰਪ੍ਰਦਾਇਕ ਹਿੰਸਾ ਦੀਆਂ ਘਟਨਾਵਾਂ ਹੈਰਾਨੀ ਦੀ ਹੱਦ ਤਕ ਘੱਟ ਹੋਈਆਂ ਹਨ। ਇਨ੍ਹਾਂ ਵਿਚੋਂ ਦੱਖਣੀ ਰਾਜ ਹਨ ਤਾਮਿਲਨਾਡੂ ਤੇ ਕੇਰਲ। ਉਥੇ ਸਿਖਿਆ ਦੀ ਪੱਧਰ ਹਿੰਦੀ ਬੋਲਦੇ ਖੇਤਰਾਂ ਤੋਂ ਕਿਤੇ ਵਧੇਰੇ ਹੈ। ਪਰੰਤੂ ਪੂਰੀ ਤਰ੍ਹਾਂ ਹਿੰਦੀ ਬੋਲਦੇ ਪ੍ਰਦੇਸ਼ ਵਿਚਕਾਰ ਸਥਿਤ ਬਿਹਾਰ ਜਿਥੇ ਅਨਪੜ੍ਹਤਾ ਦੂਸਰੇ ਸੂਬਿਆਂ ਜਿੰਨੀ ਹੀ ਹੈ, ਨੇ ਇਹ ਸਿੱਧ ਕੀਤਾ ਹੈ ਕਿ ਆਰਥਿਕ ਅਤੇ ਸਮਾਜਿਕ ਅਸਮਾਨਤਾਵਾਂ ਵਰਗੇ ਮੁਢਲੇ ਸਵਾਲਾਂ ਉਪਰ ਧਿਆਨ ਕਰਕੇ ਹਮਲਾਵਰ ਪੁਰਾਤਨਪੰਥ ਦੀ ਸੰਭਾਵਨਾ ਦਾ ਫਾਇਦਾ ਉਠਾਉਣ ਦਾ ਯਤਨ ਕਰਨ ਵਾਲੀਆਂ ਤਾਕਤਾਂ ਨਾਲ ਨਿਪਟਿਆ ਜਾ ਸਕਦਾ ਹੈ।

ਜਿੱਥੋਂ ਤੱਕ ਤੀਸਰੇ ਪੱਖ ਹਿੰਦੂ ਰਾਸ਼ਟਰਵਾਦ ਦਾ ਸਵਾਲ ਹੈ ਸਾਨੂੰ ਗਿਣੇ ਚੁਣੇ ਕੱਟੜ [illegible]ਵਾਸ ਕਰਨ ਵਾਲਿਆਂ ਅਤੇ ਅਨੇਕ ਅਸੰਗਠਿਤ ਅੱਧ ਪਚੱਧੇ ਵਿਸ਼ਵਾਸੀਆਂ ਵਿਚ ਅੰਤਰ ਕਰ[illegible]ਗਾ. ਕੱਟੜ ਵਿਸ਼ਵਾਸੀਆਂ ਵਿਚੋਂ ਇਕ ਨੇ ਪੰਜਤਾਲੀ ਸਾਲ ਪਹਿਲਾਂ ਮਹਾਤਮਾ ਗਾਂਧੀ ਦਾ [illegible] ਕੀਤੀ ਸੀ। ਪਰੰਤੂ ਹਿੰਦੂ ਰਾਸ਼ਟਰਵਾਦ ਦਾ ਅਜੋਕਾ ਫੈਲਾਅ ਅੰਧ ਵਿਸ਼ਵਾਸੀ ਮੈਂਬਰਾਂ ਦੀ ਗਿਣਤੀ ਵਿਚ ਵਾਧੇ ਕਾਰਣ ਹੈ। ਇਨ੍ਹਾਂ ਦੀ ਪ੍ਰਤਿਬੱਧਤਾ ਦਾ ਪੱਧਰ ਵੱਖਰਾ ਵੱਖਰਾ ਹੈ। ਪਰ ਦੋਨੋਂ ਭਾਰਤੀ ਇਤਿਹਾਸ ਤੇ ਸਭਿਆਚਾਰ ਦੀ ਇਕ ਵਿਗੜੀ ਵਿਆਖਿਆ ਤੋਂ ਪ੍ਰਭਾਵਿਤ ਹੋ ਕੇ ਸੰਪ੍ਰਦਾਇਕ ਹਿੰਦੂ ਮੱਤ ਵਲ ਖਿੱਚੇ ਗਏ ਹਨ। ਇਹ ਯੋਜਨਾ ਇਸ ਲਈ ਸਫਲ ਹੋਈ ਹੈ ਕਿਉਂਕਿ ਸਮੁੱਚੀ ਫੌਜ ਦੇ ਨਾਲ ਨਾਲ ਇਨ੍ਹਾਂ ਕੀਤੇ ਜਾ ਰਹੇ ਵਿਗਾੜਾਂ ਨੂੰ ਵੰਗਾਰ ਨਹੀਂ ਪਾਈ ਗਈ।

ਅਜੋਕੀ ਹਿਦੂ ਰਾਜ ਨੀਤੀ ਦਾ ਇਕ ਸਪਸ਼ਟ ਪੱਖ ਅਗਿਆਨਤਾ ਹੈ। ਇਸ ਅਗਿਆਨਤਾ ਦਾ ਸਹਾਰਾ ਸਿਰਫ ਅਯੋਧਿਆ ਦੀ ਮਸਜਿਦ ਬਾਰੇ ਭਾਰਤੀ ਮੁਸਲਮਾਨਾਂ ਦੀ ਉਤਪੱਤੀ ਬਾਰੇ ਜਾਂ ਫਿਰ ਹਿੰਦੂ ਧਰਮ ਦੀ ਵਿਆਪਕਤਾ ਸੰਬੰਧੀ ਵਿਚਾਰ ਸਮੇਂ ਹੀ ਨਹੀਂ ਲਿਆ ਗਿਆ ਸਗੋਂ ਇਸਦੀ ਵਰਤੋਂ ਭਾਰਤੀ ਸਭਿਅਤਾ ਦੀਆਂ ਉਪਲਬੱਧੀਆਂ ਦਰਸਾਉਣ ਲਈ ਜਾਂ ਫਿਰ ਹਿੰਦੂਆਂ ਦੇ ਸਹੀ ਯੋਗਦਾਨ ਦੀ ਅਨਦੇਖੀ ਕਰਕੇ ਉਸਦੇ ਸ਼ੱਕੀ ਪੱਖਾ ਉਪਰ ਜ਼ੋਰ ਦੇਣ ਸਮੇਂ ਵੀ ਕੀਤੀ ਗਈ। ਹਿੰਦੂ ਰਾਸ਼ਟਰਵਾਦੀਆਂ ਨੂੰ ਗੀਤਾ ਅਤੇ ਉਪਨਿਸ਼ਦ, ਬ੍ਰਹਮਗੁਪਤ ਅਤੇ ਸੰਕਰ, ਕਾਲੀਦਾਸ ਅਤੇ ਸ਼ੂਦ੍ਰਕ ਦੀ ਵਿਦਵਤਾ



ਨਹੀਂ ਚਾਹੀਦੀ। ਉਨ੍ਹਾਂ ਨੂੰ ਤਾਂ ਚਾਹੀਦੀ ਹੈ ਰਾਮ ਦੀ ਮੂਰਤੀ ਅਤੇ ਹਨੂੰਮਾਨ ਦਾ ਚਿੱਤਰ। ਉਨ੍ਹਾਂ ਨੇ ਉਸ ਭਾਰਤ ਦੀਆਂ ਤਰਕਵਾਦੀ ਪਰੰਪਰਾਵਾਂ ਦੀ ਵੀ ਅਣਦੇਖੀ ਕੀਤੀ ਹੈ। ਜਿਥੇ ਬੀਜ ਗਣਿਤ ਜੁਮੈਟਰੀ ਅਤੇ ਖਗੋਲਸ਼ਾਸਤਰ ਨੇ ਆਪਣੇ ਮੁਢਲੇ ਕਦਮ ਰੱਖੇ ਜਿਵੇਂ ਦਸ਼ਮਲਵ ਦੀ ਉਤਪਤੀ ਹੋਈ। ਜਿੱਥੇ ਅਤਿਅੰਤ ਸ਼ੁੱਧ ਧਾਰਮਿਕ ਅਤੇ ਲੌਕਿਕ ਦਰਸ਼ਨ ਦਾ ਵਿਕਾਸ ਹੋਇਆ। ਜਿੱਥੇ ਸ਼ਤਰੰਜ ਜਿਹੀਆਂ ਖੇਡਾਂ ਦਾ ਵਿਕਾਸ ਹੋਇਆ। ਜਿੱਥੇ ਜਿਨਸੀ ਸਿੱਖਿਆ ਦਾ ਆਰੰਭ ਹੋਇਆ ਅਤੇ ਜਿਥੇ ਰਾਜਨੀਤਿਕ ਅਰਥ ਸ਼ਾਸਤਰ ਦੇ ਸਿਲਸਿਲੇ ਵਾਰ ਅਧਿਐਨ ਦੀ ਸ਼ੁਰੂਆਤ ਹੋਈ। ਜੁਝਾਰੂ ਹਿੰਦੂ ਕਾਰਕੁੰਨ ਤਾਂ ਪਰਤੱਖ ਜਾਂ ਅਪ੍ਰਤੱਖ ਰੂਪ ਵਿਚ ਭਾਰਤ ਨੂੰ ਅੰਧ ਵਿਸ਼ਵਾਸੀ ਮੂਰਤੀਪੂਜਕਾਂ, ਜਨੂੰਨੀ ਕੱਟੜਪੰਥੀਆਂ, ਲੜਾਕੂ ਭਗਤਾਂ ਅਤੇ ਧਾਰਮਿਕ ਹੱਤਿਆਰਿਆਂ ਦੇ ਦੇਸ਼ ਦੇ ਰੂਪ ਵਿਚ ਪੇਸ਼ ਕਰਦਾ ਹੈ।

ਇਹ ਬਿੰਬ ਤਾਂ ਜੇਮਜ਼ ਮਿੱਲ ਦੇ 'ਇਤਿਹਾਸ' (ਜੋ ਉਸਨੇ ਬਿਨਾਂ ਭਾਰਤ ਆਏ ਅਤੇ ਬਿਨਾਂ ਕੋਈ ਭਾਰਤੀ ਭਾਸ਼ਾ ਸਿੱਖੇ ਲਿਖਿਆ ਸੀ) ਵਿਚ ਪੇਸ਼ ਕੀਤੀ ਗਈ ਭਾਰਤ ਦੀ ਸਾਮਰਾਜਵਾਦੀ ਬਿੰਬ ਹੈ। ਇਕ ਅਜਿਹੇ ਭਾਰਤ ਦੀ ਬਿੰਬ ਜੋ ਬੌਧਿਕ ਰੂਪ ਵਿਚ ਦੀਵਾਲੀਆ ਹੈ ਅਤੇ ਜਿੱਥੇ ਅਜੀਬੋ ਗਰੀਬ ਵਿਚਾਰ ਅਤੇ ਰੀਤੀ ਰਿਵਾਜ਼ ਪੈਦਾ ਹੁੰਦੇ ਹਨ। ਪਹਿਲੇ ਵਾਲੇ ਰਾਸ਼ਟਰਵਾਦੀਆਂ ਨੇ ਇਸ ਬਿੰਬ ਦੀ ਸਚਾਈ ਨੂੰ ਚੁਣੌਤੀ ਦਿੱਤੀ ਸੀ ਪ੍ਰੰਤੂ ਅੱਜ ਦਾ ਹਿੰਦੂ ਰਾਸ਼ਟਰਵਾਦੀ ਇਸ ਬਿੰਬ ਨੂੰ ਸੱਚ ਸਾਬਤ ਕਰਨ ਉਪਰ ਉਤਾਰੂ ਹੈ।

ਭਾਰਤ ਵਿਚ ਅੱਜ ਧਰਮ ਨਿਰਪੇਖਤਾ ਵਿਰੋਧੀ ਕੱਟੜਪੰਥੀ ਸਫਲ ਹੋਏ ਹਨ। ਪਰ ਉਨ੍ਹਾਂ ਦੀ ਤਾਕਤ ਦੀ ਵੀ ਇਕ ਸੀਮਾ ਹੈ। ਸੀਮਾ ਦਾ ਕਾਰਣ ਸਿਰਫ ਇਹ ਨਹੀਂ ਕਿ ਵਧੇਰੇ ਭਾਰਤੀ (ਬਿਨਾਂ ਉਪਰਲੀ ਲੀਡਰਸ਼ਿਪ ਦੇ) ਇਨ੍ਹਾਂ ਵਿਚਾਰਾਂ ਦਾ ਅੱਜ ਵੀ ਵਿਰੋਧ ਕਰਦੇ ਹਨ ਸਗੋਂ ਇਸਦਾ ਕਾਰਣ ਇਹ ਵੀ ਹੈ ਕਿ ਉਨ੍ਹਾਂ ਦੀ ਨਿਰਭਰਤਾ ਧਰਮ ਆਧਾਰਿਤ ਵੰਡੀਆਂ ਉਪਰ ਹੈ ਜਦ ਕਿ ਦੂਸਰੀਆਂ ਵੰਡੀਆਂ ਤੇ ਪਰੰਪਰਾਵਾਂ ਦਾ ਜ਼ੋਰ ਉਨ੍ਹਾਂ ਦੇ ਖਿਲਾਫ ਹੈ।

ਪਹਿਲੇ ਤਾਂ ਹਿੰਦੂ ਧਰਮ ਦੇ ਸਰੂਪ ਵਿਚ ਸੂਬਾਈ ਭਿੰਨਤਾਵਾਂ ਹਨ। ਇਸ ਸਰੂਪ ਵਿਚੋ ਕਿਸਨੂੰ ਪਵਿੱਤਰ ਮੰਨਿਆ ਜਾਵੇ ਤੇ ਕਿਸ ਨੂੰ ਨਹੀਂ ਇਸ ਬਾਰੇ ਇਕ ਰਾਇ ਨਹੀਂ। (ਜਿਵੇਂ ਰਾਮ ਜਨਮਭੂਮੀ ਦੀ ਰਾਜਨੀਤੀ ਦਾ ਮੁਲਾਂਕਣ ਕਰਦੇ ਸਮੇਂ ਇਹ ਯਾਦ ਰੱਖਣਯੋਗ ਗੱਲ ਹੈ ਕਿ 'ਮੇਘਨਾਦਵਧਕਾਵਿ' ਜਿਸ ਦੀ ਰਚਨਾ ਉਨੀਵੀਂ ਸਦੀ ਦੇ ਸਭ ਤੋਂ ਵਧ ਲੋਕ ਪ੍ਰਿਯ ਬੰਗਲਾ ਮਹਾਂਕਾਵਿਆਂ ਵਿਚੋਂ ਇਕ ਹੈ, ਵਿਚ ਰਾਮ ਨੂੰ ਕਾਇਰ ਦੇ ਰੂਪ ਵਿਚ ਅਤੇ ਉਸਦੇ ਸ਼ਤਰੂ ਇੰਦਰਜੀਤ ਨੂੰ ਮਹਾਂਬਲੀ ਨਾਇਕ ਦੇ ਰੂਪ ਵਿਚ ਚਿਤ੍ਰਿਆ ਗਿਆ ਹੈ। ਦੂਸਰੇ, ਭਾਰਤੀ ਇਤਿਹਾਸ ਦੀ ਵਿਆਖਿਆ ਵਿਚ ਸਮਾਜਿਕ ਤੇ ਸੂਬਾਈ ਵਿਵਧਿਤਾ ਹੈ ਅਤੇ ਨਾਲ ਹੀ ਕੱਟੜਪੰਥੀ ਰਾਜਨੀਤੀਵਾਨਾਂ ਵੱਲੋਂ ਇਸਨੂੰ ਜਾਣਬੁਝ ਕੇ ਵਿਗਾੜੇ ਜਾਣ ਦਾ ਵਿਰੋਧ ਵੀ ਹੈ। ਤੀਸਰੇ ਭਾਰਤ ਦੀ ਤਰਕਵਾਦੀ ਪਰੰਪਰਾ ਦੀ ਆਪਣੀ ਇਕ ਸ਼ਕਤੀ ਹੈ ਜਿਸਨੂੰ ਹਿੰਸਕ ਧਾਰਮਿਕਤਾ ਅਸਾਨੀ ਨਾਲ ਖਾਰਿਜ ਨਹੀਂ ਕਰ ਸਕਦੀ। ਚੌਥੇ ਨਿਚਲੀਆਂ ਜਾਤੀਆਂ ਦੀਆਂ ਮੰਗਾਂ ਦੇ ਰਹਿੰਦਿਆਂ ਅਜਿਹੀ ਰਾਜਨੀਤਿਕ ਏਕਤਾ ਪੈਦਾ ਹੁੰਦੀ ਹੈ ਜਿਹੜੀ ਹਿੰਦੂ ਰਾਜਨੀਤਕ ਨੇਤਾਵਾਂ ਦੀਆਂ ਇਛਾਵਾਂ ਦੇ ਵਿਰੁੱਧ ਹੈ।

ਪ੍ਰੰਤੂ ਹਿੰਦੂ ਰਾਜਨੀਤੀ ਦੇ ਸਭ ਤੋਂ ਵੱਡੀ ਕਮਜ਼ੋਰੀ ਉਸਦੀ ਵਿਭਿੰਨ ਪੱਧਰਾਂ ਤੇ ਅਗਿਆਨਤਾ ਉਪਰ ਨਿਰਭਰਤਾ ਹੈ। ਸਹਿਜ ਵਿਸ਼ਵਾਸ ਦਾ ਫਾਇਦਾ ਉਠਾ ਕੇ ਹਮਲਾਵਰ ਪੁਰਾਤਨਪੰਥ ਫੈਲਾਉਣ ਤੋਂ ਲੈ ਕੇ ਭਾਰਤ ਦੇ ਅਤੀਤ ਦਾ ਗਲਤ ਬਿੰਬ ਪੇਸ਼ ਕਰਕੇ ਫਿਰਕਾਪ੍ਰਸਤ ਰਾਸ਼ਟਰਵਾਦ ਅਤੇ ਸੰਪ੍ਰਦਾਇਕ ਫਾਸ਼ੀਵਾਦ ਫੈਲਾਉਣ ਤਕ ਇਸ ਅਗਿਆਨਤਾ ਉਪਰ ਨਿਰਭਰਤਾ ਦਿਖਾਈ ਦਿੰਦੀ ਹੈ। ਸੰਪ੍ਰਦਾਇਕ ਜ਼ੰਜੀਰ ਦੀ ਸਭ ਤੋਂ ਕਮਜ਼ੋਰ ਕੜੀ ਸਰਲ ਅਤੇ ਜਟਿਲ ਅਗਿਆਨ ਉਪਰ ਮੁਢਲੀ ਟੇਕ ਹੈ। ਇਥੋਂ ਹੀ ਸੰਘਰਸ਼ ਸ਼ੁਰੂ ਕਰਨ ਦਾ ਸਮਾਂ ਆ ਚੁੱਕਾ ਹੈ। ◆

*(ਅਨੁਵਾਦ : ਡਾ. ਕਰਮਜੀਤ ਸਿੰਘ)*

**ਕੇਸਰ ਸਿੰਘ 'ਨੀਰ'**

(1)

ਮੈਨੂੰ ਮੇਰੇ ਸੁਪਨੇ ਪਿਆਰੇ ਬੜੇ ਨੇ।
ਇਹ ਸੁਪਨੇ ਵੀ ਮੇਰੇ ਸਹਾਰੇ ਬੜੇ ਨੇ।

ਮੈਂ ਜੀਵਨ ਦੇ ਸੁਪਨੇ ਸ਼ਿੰਗਾਰੇ ਬੜੇ ਨੇ।
ਇਹ ਸੁਪਨੇ ਵੀ ਥਾਂ-ਥਾਂ 'ਤੇ ਹਾਰੇ ਬੜੇ ਨੇ।

ਕਿਉਂ ਸੁਪਨੇ ਨੇ ਸੁੰਦਰ ਤੂੰ ਪੁੱਛਦਾ ਏਂ ਮੈਥੋਂ?
ਇਹ ਸੋਚਾਂ ਦੀ ਸਿੱਪੀ ਨਿਖਾਰੇ ਬੜ ਨੇ।

ਮਿਲੇ ਨਹੀਉਂ ਐਵੇਂ ਇਹ ਸੁਪਨੇ ਦੇ ਮੋਤੀ,
ਮੈਂ ਰੀਝਾਂ ਦੇ ਹੀਰੇ ਵੀ ਹਾਰੇ ਬੜੇ ਨੇ।

ਇਹ ਸੰਸਾਰ ਸੁੰਦਰ ਬਨਾਵਨ ਦੀ ਖ਼ਾਤਰ,
ਕਿ ਸੁਪਨੇ ਨੇ ਪੈਂਡੇ ਵੀ ਮਾਰੇ ਬੜੇ ਨੇ।

(2)

ਰਾਤ ਦੇ ਨੈਣਾਂ 'ਚ ਦੋਵੇਂ ਨੈਣ ਪਾ ਕੇ।
ਜਾਗਦਾ ਹਾਂ, ਸੋਚ ਦਾ ਦੀਵਾ ਜਗਾ ਕੇ।

ਨੂੰਰ ਦਾ ਵੀ ਆਪਨਾ ਹੀ ਹੁਸਨ ਹੁੰਦੈ,
ਲੁੱਟ ਲੈਂਦਾ ਹੈ ਦਿਲਾਂ ਨੂੰ ਜੋ ਲੁਭਾ ਕੇ।

ਨੂਰ ਬਾਝੋਂ ਚਾਨਣਾਂ ਦਾ ਮੁੱਲ ਕੀ ਏ,
ਰਾਤ ਆਵੇ ਚੰਦ ਦਾ ਟਿੱਕਾ ਸਜਾ ਕੇ।

ਘਾਲ ਘਾਲੀ ਜਾਗ ਜੇਹਨਾਂ ਰਾਤ ਵੇਲੇ,
ਦੱਸਿਆ ਸੰਸਾਰ ਦਾ ਨਕਸ਼ਾ ਵਟਾ ਕੇ।

ਰਾਤ ਦੀ ਮੀਢੀ 'ਚ ਗੁੰਦੇ ਤਾਰਿਆਂ ਨੇ,
ਰਾਤ ਨੂੰ ਰਾਣੀ ਬਣਾਇਆ ਹੈ ਸਜਾ ਕੇ।

**(31 Whiteram Close NE
Calgary, AB. Canada Tiy- 5x8)**

**ਗ਼ਜ਼ਲ/ਗੁਰਨਾਮ ਢਿੱਲੋਂ**

ਸ਼ਹਿਰ ਤੇਰੇ ਵਿਚ ਆ ਕੇ ਵੀ
ਰੁੱਤ ਸ਼ਹਿਰ ਤੇਰੇ ਵਿਚ ਆਏ ਨਾ

ਗਲੀਆਂ ਦਾ ਹੁਸਨ ਨਿਖਾਰੇ ਨਾ
ਸੜਕਾਂ ਤੇ ਮਹਿਕ ਖਿੰਡਾਏ ਨਾ

ਜੋ ਪਾਏ ਬਾਤ ਹਨੇਰੇ ਦੀ
ਉਹ ਤਾਰਾ ਚੜ੍ਹਦਾ ਅੰਬਰ ਤੇ
ਜੋ ਸ਼ਾਹਦੀ ਭਰੇ ਸਵੇਰੇ ਦੀ
ਉਸ ਬਾਤ ਨੂੰ ਕੋਈ ਪਾਏ ਨਾ।

ਨਿਰੇ ਹਵਸ, ਹੁੰਮਕਦੇ ਗੀਤਾਂ ਦਾ
ਹੈ ਸ਼ੋਰ-ਸ਼ਰਾਬਾ ਹਰ ਮੰਡੀ



ਜੋ ਅਸਲ ਮੁਹੱਬਤ ਦਾ ਹਾਣੀ
ਉਸ ਗੀਤ ਨੂੰ ਅੱਜ ਕੋਈ ਗਾਏ ਨਾ

ਕੀ ਸ਼ਹਿਰ ਤੇਰੇ ਦੇ ਸ਼ਾਇਰ ਜੋ
ਪਏ ਹਰਫ਼ ਹੰਵਾ ਵਿਚ ਲਿਖਦੇ ਨੇ
ਜੋ ਹਰਫ਼ ਮਿਸ਼ਾਲਾਂ ਬਣ ਜਾਵਣ
ਉਹ ਹਰਫ਼ ਦਿਲਾਂ ਤੇ ਪਾਏ ਨਾ

ਲਾਲਚ ਦੇ ਸਭ ਨੂੰ ਖੰਭ ਲੱਗੇ
ਤੇ ਲੱਗੀ ਬੁਰਦ ਅਮੀਰੀ ਦੀ
ਜੋ ਮਨ ਦਾ ਸਹਿਜ ਬਖਸ਼ਦਾ ਏ
ਉਹ ਤਰਕ ਕਿਸੇ ਨੂੰ ਭਾਏ ਨਾ।

## ਤਿੰਨ ਨਜ਼ਮਾਂ/ਉਂਕਾਰਪ੍ਰੀਤ

### 1. ਬਾਈਬਲ, ਡਾਰਵਿਨ ਤੇ ਕਵਿਤਾ

ਕਿਸੇ ਦਿਨ.............
ਮੈਂ ਚਾਹਵਾ
ਲਿਖੀ ਜਾਵੇ ਅੱਜ ਚਿੱਟੀ ਕਵਿਤਾ
ਤੇ ਚਿੱਟੀ ਕਵਿਤਾ ਲਿਖ ਹੋ ਜਾਵੇ।
ਮੈਂ ਚਾਹਵਾਂ
ਤਿੰਰਗੀ,
ਲਾਲ,
ਕੇਸਰੀ,
ਜਾਂ ਫਿਰ ਕਵਿਤਾ ਕਾਲੀ,
ਤੇ ਕਵਿਤਾ ਲਿਖ ਹੋ ਜਾਂਦੀ।
ਉਵੇਂ ਜਿਵੇਂ ਰੱਬ ਨੇ ਕਿਹਾ
"ਉਜਾਲਾ ਹੋ ਜਾਵੇ"[1]
ਉਹ ਹੋ ਗਿਆ!!!

ਕਿਸੇ ਦਿਨ........
ਰਾਹ ਜਾਂਦੇ
ਤੁਰਦੇ ਫਿਰਦੇ
ਉਠਦੇ ਬਹਿੰਦੇ
ਸੌਂਦੇ ਜਾਗਦੇ
ਨੀਲਾਣ 'ਚ ਤੁਰਦੀ ਘਟਾ ਚੋਂ,
ਚੰਨ ਚਿਹਰੀ ਧੁੱਪ ਤੇ ਖਿੜਾ ਚੋਂ,
ਵਗਦੀ ਸੜਕ ਕਿਨਾਰੇ ਜੰਮੇ
ਘਾਹ ਦੀ ਲਹਿਲਹਾ ਚੋਂ,
ਆਵਾਜ਼ਾਂ ਵਿਚਲੇ ਚੁਪਚੁਪਾ ਚੋਂ,
ਡਕਾਡਕ ਵਿਚਲੇ ਖਲਾਅ ਚੋਂ,
ਅਕਾਵਿਕ ਵਿਚਲੀ ਕਾਵਿਕਤਾ ਚੋਂ
ਰੰਗਸ਼ਾਲਾ ਦੀ ਬੇਰੰਗਤਾ ਚੋਂ
ਕੋਈ ਰੰਗ
ਸਤੋਸਿਧ ਧੁਰ ਲਹਿ ਜਾਵੇ।
ਅਚੇਤ, ਸੁਚੇਤ, ਚੇਤਨਾ ਵਸਿਆ
ਕਵਿੱਖਲੀ ਕਵਿਤਾ ਦਾ ਬਣ ਅਮੀਬਾ'

ਸੈਂਆਂ ਪਲ, ਦਿਨ, ਮਾਹ ਬਿਤਾਵੇ।

ਫਿਰ ਇਵੇਂ ਕੋਈ
ਦੂਜਾ, ਤੀਜਾ, ਚੌਥਾ ਰੰਗ
ਇਸ ਪਹਿਲੇ ਰੰਗ ਦੇ ਅੰਗ ਸੰਗ
ਨਵ ਤੇ ਨਵਰੰਗ ਰੂਪ ਵਟਾਵੇ।
ਅਚੇਤ, ਸੁਚੇਤ ਚੇਤਨਾ ਵਸਦੇ
ਕੁਝ ਰੰਗ ਮਿਟਦੇ,
ਕੁਝ ਰੰਗ ਖੁਰਦੇ,
ਕੁਝ ਰੰਗ ਰਚਮਿਚ ਹੋਰ ਨਿਖਰਦੇ।
ਸੁਤੇ ਸਿਧ ਫਿਰ ਅਚਾਨਕ,
ਇਹ ਰੰਗ
ਕਾਵਿ ਕੈਨਵਸ
ਲਗਦੇ ਚਿਤਰਨ।
ਕੁਝ ਰੰਗ ਬਣ ਜਾਂਦੇ ਪਿੱਠਭੂਮੀ
ਕੁਝ ਮੁੱਖ ਭੂਮੀ,
ਉਭਰਨ ਲਗਦੇ ਕਾਵਿ ਆਕਾਰ।
ਕਵਿਤਾ ਇਕੇ ਹੁੰਦੀ ਸਾਕਾਰ।

1. ਬਾਈਬਲ ਅਨੁਸਾਰ ਉਤਪਤੀ ਦੇ ਸੱਤ ਦਿਨਾਂ ਦਾ ਪਹਿਲਾਂ ਦਿਨ
2. ਡਾਰਵਿਨ ਦੀ ਉਤਪਤੀ ਵਿਚਾਰਧਾਰਾ ਅਨੁਸਾਰ ਸ੍ਰਿਸ਼ਟੀ ਦਾ ਪਹਿਲਾ ਇੱਕ ਸੈਲ ਵਾਲਾ ਜੀਵ

## 2. ਘਾਹ, ਸਨੋਅ ਤੇ ਲੇਖਕ

ਲਹਿਲਹਾਉਂਦਾ ਘਾਹ
ਸਨੋਅ ਹੇਠ ਦਬ ਜਾਂਦਾ ਹੈ ਜਦੋਂ
ਤਦੋਂ........

ਕੁਝ ਲੇਖਕਾਂ ਦੀਂ ਲੇਖਣੀ ਚੋਂ
...ਗਾਇਬ ਲਹਿਲਹਾਟ,
ਪਹਿਲਾਂ ਵਾਂਗ ਹੀ ਲਹਿਲਹਾਵੇ।
...ਗਾਇਬ ਠੰਢਕ,
ਸਦਾ ਵਾਂਗ ਠੰਢ ਵਰਤਾਵੇ॥

ਕੁਝ ਲੇਖਕਾਂ ਦੀ ਲੇਖਣੀ
..ਘਾਹ ਲਈ,
"ਕਾਗਜ਼ੀ ਧੁੱਪ" ਦੇ ਅਨੁਵਾਨ ਹੇਠ।
"ਠੰਢਾ ਆਸ਼ਾਵਾਦ" ਸਿਰਜਦੀ ॥

ਕੁਝ ਲੇਖਕਾਂ ਦੀ ਲੇਖਣੀ
. "ਇਨਕਲਾਬੀ ਚੇਤਨਾ" ਨੂੰ ਸਿਰ ਨਿਵਾਈ
ਘਾਹ ਨੂੰ ਸਨੋਅ ਅੱਗੇ,
ਸਿਰ ਚੁੱਕਣ ਲਈ।
"ਸਿਰ ਹੀਣ ਆਵਾਜ਼ਾਂ" ਮਾਰਦੀ॥

ਲਹਿਲਹਾਉਂਦਾ ਘਾਹ
ਸਨੋਅ ਹੇਠ ਦਬ ਜਾਂਦਾ ਹੈ ਜਦੋਂ
ਤਦੋਂ.............. ..
ਕੁਝ ਲੇਖਕ
ਖੁਦ ਘਾਹ ਦੇ ਬਣਦੇ,



ਸਨੋਅ ਦੀ ਚਿੱਟੀ ਰਾਤ ਜਰਦੇ।
ਬਰਫੀਲੀ ਠੰਢ 'ਚ ਬਰਫ ਕੇ,
ਚੇਤਨਾ ਦੀ ਲੋਅ ਨੂੰ, ਸੂਰਜ ਕਰਦੇ।
ਧੁੱਪ ਸਿਰਜਦੇ॥

## 3. ਪਤਾ..........

ਜਿਸ ਪਤੇ ਲਈ
ਹੁੰਦਾ ਰਿਹਾ
ਬਹਿਰਾਂ ਪਿੱਛੇ ਬੇਬਹਿਰ,
ਵਜ਼ਨਾਂ ਅੱਗੇ ਬੇਵਜ਼ਨ।
ਜਿਸ ਪਤੇ ਲਈ
ਕਾਫੀਏ ਰਦੀਫ ਦੀਆਂ
ਤੰਗੀਆਂ ਤੁਰਸ਼ੀਆਂ ਝੇਲੀਆਂ,
ਹੰਘਾਲੇ ਕਈ ਅਰੂਜ਼ ਲੁਗਾਤ।
ਜਿਸ ਪਤੇ ਲਈ
ਨਾਕਾਮ, ਬੇਆਸ, ਉਦਾਸ
ਜਦ............
ਹੋਣ ਲੱਗਾ ਘਰੋਂ ਵਿਦਾ,
ਮਾਂ ਦੇ ਡੁਬਡੁਬਾਏ ਨੈਣ
ਤਦ... .........
ਦੱਸ ਗਏ ਉਹ ਪਤਾ........॥
(ਟਰਾਂਟੋ, ਕੈਨੇਡਾ)

### 1. ਗ਼ਜ਼ਲ/ਕੁਲਵਿੰਦਰ ਖਹਿਰਾ

ਆਪਣੀ ਜ਼ਮੀਰ ਤਾਈਂ ਏਦਾਂ ਉਹ ਮਾਰ ਚੁੱਕੇ
ਕਿ ਧਰਤ ਵੀ ਨਾ ਹੁਣ ਤਾਂ ਲੱਜਾ ਦਾ ਭਾਰ ਚੁੱਕੇ

ਇਸ ਸ਼ਹਿਰ ਦੇ ਬਸ਼ਿੰਦੇ ਦੋਸ਼ੀ ਤਮਾਮ ਠਹਿਰੇ
ਕਿਹੜਾ ਉਠਾਏ ਪਰਦੇ, ਕਿਹੜਾ ਕਟਾਰ ਚੁੱਕੇ

ਹੁਣ ਕੀ ਭਲਾ ਬਣੇਗਾ ਇੰਜ ਕੋਲ ਕੋਲ ਹੋ ਕੇ
ਜਦ ਹੈ ਦਿਲਾਂ 'ਚ ਦੂਰੀ, ਜਦ ਏਤਬਾਰ ਚੁੱਕੇ

ਸਾਡਾ ਵੀ ਵੇਖ ਜੇਰਾ, ਹੁਣ ਵੀ ਉਡੀਕ ਤੇਰੀ
ਤੈਨੂੰ ਤਾਂ ਖੈਰ ਭੁੱਲ ਹੀ ਵਾਅਦੇ ਕਰਾਰ ਚੁੱਕੇ

ਫਿਰ ਚੈਨ ਕੀ ਨਸੀਬੀਂ, ਫਿਰ ਸੁਖ ਦੀ ਆਸ ਕਿੱਥੇ
ਜਦ ਭਟਕਣਾ ਦੇ ਘੋੜੇ, ਦਿਲ ਹੋ ਸਵਾਰ ਚੁੱਕੇ

2.
ਆਉਣਾ ਹੀ ਇਸ ਕਦੀ, ਸ਼ਾਮ ਦੀ ਦਹਿਲੀਜ਼ ਤੇ।
ਆ ਗਈ ਹੈ ਜ਼ਿੰਦਗੀ, ਸ਼ਾਮ ਦੀ ਦਹਿਲੀਜ਼ ਤੇ।

ਰਾਤ ਵੀ ਮਨਜ਼ੂਰ ਹੈ, ਤਾਰਿਆਂ ਦੀ ਆਸ ਤੇ,
ਵੇਖ ਮੇਰੀ ਬੇਵਸੀ, ਸ਼ਾਮ ਦੀ ਦਹਿਲੀਜ਼ ਤੇ।

ਕੌਣ ਹੈ ਜੋ ਤੁਰ ਗਿਐ, ਇਸ ਤਰ੍ਹਾਂ ਧਰ ਦੋਸਤੋ,
ਰੌਸ਼ਨੀ ਮੱਧਮ ਜਿਹੀ, ਸ਼ਾਮ ਦੀ ਦਹਿਲੀਜ਼ ਤੇ।

ਜਿਸਨੂੰ ਠੰਡਾਂ ਤੋੜੀਆਂ, ਜਿਸ ਖਿੰਡਾਈ ਰੌਸ਼ਨੀ,
ਵੇਖ ਹਾਲਤ ਓਸ ਦੀ, ਸ਼ਾਮ ਦੀ ਦਹਿਲੀਜ਼ ਤੇ।

ਡੁਬ ਰਹੇ ਸੂਰਜ ਦੀ ਜਾਂ, ਸੀਤ ਹੁੰਦੇ ਜਿਸਮ ਦੀ,
ਪੀੜ ਹੈ ਇਕ ਪਲਮਦੀ, ਸ਼ਾਮ ਦੀ ਦਹਿਲੀਜ਼ ਤੇ।

ਸੀ ਸਵੇਰਾ ਜਿਸ ਲਈ, ਜਿਸ ਲਈ ਮੇਰੀ ਦੁਪਹਿਰ,
ਉਹ ਮਿਲੀ ਹੀ ਤਾਂ ਮਿਲੀ, ਸ਼ਾਮ ਦੀ ਦਹਿਲੀਜ਼ ਤੇ।

ਲੈ ਸਵੇਰੇ ਜੋ ਤੁਰੀ, ਤਾਂਘਦੀ ਉਸ ਤਾਂਘ ਨੂੰ,
ਆ ਗਈ ਹੈ ਇਹ ਸਦੀ, ਸ਼ਾਮ ਦੀ ਦਹਿਲੀਜ਼ ਤੇ।

ਕਿਉਂ ਖਰੇ ਕਮਲਾ ਗਿਆ ਇਸ ਤਰ੍ਹਾਂ ਮਾਲੀ ਦਾ ਦਿਲ,
ਵੇਖ ਕੇ ਨੰਨੀ ਕਲੀ, ਸ਼ਾਮ ਦੀ ਦਹਿਲੀਜ਼ ਤੇ।

ਭਰਨ ਦੇ ਕੁਝ ਤਾਜ਼ਗੀ ਨੰਗਿਆਂ ਪੈਰਾਂ 'ਚ ਹੁਣ,
ਨਾ ਵਿਖਾ ਤੂੰ ਰੌਸ਼ਨੀ ਸ਼ਾਮ ਦੀ ਦਹਿਲੀਜ਼ ਤੇ।

60, Abelard Ave, Brampton ONT
L6y2K8, Canada

## ਗ਼ਜ਼ਲ/ਨਦੀਮ ਪਰਮਾਰ

ਝੁਰੜੀਆਂ ਭਰਿਆ ਮੂੰਹ, ਸਫਾ ਇਤਿਹਾਸ ਦਾ।
ਉਮਰ ਦੀ ਅੰਬਰ ਬੇਲ ਤੇ ਜਾਂ ਫੁੱਲ ਆਸ ਦਾ?

ਆਥਣ ਰੰਗੇ ਰੰਗ 'ਚ ਰੰਗੀ ਹਰ ਤਰੰਗ
ਸਾਗਰ ਪਿੰਡੇ ਪਾਣ ਭਰਮ, ਭਉ ਲਾਸ ਦਾ।

ਮਿੱਟੀ, ਪਾਣੀ, ਪੌਣ, ਨੇ ਹਰ ਥਾਂ ਇਕ ਜਿਹੇ
ਫਿਰ ਕੇਹਾ ਸੰਤਾਪ ਯਾਰ ਪਰਵਾਸ ਦਾ।

ਰੁੱਤਾਂ, ਖੁੱਲ੍ਹਾ ਅਰਸ਼, ਤੇ ਪਹਿਨਣ, ਪੀਣ ਖਾਣ,
ਕੱਚੇ ਪੱਕੇ ਗੋਠ ਤੇ ਰੈਣ-ਨਿਵਾਸ ਦਾ।

ਇਕ ਆ ਕਰਦੇ ਯੁੱਧ, ਦੂਏ ਦੀਪਾਵਲੀ
ਵੱਖਰਾ ਵੱਖਰਾ ਭੋਗ ਹੈ ਹਰ ਬਣਬਾਸ ਦਾ।

ਬਾਪੂ ਬੁੱਤ-ਤਰਾਸ਼ ਤੇ ਬੇਟਾ ਬੁੱਤ-ਸ਼ਿਕਨ
ਬਾਪੂ ਪੀਰ ਵਿਕਾਸ ਤੇ ਪੁੱਤ ਵਿਨਾਸ ਦਾ।

ਨਾਂ ਦਾ ਸਾਧੂ ਸੰਤ ਚਲਨ ਹੈ ਚੋਰ ਦਾ
ਕਰਮੋਂ ਮਾਯਾ ਦਾਸ ਤੇ ਭੇਖ ਹੈ ਦਾਸ ਦਾ।

ਸੋਚੀਂ ਸੁੰਨ-ਮਸਾਨ ਨਾ ਬੁੱਲ੍ਹੀ ਵਾਕ ਬੋਲ
ਇਹ ਵੀ ਹੈ ਇਕ ਢੰਗ ਮੰਨ ਪਰਯਾਸ ਦਾ।

ਜੀਵ ਜੰਤ, ਫੁੱਲ ਪਾਤ, ਸ੍ਰਿਸ਼ਟੀ, ਐ ਨਦੀਮ
ਕਰਖਾਨਾ ਕੁਦਰਤ ਦੇ ਭੋਗਬਿਲਾਸ ਦਾ।

5515 whoods worth street
Burnaly, B.C. Canada.



## ਨਵੇਂ ਕਾਵਿ-ਹਸਤਾਖ਼ਰ

ਡਾ. ਸੁਖਵਿੰਦਰ ਸਿੰਘ ਰੰਧਾਵਾ

### ਜੁਝਾਰ-ਚੇਤਨਾ ਤੇ ਪਰਵਾਸੀ ਚੇਤਨਾ ਦੀ ਸੰਯੁਕਤੀ ਦੀ ਕਵਿਤਾ; ਧੁੱਪ 'ਚ ਜਗਦਾ ਦੀਵਾ

ਕਾਵਿਕਾਰੀ ਸਹਿਜ ਨਹੀਂ, ਸੁਚੇਤ ਘਾੜਤ ਹੈ। ਸਹਿਜ ਪ੍ਰਕਾਸ਼ ਨੂੰ ਸੁਚੇਤ ਘਾੜਤ ਵਿਚ ਰੂਪਾਂਤਰਿਤ ਕਰਨਾ ਹੀ ਉਚ ਸਿਰਜਨਾ ਦਾ ਧਰਮ ਹੈ। ਇਸ ਧਰਮ ਤੋਂ ਉਰੇ ਪਰੇ ਵਿਚਰਦੀਆਂ ਰਚਨਾਵਾਂ ਕਿਰਤ ਨੂੰ ਸਾਂਸਕ੍ਰਿਤਕ-ਰੂਪ-ਸਿਰਜਨ ਦੀ ਹੈਸੀਅਤ ਵਿਚ ਪਛਾਣਨ ਤੋਂ ਅਸਮਰੱਥ ਰਹਿੰਦੀਆਂ ਹਨ। ਸਹਿਜ-ਪ੍ਰਕਾਸ਼ ਸਾਂਸਕ੍ਰਿਤਕ-ਰੂਪ-ਸਿਰਜਨ ਨਹੀਂ; ਬੇਸ਼ਕ ਇਸ ਵਿਚ ਸਾਂਸਕ੍ਰਿਤ-ਰੂਪ-ਸਿਰਜਨ ਦੀਆਂ ਆਦਿ-ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ। ਕਾਵਿ ਕਿਰਤ ਨੂੰ ਸਾਂਸਕ੍ਰਿਤਕ ਸਿਰਜਨ ਮੰਨਣ ਦਾ ਇਕ ਭਾਵ ਇਹ ਵੀ ਹੈ ਕਿ ਇਸ ਵਿਚ ਯਥਾਰਥ ਆਪਣੀ ਬਹੁਵਿਧਤਾ ਤੇ ਬਹੁਪਰਤਤਾ ਸਹਿਤ ਪੇਸ਼ ਹੋਇਆ ਹੁੰਦਾ ਹੈ ਅਤੇ ਇਉਂ, ਅਨੁਭਵ ਦੀ ਵੰਨ-ਸੁਵੰਨਤਾ ਤੇ ਗ੍ਰਹਿਣਯੋਗਤਾ ਰਚਨਾ ਦਾ ਇਕ ਵਿਸ਼ੇਸ਼ ਲੱਛਣ ਬਣ ਜਾਂਦੀ ਹੈ। ਨਵੀਂ ਕਵਿਤਾ ਦੀ ਇਕ ਸਮੱਸਿਆ ਇਹ ਹੈ ਕਿ ਕਵੀ ਜਟਿਲ ਯਥਾਰਥ ਨਾਲ ਬਹੁਦਿਸ਼ਾਵੀ ਅਰਥਪੂਰਨ ਸੰਵਾਦ ਰਚਾਉਣ ਦੀ ਤੀਬਰ ਚੇਸ਼ਠਾ ਤਾਂ ਰੱਖਦਾ ਹੈ ਪਰ ਵਿਚਾਰਧਾਰਕ ਧੁੰਦਲਕਾ ਤੇ ਅਸਪੱਸ਼ਟਤਾ ਹੋਣ ਕਾਰਨ ਕਈ ਵਾਰ ਇਹ ਸੰਵਾਦ ਦਿਸ਼ਾਹੀਨਤਾ ਦਾ ਅਭਾਸ ਕਰਵਾਉਂਦਾ ਹੋਇਆ ਗ਼ੈਰ ਜ਼ਰੂਰੀ ਅਮੂਰਤੀਕਰਨ ਤੇ ਪ੍ਰਤੀਕੀਕਰਨ ਦਾ ਸ਼ਿਕਾਰ ਹੋ ਜਾਂਦਾ ਹੈ। ਪਾਠਕ ਟੈਕਸਟ ਦੇ ਆਧਾਰ ਤੇ ਕੋਈ ਸਾਰਥਕ ਪਾਠ ਉਸਾਰਨਾ ਚਾਹੁੰਦਾ ਹੈ ਪਰ ਕਿਰਤ ਰਚਨਾ ਦੇ ਅੰਤਰੀਵ ਤੱਕ ਪਹੁੰਚਣ ਦਾ ਕੋਈ ਰਾਹ ਹੀ ਨਹੀਂ ਦਿੰਦੀ। ਇਸ ਪ੍ਰਿਸ਼ਠ ਭੂਮੀ ਵਿਚ, ਇਹ ਸੰਤੁਸ਼ਟੀ ਦੀ ਗੱਲ ਹੈ ਕਿ ਇੰਗਲੈਂਡ ਨਿਵਾਸੀ ਦਰਸ਼ਨ ਬੁਲੰਦਵੀ ਦੀ ਨਵ ਪ੍ਰਕਾਸ਼ਿਤ ਕਾਵਿ ਪੁਸਤਕ 'ਧੁੱਪ 'ਚ ਜਗਦਾ ਦੀਵਾ' ਕਾਵਿਕਾਰੀ ਦੇ ਪ੍ਰਸੰਗ ਵਿਚ ਅਰਥ ਸੰਚਾਰ ਦੀ ਸਮੱਸਿਆ ਨੂੰ ਹੀ ਨਹੀਂ ਸੁਲਝਾਉਂਦੀ ਸਗੋਂ ਅਨੁਭਵਗਤ ਵੰਨ-ਸੁਵੰਨਤਾ ਤੇ ਸਭਿਆਚਾਰਕ ਜਟਿਲਤਾ ਨੂੰ ਬਹੁ-ਦਿਸ਼ਾਵੀ ਸੰਵਾਦ-ਬਿੰਬ ਵਿਚ ਢਾਲਦੀ ਹੋਈ ਜ਼ਿੰਦਗੀ ਦੇ ਮੂਲ ਸਰੋਕਾਰਾਂ, ਅੰਤਰ-ਵਿਰੋਧਾਂ, ਤਣਾਵਾਂ ਤੇ ਦਵੰਦਾਂ ਨੂੰ ਵੀ ਦ੍ਰਿਸ਼ਟੀ ਕੇਂਦਰ ਹੇਠ ਲਿਆਉਂਦੀ ਹੈ। ਇਹ ਕਵਿਤਾ ਵਿਅਕਤੀਗਤ ਤੇ ਸਮੂਹਕ ਸਰੋਕਾਰਾਂ ਨੂੰ ਇਕ ਠੋਸ ਵਿਚਾਰਧਰਾਈ ਧਰਾਤਲ ਪ੍ਰਦਾਨ ਕਰਦੀ ਹੋਈ ਉਨ੍ਹਾਂ ਦੇ ਮੂਲਾਂ ਵਿਚ ਲਹਿ ਕੇ ਮਾਨਵੀ ਅਰਥਾਂ ਦੀ ਤਲਾਸ਼ ਦਾ ਆਵਾਹਣ ਕਰਦੀ ਹੈ ਜਿਸ ਕਾਰਨ ਰੂੜ੍ਹ ਹੋ ਚੁੱਕੇ ਸੰਕਲਪਨਾਤਕ ਯਥਾਰਥ-ਵੇਰਵੇ ਨਵੇਂ ਸੰਦਰਭਾਂ ਤੇ ਪ੍ਰਸੰਗਾਂ ਵਿਚੋਂ ਆਪਣਾ ਅਰਥ-ਵਿਵੇਕ ਭਾਲਦੇ ਹਨ। ਇਸ ਤੋਂ ਪਹਿਲਾਂ ਬੁਲੰਦਵੀ 'ਲਕੀਰ ਵਾਹੁੰਦੀ ਪੀੜ' (1973), 'ਪਾਰ ਦੇ ਸਫਰ' (1985), 'ਸਮੁੰਦਰ ਨਾਲ ਗੱਲਾਂ' (1990) ਕਾਵਿ ਸੰਗ੍ਰਿਹਾਂ ਰਾਹੀਂ ਪੰਜਾਬੀ ਕਾਵਿ ਜਗਤ ਵਿਚ ਆਪਣੀ ਭਰਵੀਂ ਹਾਜ਼ਰੀ ਲਗਵਾ ਚੁੱਕਾ ਹੈ।

ਦਰਸ਼ਨ ਬੁਲੰਦਵੀ ਦੀ ਕਵਿਤਾ ਇਕ ਪਾਸੇ ਜੁਝਾਰ-ਵਿਦਰੋਹੀ ਕਵਿਤਾ ਦੀ ਨਿਰੰਤਰਤਾ ਦੇ ਇਸਦੇ ਇਕ ਵਿਸ਼ੇਸ਼ ਵਿਕਾਸ--ਪੜਾਅ ਨੂੰ ਰੇਖਾਂਕਿਤ ਕਰਦੀ ਹੈ ਅਤੇ ਦੂਜੇ ਪਾਸੇ, ਇਹ ਪਰਵਾਸੀ ਚੇਤਨਾ ਨੂੰ ਪੂਰਬੀ ਤੇ ਪੱਛਮੀ ਸਭਿਆਚਾਰ ਦੀ ਵਿਹਾਰਕ ਕਾਰਜਸ਼ੀਲਤਾ ਤੇ ਇਸ ਨਾਲ ਜੁੜੀਆਂ ਠੋਸ ਜ਼ਮੀਨੀ ਹਕੀਕਤਾਂ ਦੇ ਰੂ-ਬ-ਰੂ ਪੁਨਰ ਪਰਿਭਾਸ਼ਤ ਕਰਨ ਦਾ ਕਾਰਜ ਕਰਦੀ ਹੈ। ਸਤੱਈ ਤੌਰ ਤੇ ਇਨ੍ਹਾਂ ਦੋ ਮੂਲ ਕਾਵਿ ਸਰੋਕਾਰਾਂ ਦਾ ਕੋਈ ਪਰਸਪਰ ਅੰਤਰ-ਸੰਬੰਧ ਬਣਦਾ ਨਹੀਂ ਦ੍ਰਿਸ਼ਟੀਗੋਚਰ ਹੁੰਦਾ ਸਗੋਂ ਇਉਂ ਜਾਪਦਾ ਹੈ ਜਿਵੇਂ ਇਹ ਦੋ ਅੰਤਰ-ਧਾਰਾਵਾਂ ਸਮਾਨੰਤਰ ਰੂਪ ਵਿਚ ਕਾਰਜਸ਼ੀਲ ਹੋਣ ਅਰਥਾਤ ਕੁਝ ਕਵਿਤਾਵਾਂ ਨਿਵੇਕਲੇ ਰੂਪ ਵਿਚ ਜੁਝਾਰ-ਵਿਦਰੋਹੀ ਅਨੁਭਵ ਨਾਲ ਸੰਬੰਧਿਤ ਹੋਣ ਅਤੇ ਕੁਝ ਪਰਵਾਸ ਚੇਤਨਾ ਨੂੰ ਵਸਤੂ ਰੂਪ ਵਿਚ ਪ੍ਰਤਿਬਿੰਬਤ ਕਰਨ ਵਾਲੀਆਂ ਕਿਰਤਾਂ ਹੋਣ। ਇਹ ਧਾਰਨਾ ਬਣਨ ਦਾ ਇਕ ਕਾਰਨ ਇਹ ਵੀ ਹੈ ਕਿ ਆਮ ਤੌਰ ਤੇ ਇਹ ਮਿਥ ਲਿਆ ਜਾਂਦਾ ਹੈ ਕਿ ਪਰਵਾਸ ਧਾਰਨ ਕਰਨ ਵਾਲੇ ਵਿਅਕਤੀ ਦੀਆਂ ਬੁਨਿਆਦੀ ਆਰਥਿਕ ਸਮੱਸਿਆਵਾਂ ਹੱਲ ਹੋ ਜਾਣ ਕਾਰਨ ਉਸ ਦੀ ਪਰਵਾਸ ਚੇਤਨਾ ਵਿਚੋਂ ਆਰਥਿਕਤਾ ਦਾ ਸਰੂਪ ਨਹੀਂ ਰਹਿੰਦਾ ਜੋ ਪੂਰਬੀ ਸਮਾਜ ਵਿਚ ਆਮ ਵੇਖਣ ਨੂੰ ਮਿਲਦਾ ਹੈ ਜਿਸ ਕਰਕੇ ਇਸ ਸਾਹਿਤ ਵਿਚ ਪੂਰਬੀ ਤੇ ਪੱਛਮੀ ਸਭਿਆਤਾਵਾਂ ਦਾ ਤਨਾਓ ਅਗਰ ਭੂਮਿਤ ਹੋ ਜਾਂਦਾ ਹੈ ਅਤੇ ਵਿਦਰੋਹੀ ਸੁਰ ਪਿਛੇ ਦਿੱਲੀ ਜਾਂ ਪੰਜਾਬ ਵਿਚ ਹੀ ਰਹਿ ਜਾਂਦੀ ਹੈ। ਜੇ ਕਿਤੇ ਵਿਕੋਲਿਤਰੇ ਰੂਪ ਵਿਚ ਜੁਝਾਰ-ਚੇਤਨਾ ਕਾਰਜਸ਼ੀਲ ਵਿਖਾਈ ਵੀ ਦਿੰਦੀ ਹੈ ਤਾਂ ਉਸ ਵਿਚੋਂ ਉਹ ਸਮੱਸਿਆਵੀ ਸੰਦਰਭ ਤੇ ਸਾਰ ਗ਼ੈਰ ਹਾਜ਼ਰ ਹੁੰਦਾ ਹੈ ਜੋ

ਕਾਵਿ-ਬਿੰਬ ਨੂੰ ਸੰਘਣਾ ਤੇ ਗਾੜ੍ਹਾ ਬਨਾਉਣ ਦੇ ਨਾਲ ਨਾਲ ਰਚਨਾਤਮਿਕ ਤਰਕਸਿਧੀ ਵੀ ਪ੍ਰਦਾਨ ਕਰਦਾ ਹੈ। ਬੁਲੰਦਵੀ ਦੀ ਕਵਿਤਾ ਉਕਤ ਮਿਥ ਨੂੰ ਤੋੜਦੀ ਹੈ-ਅਤੇ ਜ਼ੋਰਦਾਰ ਰੂਪ ਵਿਚ ਤੋੜਦੀ ਹੈ ਕਿਉਂਕਿ ਉਸ ਦੀ ਕਾਵਿ-ਦ੍ਰਿਸ਼ਟੀ ਠੋਸ ਸਿਧਾਂਤਕ ਆਧਾਰਾਂ 'ਤੇ ਉਸਰੀ ਹੋਣ ਕਾਰਨ ਪੂਰਬੀ ਤੇ ਪੱਛਮੀ ਸਭਿਆਚਾਰਾਂ ਦੀ ਗਰਾਮਰ ਨੂੰ ਸਾਮਾਨਯ ਰੂਪ ਵਿਚ ਪੜ੍ਹਨ ਦੀ ਥਾਂ, ਉਸ ਨੂੰ ਵਾਸਤਵਿਕ ਤੇ ਵਿਹਾਰਕ ਰੂਪ ਵਿਚ ਗ੍ਰਹਿਣ ਕਰਦੀ ਹੈ ਇਸ ਕਰਕੇ ਇਹ ਕਵਿਤਾ ਪਰਵਾਸ-ਚੇਤਨਾ ਦੇ ਮੂਲ ਭੂਤ ਅਧਾਰਾਂ ਨੂੰ ਪਛਾਨਣ ਦੇ ਨਾਲ ਨਾਲ ਵਿਕਸਤ ਪੂੰਜੀਵਾਦੀ ਪ੍ਰਬੰਧ ਵਿਚ ਕਾਮਾ-ਸ਼੍ਰੇਣੀ ਦੇ ਆਪਣੀ ਹੀ ਕਿਸਮ ਦੇ ਤ੍ਰਾਸਦਿਕ ਜੀਵਨ ਦਾ ਬੋਧ ਵੀ ਕਰਵਾਉਂਦੀ ਹੈ। ਇਹ ਜੀਵਨ 'ਮਕਾਨ' ਦੀਆਂ ਕਿਸ਼ਤਾਂ ਦੇ ਨਾਲ ਗਿਰਵੀ ਹੋਇਆ ਹੈ:

ਇਰ ਕੇਹਾ ਮਕਾਨ ਹੈ
ਜਿਸਨੇ ਘਰ ਬਣਨ ਤੋਂ ਪਹਿਲਾਂ
ਸਾਡੇ ਉਪਰ ਕਾਠੀ ਪਾ ਲਈ ਏ...

ਬੁਲੰਦਵੀ-ਕਾਵਿ ਵਿਚ ਯਥਾਰਥ ਦਾ ਸੰਵੇਦਨਾਤਮਕ ਪ੍ਰਤੱਖਣ ਸਮੂਹਕ ਚੇਤਨਾ ਦੇ ਪਾਸਾਰ ਨੂੰ ਇਕ ਸੂਤਰ ਵਾਂਗ ਗ੍ਰਹਿਣ ਕਰਦਾ ਹੈ। ਉਹ ਆਪਣੇ ਅਨੁਭਵ ਤੇ ਗਿਆਨ ਕਿਰਿਆ ਨੂੰ ਆਪਣ ਵਰਗ/ਸ਼੍ਰੇਣੀ ਅਨੁਕੂਲ ਢਾਲਣ ਦਾ ਸੰਕਲਪ ਕਰਦਾ ਹੈ। ਕਵਿਤਾ ਵਿਚ ਸਮੂਹਕ ਚੇਤਨਾ ਸ਼ੁੱਧ ਸਿਧਾਂਤਕ ਮੱਦਾਂ ਤੇ ਪ੍ਰਵਰਗਾਂ ਦੇ ਰੂਪ ਵਿਚ ਨਹੀਂ ਉਭਰਦਾ ਸਗੋਂ ਇਹ ਵਿਅਕਤੀ ਤੇ ਸ਼੍ਰੇਣੀ ਦੇ ਤਦ ਰੂਪੀ ਆਪ ਨੂੰ ਸੰਬੰਧਾਂ ਨੂੰ ਇਕ ਨਵਾਂ ਅਰਥ-ਵਿਸਤਾਰ ਦਿੰਦਾ ਹੈ। ਕਾਵਿ-ਵਕਤਾ ਆਪਣੇ ਆਪ ਨੂੰ ਆਪਣੀ ਸ਼੍ਰੇਣੀ ਦਾ ਅਨਿੱਖੜ ਭਾਗ ਤਾਂ ਮੰਨਦਾ ਹੈ ਪ੍ਰੰਤੂ ਉਸਦੀ ਕਿਰਿਆਸ਼ੀਲਤਾ 'ਮੈਂ-ਮੂਲਕ' ਹੋਂਦ ਰਾਹੀਂ ਆਪਣੇ ਆਪ ਨੂੰ ਕਿਸੇ ਨਾਇਕ-ਪੱਦ ਦੀ ਅਧਿਕਾਰੀ ਨਹੀਂ ਸਮਝਦੀ ਜਿਹਾ ਕਿ ਮੁਢਲੀ ਜੁਝਾਰ ਵਿਦਰੋਹੀ ਕਵਿਤਾ ਦਾ ਉੱਘਾ ਲੱਛਣ ਸੀ ਸਗੋਂ ਇਹ 'ਅਸੀਂ' ਜਾਂ 'ਸਾਡੇ' ਦੇ ਰੂਪ ਵਿਚ ਨਿਮਨ-ਸੁਰ ਵਿਚ ਪਰਵਰਤਿਤ ਹੋ ਗਈ ਹੈ। ਜੁਝਾਰ-ਵਿਦਰੋਹੀ ਦੌਰ ਵਿਚ ਇਕ ਪ੍ਰਮੁੱਖ ਲੱਛਣ ਦੇ ਰੂਪ ਵਿਚ ਉਭਰੀ 'ਨਾਇਕਤਵ ਦੀ ਮਿਥ' ਨੂੰ 'ਧੁੱਪ 'ਚ ਜਗਦਾ ਦੀਵਾ' ਦੀ ਕਵਿਤਾ ਮੁਕੰਮਲ ਰੂਪ ਵਿਚ ਨਕਾਰ ਦਿੰਦੀ ਹੈ। ਸੁਭਾਵਿਕ ਹੈ ਕਿ ਉਹ ਤਮਾਮ ਕਲਾਤਮਿਕ ਐਬ ਖ਼ੁਦ-ਬ-ਖ਼ੁਦ ਇਸ ਰਚਨਾ ਵਿਚੋਂ ਖਾਰਜ ਹੋ ਜਾਂਦੇ ਹਨ ਜੋ ਇਸ ਭ੍ਰਾਂਤੀ ਪੂਰਨ ਮਿਥ ਨਾਲ ਜੁੜੇ ਹੋਏ ਸਨ। ਕਾਵਿ ਵਕਤਾ ਯਥਾਰਥ ਦੀ ਗਤੀਸ਼ੀਲ ਪ੍ਰਕਿਰਿਆ ਨੂੰ ਇਕ ਸਹਿਜ ਤੇ ਸੁਭਾਵਿਕ ਵਰਤਾਰੇ ਦੇ ਰੂਪ ਵਿਚ ਗ੍ਰਹਿਣ ਕਰਦਾ ਹੋਇਆ ਉਸ ਅੰਦਰਲੇ ਤਣਾਵਾਂ, ਦਵੰਦਾਂ ਤੇ ਅੰਤਰ ਵਿਰੋਧਾਂ ਨੂੰ ਸਮੂਹਵਾਦੀ ਪੈਂਤੜੇ ਤੋਂ ਅਕਸਣ ਦੀ ਕੋਸ਼ਿਸ਼ ਕਰਦਾ ਹੈ। ਕਵੀ ਜੀਵਨ ਦੀ ਨਿਰੰਤਰਤਾ, ਗਤੀਸ਼ੀਲਤਾ, ਪਰਿਵਰਤਨਸ਼ੀਲਤਾ ਤੇ ਵਿਕਾਸਸ਼ੀਲਤਾ ਵਿਚੋਂ ਸਦੀਵੀ ਮਾਨਵੀ ਅਰਥਾਂ ਦੀ ਤਲਾਸ਼ ਕਰਦਾ ਹੈ ਜਿਸ ਕਰਕੇ ਉਹ ਜਗੂਦ ਪੂਰਨ ਜ਼ਿੰਦਗੀ ਅਤੇ ਸਭਿਆਚਾਰਕ ਪਛੜੇਪਨ ਦੇ ਅਹਿਸਾਸ ਨਾਲ ਚੇਤਨਗਤ ਰੂਪ ਵਿਚ ਸਿਥਲ ਹੋਈਆਂ ਮਾਨਸਿਕ ਸੰਰਚਨਾਵਾਂ ਨੂੰ ਤੋੜਕੇ ਸੂਹੇ ਮਾਨਵੀ ਅਰਥਾਂ ਨੂੰ ਸੰਚਰਿਤ ਕਰਨਾ ਚਾਹੁੰਦਾ ਹੈ। ਇਸ ਪ੍ਰਸੰਗ ਵਿਚ 'ਘੋਪੇ', 'ਦਾਇਰੇ 'ਚ ਆਦਮੀ', 'ਦਾਇਰੇ', 'ਖੜ੍ਹੇ ਖੂਹ', 'ਪਿੰਜਰੇ ਦਾ ਤੋਤਾ', 'ਆਪਣੇ ਆਪ ਦੇ ਰੂਪ-ਬ-ਰੂ' ਆਦਿ ਅਨੇਕ ਕਵਿਤਾਵਾਂ ਦਾ ਉਲੇਖ ਕੀਤਾ ਜਾ ਸਕਦਾ ਹੈ। ਜੁਝਾਰ-ਵਿਦਰੋਹੀ ਦੌਰ ਵਿਚ ਅਜਿਹੀਆਂ ਮਾਨਸਿਕ ਸੰਰਚਨਾਵਾਂ ਨੂੰ ਸਹਿਜ ਤੇ ਤਾਰਕਿਕ ਰੂਪ ਵਿਚ ਤੋੜਨ ਦੀ ਥਾਂ ਉਨ੍ਹਾਂ ਦਾ ਦਹਿਸ਼ਤੀ ਵਿਸਫੋਟ ਕੀਤਾ ਜਾਂਦਾ ਸੀ ਜਿਸ ਕਾਰਨ ਰਚਨਾ ਅਕਸਰ 'ਕਥਨ' ਪੱਧਰ ਤੇ ਆ ਕੇ ਨਾਹਰੇਬਾਜ਼ੀ ਦਾ ਪ੍ਰਭਾਵ ਸਿਰਜ ਦਿੰਦੀ ਸੀ। ਇਉਂ ਉਹ ਕਵਿਤਾ ਆਪਣੇ ਇਤਿਹਾਸਕ ਦਾਇਤਵ ਨੂੰ ਤਾਂ ਬਾਖ਼ੂਬੀ ਨਿਭਾ ਦਿੰਦੀ ਹੈ ਪਰ ਕਾਵਿ ਸਿਰਜਨ ਸੁਚੇਤ ਘਾੜਤ ਦੀ ਉਚਤਮ ਪੱਧਤੀ ਤਕ ਨਹੀਂ ਪਹੁੰਚਦਾ। ਬੁਲੰਦਵੀ-ਕਾਵਿ ਸਾਡੀ ਸਭਿਆਚਾਰਕ ਕਾਰਜਸ਼ੀਲਤਾ ਅੰਦਰਲੇ ਵਿਰੋਧਾਂ ਦੇ ਦਵੰਦਾਂ ਨੂੰ ਮਾਨਵੀ ਸੀਮਾ ਤੇ ਸੰਭਾਵਨਾ ਦੇ ਤਨਾਓ ਦੇ ਰੂਪ ਵਿਚ ਗ੍ਰਹਿਣ ਕਰਕੇ ਗਤੀਸ਼ੀਲ ਯਥਾਰਥ ਨੂੰ ਨਿਵੇਕਲੀ ਪ੍ਰਮਾਣਿਕਤਾ ਦੇ ਦਿੰਦਾ ਹੈ ਜਿਸ ਵਿਚੋਂ ਪਰਿਵਰਤਨ ਵਿਕਾਸ ਤੇ ਗਤੀ ਵਰਗੇ ਵਿਚਾਰਧਰਾਈ ਸੂਤਰ ਖ਼ੁਦ-ਬ-ਖ਼ੁਦ ਉਭਰਨੇ ਸ਼ੁਰੂ ਹੋ ਜਾਂਦੇ ਹਨ:

ਦਾਇਰੇ 'ਚ ਆਦਮੀ
ਆਪਣਾ ਹਰ ਦਰਵਾਜ਼ਾ ਬੰਦ ਕਰਕੇ



ਚਾਬੀ ਦਾਇਰੇ ਦੇ ਹੱਥ ਫੜਾ ਦੇਂਦਾ ਏ
ਉਦੋਂ ਦਾਇਰਾ
ਆਦਮੀ ਦੇ ਅੰਦਰ ਬਾਹਰ ਫੈਲ ਜਾਂਦਾ ਏ
ਉਦੋਂ ਆਦਮੀ
ਦਾਇਰੇ ਦੀ ਲਕੀਰ ਗੂਹੜੀ ਕਰਨ ਲੱਗ ਪੈਂਦਾ ਏ

ਇਹ ਕਵਿਤਾ ਰਵਾਇਤੀ ਮਾਨਵੀ ਚੇਤਨਾ ਤੇ ਚਿੰਤਨ ਦੇ ਸੀਮਤ ਦਾਇਰਿਆਂ ਨੂੰ ਉਲੰਘ ਕੇ ਮਨੁੱਖੀ ਹੋਂਦ ਦੇ ਪ੍ਰਸ਼ਨ ਨੂੰ ਵਿਸ਼ਾਲ ਮਾਨਵੀ ਧਰਾਤਲ ਤੇ ਵਿਚਾਰਦੀ ਹੈ ਜਿਸ ਦੇ ਅੰਤਰਗਤ ਪੂਰਬੀ ਤੇ ਪੱਛਮੀ ਚੇਤਨਾ ਦਾ ਟਕਰਾਅ ਵਰਤਮਾਨ ਸਮਾਜਿਕ-ਇਤਿਹਾਸਕ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਸੁਭਾਵਿਕ ਤੇ ਅਨਿਵਾਰੀ ਕਰਮ ਦੇ ਰੂਪ ਵਿਚ ਸਾਹਣੇ ਆਉਂਦਾ ਹੈ। ਇਸ ਅਨਿਵਾਰਤਾ ਦਾ ਇਕ ਕਾਰਨ ਇਹ ਵੀ ਹੈ ਕਿ ਕਵੀ ਦਾ ਪਰਵਾਸ-ਅਨੁਭਵ ਪਰਵਾਸੀ ਚੇਤਨਾ ਦੇ ਕਿਸੇ ਇਕ ਅੱਧ ਮਿਥ ਪੂਰਨ ਪਾਸਾਰੇ ਉਪਰ ਟੇਕ ਨਹੀਂ ਰੱਖਦਾ ਸਗੋਂ ਉਹ ਦੇਸ-ਪ੍ਰਦੇਸੀ ਸਮਕਾਲੀਨ ਪ੍ਰਸਥਿਤੀਆਂ ਨੂੰ ਇਕ ਸਾਥ ਆਪਣੀ ਅਨੁਭਵਗਤ ਵਸਤੂ ਭੂਮੀ ਦੇ ਰੂਪ ਵਿਚ ਸੰਕਲਪਦਾ ਹੈ। ਉਸਦਾ ਕਾਵਿ-ਅਮਲ ਬਹੁ ਚਰਚਿਤ 'ਭੂ ਹੇਰਵੇ' ਵਰਗੇ ਸੰਕਲਪੀ ਭਾਵੁਕ ਉਦਗਾਰਾਂ ਤੋਂ ਪ੍ਰੇਰਿਤ ਨਹੀਂ ਸਗੋਂ ਇਸ ਪਿੱਛੇ ਵਿਕਸਤ (ਪੱਛਮੀ ਸਭਿਆਚਾਰ)-ਅਵਿਕਸਤ (ਪੂਰਬੀ ਸਭਿਆਚਾਰ) ਪੂੰਜੀਵਾਦੀ ਸਿਸਟਮ ਦੀ ਡੂੰਘੀ ਕਾਰਜਸ਼ੀਲਤਾ ਹੈ। ਇਸ ਪ੍ਰਕਾਰ ਬੁਲੰਦਵੀ ਦੀ ਪਰਵਾਸ-ਚੇਤਨਾ ਆਪਣੀ ਰਚਨਾਤਮਿਕ ਤਰਕਸਿਧੀ ਲਈ ਕਦੇ ਵਿਕਸਤ ਪੂੰਜੀਵਾਦੀ ਢਾਂਚੇ ਵੱਲ ਪਰਤਦੀ ਹੈ ਅਤੇ ਕਦੇ ਇਹ ਆਪਣੇ ਮੂਲ ਦੇਸ਼ ਦੇ ਅਵਿਕਸਤ ਪੂੰਜੀਵਾਦੀ ਢਾਂਚੇ ਵੱਲ ਪਰਤਦੀ ਹੈ ਅਤੇ ਕਦੇ ਇਹ ਆਪਣੇ ਮੂਲ ਦੇਸ਼ ਦੇ ਅਵਿਕਸਤ ਪੂੰਜੀਵਾਦੀ ਢਾਂਚੇ ਵੱਲ ਪਰਤਦੀ ਹੈ ਅਤੇ ਕਦੇ ਇਹ ਆਪਣੇ ਮੂਲ ਦੇਸ਼ ਦੇ ਅਵਿਕਸਿਤ ਪੂੰਜੀਵਾਦੀ ਢਾਂਚੇ ਵਿਚੋਂ ਆਪਣਾ ਅਰਥ ਵਿਵੇਕ ਭਾਲਦੀ ਹੈ। ਕਵਿਤਾ ਵਾਰ ਵਾਰ ਆਪਣੇ ਦੇਸ਼ ਦੇ ਵਾਸਤਵਿਕ ਜੀਵਨ ਦੀਆਂ ਆਂਤਰਿਕ ਵਿਰੋਧਤਾਵਾਂ, ਅਸਮਾਨਤਾਵਾਂ, ਵਿਡੰਬਨਾਵਾਂ, ਸਿਥਲਤਾਵਾਂ, ਦੁਬਿਧਾਵਾਂ, ਦਵੰਦਾਂ, ਤਣਾਵਾਂ ਆਦਿ ਵੱਲ ਪਰਤਦੀ ਹੈ ਕਿਉਂਕਿ ਇਨ੍ਹਾਂ, ਵਿਚੋਂ ਹੀ ਪਰਵਾਸ ਹੋਣ ਦੀ ਇਤਿਹਾਸਕ ਲੋੜ ਮਜਬੂਰੀ ਬਣ ਕੇ ਜਾਗਦੀ ਹੈ। 'ਗੁਰੂਆਂ-ਪੀਰਾਂ ਦਾ ਵਰੋਸਾਇਆ' ਇਹ ਦੇਸ਼ ਜੇ ਲੋੜੀਂਦੇ ਸਾਜ਼ਗਰ ਹਾਲਾਤ ਪ੍ਰਦਾਨ ਕਰੇ ਤਾਂ 'ਬਾਹਰ ਜਾਣ ਦੀ ਲੋੜ ਹੀ ਨਾ ਪਵੇ। ਸੋ ਕਵੀ ਦਾ ਪ੍ਰਮੁੱਖ ਸਰੋਕਾਰ ਜੁਝਾਰ-ਵਿਦਰੋਹੀ ਚੇਤਨਾ ਨੂੰ ਕਾਵਿਕ ਰੂਪ ਵਿਚ ਸੰਚਰਿਤ ਕਰਨ ਨਾਲ ਹੀ ਸੰਬੰਧਿਤ ਹੈ। ਇਸ ਕਰਕੇ, ਇਹ ਕਵਿਤਾ ਬੁਨਿਆਦੀ ਤੌਰ ਤੇ ਤਾਂ ਸਮਾਜਿਕ-ਰਾਜਨੀਤਕ ਸਿਸਟਮ-ਤਬਦੀਲੀ ਦੇ ਵਿਆਪਕ ਉਦੇਸ਼ ਨੂੰ ਹੀ ਮੁੱਖ ਰੱਖ ਕੇ ਚੱਲਦੀ ਹੈ ਭਾਵੇਂ ਕਿ ਇਹ ਹਿੰਸਾ, ਕ੍ਰਾਂਤੀ, ਦੇ ਵਿਦਰੋਹ ਵਰਗੇ ਬਹੁ ਚਰਚਿਤ ਸੰਕਲਪ, ਸੂਤਰਾਂ ਦੀ ਉਸ ਤਰ੍ਹਾਂ, ਅਰਾਧਨਾ ਨਹੀਂ ਕਰਦੀ ਜਿਵੇਂ ਕਿ ਜੁਝਾਰ-ਵਿਦਰੋਹੀ ਕਵਿਤਾ ਦੇ ਵੱਡੇ ਭਾਗ ਵਿਚ ਦੇਖਣ ਨੂੰ ਮਿਲਦਾ ਹੈ। ਇਹੀ ਕਾਰਨ ਹੈ ਕਿ 'ਹਾਰ ਜਿੱਤ' ਵਰਗੀ ਕਵਿਤਾ ਵਿਚ ਜੁਝਾਰ-ਚੇਤਨ 'ਹਾਰ' ਜਾਂ 'ਜਿੱਤ' ਵਰਗੇ ਇਕ ਅਰਥੀ ਸੰਕਲਪ-ਸੂਤਰਾਂ ਤੋਂ ਪਾਰ ਜਾ ਕੇ ਸੰਘਰਸ਼ ਦੀ ਨਿਰੰਤਰਤਾ ਨੂੰ ਪ੍ਰਾਥਮਿਕ ਮਹੱਤਵ ਦਿੰਦੀ ਹੈ। ਸੁਭਾਵਿਕ ਹੈ ਕਿ ਸੰਘਰਸ਼ ਦੀ ਇਸ ਭਾਵਨਾ ਦੇ ਅੰਤਰਗਤ ਹੰਝੂ, ਬੰਦੂਕ ਤੇ ਕਵਿਤਾ ਦਾ ਪਰਸਪਰ ਸੰਬੰਧ ਪੁਨਰ-ਪਰਿਭਾਸ਼ਨ ਦੀ ਲੋੜ ਦਾ ਅਭਾਸ ਕਰਵਾਉਂਦਾ ਹੈ ਕਿਉਂਕਿ ਸਮਾਜਿਕ ਪਰਿਵਰਤਨ ਦੇ ਪ੍ਰਸੰਗ ਵਿਚ ਬੰਦੂਕ ਤੇ ਕਵਿਤਾ ਦੀ ਭੂਮਿਕਾ ਨੂੰ ਬਹੁਤ ਹੀ ਅਸੰਤੁਲਿਤ ਤੇ ਅਤਾਰਕਿਕ ਰੂਪ ਵਿਚ ਗ੍ਰਹਿਣ ਕੀਤਾ ਜਾਂਦਾ ਰਿਹਾ ਹੈ। ਇਸ ਸੰਦਰਭ ਵਿਚ ਬੁਲੰਦਵੀ ਦਾ ਕਾਵਿਕ ਆਦਰਸ਼ ਪਾਸ਼ ਬਣਦਾ ਹੈ। ਇਸ ਕਰਕੇ ਉਹ ਕਵਿਤਾ ਰਾਹੀਂ ਹੀ ਸੱਤਾ-ਸੰਪੰਨ ਡਾਢੀ ਧਿਰ ਨੂੰ ਮੁਖ਼ਾਤਿਬ ਹੋਣਾ ਲੋਚਦਾ ਹੈ ਤਾਂ ਕਿ ਸ਼ਬਦ ਤੇ ਅਰਥ ਦਾ ਰਿਸ਼ਤਾ ਪੁਨਰ-ਸਥਾਪਿਤ ਕੀਤਾ ਜਾ ਸਕੇ। 'ਪਾਸ਼ ਨੂੰ' ਨਾਂ ਦੀ ਕਵਿਤਾ ਅਜਿਹੀ ਕਾਵਿ-ਦ੍ਰਿਸ਼ਟੀ ਸਪੱਸ਼ਟ ਝਲਕਦੀ ਵੇਖੀ ਜਾ ਸਕਦੀ ਹੈ। ਸਪੱਸ਼ਟ ਹੈ ਕਿ ਅਜਿਹੇ ਨਿੱਘਰ ਸਮਾਜਿਕ-ਆਰਥਿਕ ਸਿਸਟਮ ਵਿਚ ਪਰਵਾਸ ਦੀ ਚੋਣ ਸਚੀ-ਸਮਝੀ ਘੱਟ ਤੇ ਮਜਬੂਰੀ ਅਧੀਨ ਵੱਧ ਹੁੰਦੀ ਹੈ। ਆਪਣੀ ਧਰਤੀ ਜਦੋਂ ਕੁਦਰਤੀ ਰੂਪ ਵਿਚ ਵਿਗਸਣ-ਮੌਲਣ ਤੇ ਜੀਵਨ ਮਾਨਣ ਦੇ ਮੌਕੇ ਦੇਣ ਤੋਂ ਇਨਕਾਰੀ ਹੋ ਜਾਂਦੀ ਹੈ ਤਾਂ ਬਾਕੀ ਬਚੀ ਚੋਣ ਪਰਵਾਸ ਹੀ ਰਹਿ ਜਾਂਦੀ ਹੈ। ਪਰਵਾਸੀ ਜੀਵਨ ਦਾ ਆਰੰਭ ਹੀ ਆਪਣੇ ਆਪ ਵਿਚ ਵਿਰੋਧਾਭਾਸਕ ਸੁਭਾਅ ਵਾਲਾ ਹੁੰਦਾ ਹੈ ਕਿਉਂਕਿ ਮਨੁੱਖ ਵਿਦੇਸ਼

ਜਾਣਾ ਨਹੀਂ ਚਾਹੁੰਦਾ ਪਰ ਉਸਨੂੰ ਜਾਣਾ ਪੈਂਦਾ ਹੈ। ਉਹ ਆਸ ਕਰਦਾ ਹੈ ਕਿ ਪਰਵਾਸੀ ਧਰਤੀ ਤੇ ਉਥ ਦਾ ਸਭਿਆਚਾਰ ਉਸਨੂੰ ਹਿੱਕ ਨਾਲ ਲਾ ਲਵੇਗਾ ਪਰ ਅਜਿਹਾ ਵਪਰਦਾ ਨਹੀਂ। ਬੁਲੰਦਵੀ ਦੀ ਕਲਮ ਅਜਿਹੀ ਮਾਨਵੀ ਹੋਂਦ ਨੂੰ 'ਨਿਪੱਤਰੇ ਰੁੱਖ' ਦੀ ਤਸ਼ਬੀਹ ਦਿੰਦੀ ਹੈ:

ਪ੍ਰਦੇਸ ਆਉਣ ਤੋਂ ਪਹਿਲਾਂ
ਮੈਂ ਮੁਰਝਾ ਰਿਹਾ ਰੁੱਖ ਸੀ ਕੋਈ
ਕਿਸੇ ਜ਼ਰਖੇਜ਼ ਮਿੱਟੀ ਦੀ ਚਾਹੁੰਦਾ ਸੀ
ਮੇਰੀ ਜੜ੍ਹ ਨੂੰ ਮਿਲੇ ਢੋਈ...
ਪਰ ਕੀ ਪਤਾ ਸੀ ਕਿ ਇਕ ਦਿਨ
ਇਸ ਮਿੱਟੀ ਦੀ ਆਬੋ-ਹਵਾ
ਜੜ੍ਹਾਂ ਤੋਂ ਟਾਹਣੀਆਂ ਤੱਕ ਫੈਲਦੀ ਹੋਈ
ਇਸ ਤਰ੍ਹਾਂ ਮੇਰੇ ਪੱਤਿਆਂ ਤੱਕ ਪਹੁੰਚ ਜਾਵੇਗੀ

ਇਸ ਪ੍ਰਕਾਰ ਇੱਛਾ ਤੇ ਵਿਹਾਰ, ਯਥਾਰਥ ਤੇ ਸੁਪਨੇ ਵਿਚਕਾਰ ਤਨਾਓ ਕਾਵਿ ਦਾ ਇਕ ਮਹੱਤਵਪੂਰਨ ਸਰੋਕਾਰ ਬਣਕੇ ਸਾਹਮਣੇ ਆਉਂਦਾ ਹੈ ਅਤੇ ਦੁਬਿਧਾ ਪੂਰਨ ਮਾਨਵੀ ਹੋਂਦ ਇਸ ਨਾਲ ਵਾਰ ਵਾਰ ਜੂਝਦੀ ਹੈ। ਕਵੀ ਇਸ ਤਨਾਓ ਤੇ ਵਿਵੇਕ ਸਾਰ ਨੂੰ ਵਿਭਿੰਨ ਸਭਿਆਚਾਰ ਪ੍ਰਸੰਗਾਂ ਤੇ ਸੰਦਰਭਾਂ ਵਿਚ ਫੜ੍ਹਨ ਦੀ ਕੋਸ਼ਿਸ਼ ਕਰਦਾ ਹੈ। ਉਹ ਆਪਣੀ ਸਭਿਆਚਾਰਕ ਉਚਤਾ-ਸੁਚਤਾ ਦਾ ਮਿਥ ਸਿਮਰਨ ਕਰਕੇ ਸਭਿਆਚਾਰਕ ਮਰਿਯਾਦਾ ਨਾਲ ਜੁੜਨ ਦਾ ਧਰਮ/ਭਰਮ ਨਹੀਂ ਪਾਲਦਾ ਸਗ ਪੂਰਬੀ ਤੇ ਪੱਛਮੀ ਸੰਸਕ੍ਰਿਤੀਆਂ ਦੇ ਤਨਾਓ ਦੇ ਦਵੰਦ ਨੂੰ ਡੂੰਘੀ ਸੰਵਾਦ-ਕਿਰਿਆ ਰਾਹੀਂ ਵਿਭਿੰਨ ਦਿਸ਼ਾਵਾਂ ਵਿਚ ਫੈਲਾ ਕੇ ਨਵੇਂ ਅਰਥ ਸਿਰਜਨ ਦਾ ਮੌਕਾ ਦਿੰਦਾ ਹੈ। ਇਸ ਸੰਵਾਦ-ਕਿਰਿਆ ਵਿਚੋਂ ਪਰਵਾਸੀ ਲੋਕਾਂ ਦੀ ਪਹਿਲੀ ਤੇ ਦੂਜੀ ਪੀੜ੍ਹੀ ਦਾ ਵਤੀਰਾ ਦੋ ਸਮਾਨੰਤਰ ਜੀਵਨ ਪਹੁੰਚਾਂ ਨੂੰ ਚਿਹਨਿਤ ਕਰਦਾ ਹੈ। ਪਹਿਲੀ ਪੀੜ੍ਹੀ ਨੂੰ ਪਰਵਾਸ ਦੀ ਚੋਣ 'ਉਮਰਾਂ ਦੀ ਬਾਜ਼ੀ' ਲਾਉਣ ਵਰਗਾ ਲੱਗਦਾ ਹੈ ਪਰ ਵਿਰੋਧਾਭਾਸ ਇਹ ਹੈ ਕਿ ਉਨ੍ਹਾਂ ਦੀ ਇਸ ਬਾਜ਼ੀ ਨੂੰ ਨਾ ਪੱਛਮੀ ਲੋਕ ਸਮਝਦੇ ਹਨ ਅਤੇ ਨਾ ਹੀ ਉਨ੍ਹਾਂ ਦੀ ਆਪਣੀ ਨਵੀਂ ਪਨੀਰੀ। ਉਨ੍ਹਾਂ ਦੇ ਅੰਦਰ ਵਾਰ -ਵਾਰ 'ਪੰਜ-ਆਬ' ਦੀ ਛੱਲ (ਭਾਰਤੀ ਸੰਸਕ੍ਰਿਤੀ) ਉਠਦੀ ਹੈ ਜਿਸ ਨੂੰ ਪੱਛਮੀ ਸੰਸਕ੍ਰਿਤੀ ਹਰ ਵਾਰ ਦੁਰਕਾਰਦੀ ਹੈ। ਕਵੀ ਆਪਣੇ ਸਭਿਆਚਾਰਕ ਵਿਰਸੇ ਨਾਲ ਜੁੜਨ ਦੀ ਤੀਬਰ ਇੱਛਾ ਵੀ ਵਿਅਕਤ ਕਰਦਾ ਹੈ ਪਰ ਨਾਲ ਹੀ ਪ੍ਰਦੇਸ ਹੋਣ ਦੀ ਹੋਣੀ ਦੇ ਦੁਖਾਂਤ ਨੂੰ ਪ੍ਰਾਪਤ ਇਤਿਹਾਸਕ ਸਥਿਤੀ ਦੇ ਪ੍ਰਸੰਗ ਵਿਚ ਇਕ ਅਨਿਵਾਰੀ ਚੋਣ/ਮਜ਼ਬੂਰੀ ਦੇ ਰੂਪ ਵਿਚ ਵੀ ਵੇਖਦਾ ਹੈ। ਇਉਂ ਪਰਵਾਸੀ ਚੇਤਨਾ ਸਤਹੀ ਭਾਵੁਕ ਉਦਗਾਰਾਂ ਤੋਂ ਪ੍ਰੇਰਿਤ ਹੋਣ ਦੀ ਥਾਂ ਬਹੁਤ ਡੂੰਘੇ ਅਰਥਾਂ ਦੀ ਵਾਹਕ ਬਣ ਜਾਂਦੀ ਹੈ। 'ਟੇਮਜ਼ ਦਰਿਆ ਨਾਲ ਸੰਵਾਦ' ਕਵਿਤਾ ਦੀਆਂ ਇਹ ਸਤਰਾਂ ਵੇਖਣਯੋਗ ਹਨ:

ਉਂਜ ਤਾਂ ਤੂੰ ਸ਼ਾਇਦ ਸੋਚਦਾ ਹੋਣਾ
ਕਿ ਅਸੀਂ ਖਬਰੇ ਕੀ ਖੱਟਣ ਆਏ ਹਾਂ
ਤੇਰੇ ਭੱਠ ਵਿਚ ਡਾਹ ਕੇ ਹੱਡ ਆਪਣੇ
ਕਿਹੜੀ ਅੱਗ ਸੇਕਣ ਆਏ ਹਾਂ
ਉਮਰਾਂ ਦੀ ਬਾਜ਼ੀ ਲਾ ਕੇ
ਕਿਹੜੇ ਪੀਪੇ ਭਰਨ ਆਏ ਹਾਂ
ਉਂਜ ਆਪਣੀ ਬੁੱਕਲ ਵਿਚ
ਜਦ ਮੂੰਹ ਪਾ ਕੇ ਝਾਕਦੇ ਹਾਂ
ਤਾਂ ਬੁੱਕਲ ਵਿਚ ਧੁਖਦੀ
ਅੱਗ ਤੋਂ ਬਹੁਤ ਡਰਦੇ ਹਾਂ...
ਪਰ ਫਿਰ ਵੀ ਅਸੀਂ ਚਾਹੁੰਦੇ ਹਾਂ
ਕਿ ਸਾਡਾ ਦਿਲ ਜਰਬ ਖਾਵੇ
ਪੰਜ ਆਬ ਦੀ ਛੱਲ ਨਾਲ



ਇਸ ਪ੍ਰਸੰਗ ਵਿਚ, ਪੱਛਮੀ ਸਭਿਆਚਾਰ ਦੇ ਵਿਸ਼ਾਲ ਭਾਰੂ ਦਾਇਰੇ ਵਿਚ ਵਿਚਰਦਿਆਂ ਪੂਰਬੀ ਸਭਿਅਤਾ ਦੀ ਹੋਂਦ ਆਪਣੇ ਆਪ ਹੀ ਮਾਮੂਲੀ ਤੇ ਮਹੱਤਵਹੀਣ ਬਣ ਜਾਂਦੀ ਹੈ। ਪੱਛਮੀ ਕਦਰਾਂ-ਕੀਮਤਾਂ ਦੇ ਤੇਜ਼ ਵਹਾਅ ਦੇ ਸਨਮੁੱਖ ਆਪਣੇ ਰਵਾਇਤੀ ਜੀਵਨ ਜਾਚ ਨੂੰ ਬਣਾਈ ਰੱਖਣਾ ਅਤਿ ਕਠਿਨ ਕਾਰਜ ਹੈ। ਵਿਕਸਤ ਪੂੰਜੀਵਾਦੀ ਢਾਂਚਾ ਆਪਣੇ ਖਪਤ ਸਭਿਆਚਾਰਕ ਵਰਤਾਰੇ ਰਾਹੀਂ ਹਰ ਚੀਜ਼ ਨੂੰ ਆਪਣੇ ਵਿਚ ਖਪਾਈ ਜਾ ਰਿਹਾ ਹੈ। ਤੇਜ਼ੀ ਨਾਲ ਵਿਕਸਿਤ ਹੋਏ ਆਧੁਨਿਕ ਸੰਚਾਰ ਸਾਧਨਾਂ ਦੇ ਫਲਸਰੂਪ ਇਸ ਸਭਿਆਚਾਰਕ ਹਮਲੇ ਦੇ ਅਸਰ ਨੂੰ ਤਾਂ ਭਾਰਤ ਬੈਠਿਆ ਵੀ ਬੁਰੀ ਤਰ੍ਹਾਂ ਮਹਿਸੂਸ ਕੀਤਾ ਜਾ ਰਿਹਾ ਹੈ। ਪਰ ਜ਼ਾਹਿਰ ਹੈ ਕਿ ਭਾਰੂਪਨ ਦੇ ਹਿਸਾਬ ਨਾਲ ਯੂਰਪ ਵਿਚ ਤਾਂ ਇਹ ਸਮੱਸਿਆ ਬਹੁਤ ਹੀ ਗੰਭੀਰ ਹੈ। ਇਸ ਸਾਰੀ ਪ੍ਰਕਿਰਿਆ ਨੂੰ ਦਰਸ਼ਨ ਬੁਲੰਦਵੀ ਡੂੰਘੇ ਚਿਹਨ-ਅਰਥ ਦੇ ਕੇ ਸਜੀਵ ਬਿੰਬਾਂ ਤੇ ਪ੍ਰਤੀਕਾਂ ਦੇ ਰੂਪ ਵਿਚ ਸਾਕਾਰ ਕਰਦਾ ਹੈ। ਕਵਿਤਾ ਆਦਰਸ਼ਾਂ ਤੇ ਮਿੱਥਾਂ ਦੀ ਮ੍ਰਿਗ ਤ੍ਰਿਸ਼ਨਾ ਭੱਜ ਕੇ ਠੋਸ ਜ਼ਮੀਨੀ ਹਕੀਕਤਾਂ ਦੇ ਰੂ-ਬ-ਰੂ ਹੁੰਦੀ ਹੈ। ਪੁਸਤਕ ਦੀ ਟਾਈਟਲ ਕਵਿਤਾ 'ਧੁੱਪ 'ਚ ਜਗਦਾ ਦੀਵਾ' ਇਸ ਦ੍ਰਿਸ਼ਟੀ ਤੋਂ ਬਹੁਤ ਮੁਲਵਾਨ ਤੇ ਸਾਰਥਕ ਰਚਨਾ ਹੈ। ਕਵੀ ਲਿਖਦਾ ਹੈ :

ਇਥੇ ਵੱਸਦੇ ਹੋਏ ਪੂਰਬ
ਪੱਛਮ ਦੇ ਸੂਰਜ ਤਾਰੇ
ਤੂੰ ਧੁੱਪ 'ਚ ਜਗਦਾ ਦੀਵਾ ਏ
ਇਸ ਲਈ ਕਿੰਨਾ ਕੁ ਚਿਰ ਹੋਰ
ਆਪਣੀ ਲੋਅ ਦਾ ਜ਼ਸ਼ਨ ਮਨਾਏਂਗਾ
ਕਿੰਨਾ ਕੁ ਚਿਰ ਹੋਰ
ਇਹਦੀਆਂ ਕਿਰਨਾਂ ਨਾਲ ਟਕਰਾਏਂਗਾ

ਪਹਿਲੇ ਪਰਵਾਸੀ ਸਾਹਿਤ ਵਿਚ ਪੁਰਾਣੀ ਪੀੜ੍ਹੀ ਨਵੀਂ ਪੀੜ੍ਹੀ ਨੂੰ ਸੰਬੋਧਿਤ ਹੁੰਦੀ ਸੀ ਪਰ ਹੁਣ ਪਿਛਲੇ ਕੁਝ ਸਮੇਂ ਤੋਂ ਕਵਿਤਾ ਤੇ ਗਲਪ ਦੋਨਾਂ ਵਿਚ ਵੀ ਨਵੀਂ ਪੀੜ੍ਹੀ ਵੱਡੀ ਪੀੜ੍ਹੀ ਨੂੰ ਮੁਖ਼ਾਤਿਬ ਹੋ ਰਹੀ ਹੈ। ਪੀੜ੍ਹੀਆਂ ਦੇ ਇਸ ਸੰਵਾਦ ਵਿਚੋਂ ਜਿੱਥੇ ਨਵੀਂ ਪੀੜ੍ਹੀ ਦਾ ਅਸਤਿਤਵੀ ਸੱਚ ਉਜਾਗਰ ਹੁੰਦਾ ਹੈ, ਉੱਥੇ ਪੱਛਮੀ ਸਭਿਆਚਾਰ ਦੀਆਂ ਸਵੈ ਕੇਂਦਰਿਤ ਮਾਰੂ ਕਦਰਾਂ-ਕੀਮਤਾਂ ਦਾ ਵਿਵੇਕ ਵੀ ਉਭਰਦਾ ਹੈ:

ਸਾਡੀਆਂ ਸੋਚਾਂ ਦਾ ਬੇੜਾ
ਹੁਣ ਪੱਛਮ ਦੇ ਪਾਣੀਆਂ ਵਿਚ ਹੀ ਤਰੇਗਾ
ਸਾਡੀ ਸ਼ਨਾਖਤ ਦਾ ਬੂਟਾ
ਪੱਛਮ ਦੀ ਮਿੱਟੀ ਵਿਚੋਂ ਹੀ ਉੱਗੇਗਾ
ਇਥੇ ਮਾਸ ਦੇ ਲੋਥੜਿਆਂ 'ਚ
ਕਾਠ ਦਾ ਦਿਲ ਧੜਕਦਾ ਏ
ਇਥੇ ਮਤਲਬ ਦੀ ਦਹਿਲੀਜ ਤੇ ਹੀ
ਪਹਿਚਾਨ ਦੇ ਦੀਪਕ ਜੱਗਦੇ ਹਨ
ਇਥੇ ਨਿੱਜ ਦੇ ਗਮਲਿਆਂ ਵਿਚ ਹੀ
ਚਾਹਵਾਂ ਦੇ ਫੁੱਲ ਖਿੜਦੇ ਹਨ....

ਦਰਸ਼ਨ ਬੁਲੰਦਵੀ ਦਾ ਅਨੁਭਵਗਤ ਘੇਰਾ ਕੇਵਲ ਜੁਝਾਰ-ਵਿਦਰੋਹੀ ਚੇਤਨਾ ਜਾਂ ਪਰਵਾਸ-ਚੇਤਨਾ ਤੱਕ ਹੀ ਮਹਿਮੂਦ ਨਹੀਂ ਸਗੋਂ ਇਸ ਵਿਚ ਸਮਕਾਲੀਨ ਸਮਾਜਿਕ-ਰਾਜਨੀਤਕ ਸਥਿਤੀਆਂ ਅਤੇ ਵਿਅਕਤੀਗਤ ਸਰੋਕਾਰ ਵੀ ਪੂਰੀ ਤਰ੍ਹਾਂ ਸ਼ਾਮਲ ਹਨ। 'ਜਖ਼ਮ ਦੀ ਆਵਾਜ਼'. 'ਅੰਬੀ ਦਾ ਬੂਟਾ', 'ਐ ਸ਼ਾਇਰ ਦੋਸਤ', 'ਜ਼ਖਮੀ ਗੀਤ' ਆਦਿ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ ਭਾਵੇਂ ਕਿ ਕਵੀ ਦੀ ਆਦਰਸ਼ਵਾਦੀ ਭਾਵਨਾ ਸਥਿਤੀ ਦਾ ਸਰਲੀਕ੍ਰਿਤ ਬਿੰਬ ਉਸਾਰਨ ਦਾ ਬਾਇਸ ਵੀ ਬਣ ਜਾਂਦੀ ਹੈ। ਵਿਸ਼ੇਸ਼ ਕਰਕੇ 'ਅੰਬੀ ਦਾ ਬੂਟਾ' ਦੀਆਂ ਅੰਤਲੀਆਂ ਸਤਰਾਂ ਵਿਚੋਂ ਅਜਿਹਾ ਪ੍ਰਭਾਵ ਉਭਰਦਾ ਹੈ। 'ਤੈਥੋਂ ਬਿਨਾ', 'ਤੇਰੀ ਝਿਲਮਿਲ ਅੰਦਰ', 'ਤੂੰ ਹੋਵੇਂ ਨਾ ਘਰ ਜਦੋਂ', 'ਚੁੱਪ ਤੇ ਪਾਣੀ' ਜਾਂ

'ਪਿਆਸ' ਵਰਗੀਆਂ ਕਵਿਤਾਵਾਂ ਵਿਚ ਵਿਅਕਤੀਗਤ ਭਾਵਨਾਵਾਂ ਦਾ ਸੰਵੇਦਨਾਤਮਕ ਪ੍ਰਤੱਖਣ ਕੀਤਾ ਗਿਆ ਹੈ ਹਾਲਾਂਕਿ ਇਨ੍ਹਾਂ ਰਚਨਾਵਾਂ ਵਿਚੋਂ ਸਮਾਜਿਕ, ਰਾਜਨੀਤਕ ਜਾਂ ਵਿਚਾਰਧਾਰਕ ਸਰੋਕਾਰ ਵੀ ਪੂਰੀ ਤਰ੍ਹਾਂ, ਖਾਰਜ ਨਹੀਂ ਕਹੇ ਜਾ ਸਕਦੇ। ਦਰਅਸਲ, ਅਜਿਹਾ ਸੰਭਵ ਵੀ ਨਹੀਂ ਕਿਉਂਕਿ ਭਾਵਨਾਵਾਂ ਆਪਣੇ ਸ਼ੁੱਧ ਸਰੂਪ ਵਿਚ ਕਾਵਿ ਦਾ ਹਿੱਸਾ ਕਦੇ ਵੀ ਨਹੀਂ ਬਣ ਸਕਦੀਆਂ ਅਤੇ ਜੇ ਅਜਿਹਾ ਹੁੰਦਾ ਹੈ ਤਾਂ ਕਿਰਤਾਂ ਦਾ ਰਚਨਾਤਮਿਕ ਆਸਣ ਉਲਾਰ ਤੇ ਸੰਤੁਲਿਤ ਹੋ ਜਾਂਦਾ ਹੈ। ਕਵੀ ਦੀ ਯਥਾਰਥ ਅਨੁਭੂਤੀ ਵਿਅਕਤੀਗਤ ਤੇ ਸਮੂਹਕ ਭਾਵਨਾਵਾਂ ਦੇ ਸੁਮੇਲ ਵਿਚੋਂ ਹੀ ਆਪਣਾ ਠੋਸ ਅਕਾਰ ਗ੍ਰਹਿਣ ਕਰਦੀ ਹੈ।

ਦਰਸ਼ਨ ਬੁਲੰਦਵੀ ਦਾ ਕਾਵਿ-ਪੈਟਰਨ ਪੂਰਬਲੀ ਤੇ ਸਮਕਾਲੀਨ ਕਾਵਿ ਪਰੰਪਰਾ ਨਾਲੋਂ ਨਾ ਤਾਂ ਇਕ ਦਮ ਨਿਖੜਿਆ ਹੋਇਆ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਉਸਦੀ ਅਨੁਸਾਰੀ ਹੈ। ਬਿਰਤਾਂਤਕ ਅੰਸ਼ਾਂ ਦੇ ਬਾਵਜੂਦ, ਉਸ ਦੀ ਸ਼ੈਲੀ ਦੀ ਮੁੱਖ ਸੁਰ ਤਾਂ ਸੰਬੋਧਨੀ ਹੀ ਹੈ ਭਾਵੇਂ ਕਿ ਇਹ ਸੰਬੋਧਨ ਸਿੱਧੇ ਸੰਬੋਧਨ ਤੋਂ ਲੈ ਕੇ ਇਕੋ ਵੇਲੇ ਕਈ ਧਿਰਾਂ ਨਾਲ ਸਾਰਥਕ ਸੰਵਾਦ ਰਚਾਉਣ ਦੀ ਦਿਸ਼ਾ ਵੱਲ ਵੀ ਵੱਧਦਾ ਹੈ। ਇਹ ਮੰਨਣਾ ਪਵੇਗਾ ਕਿ ਬੁਲੰਦਵੀ ਦੀ ਬਹੁ ਪ੍ਰਚਲਿਤ ਸੰਬੋਧਨੀ ਸ਼ੈਲੀ ਉਸ ਤਰ੍ਹਾਂ ਦੀ ਤੀਬਰ ਤੇ ਬਹੁ-ਦਿਸ਼ਾਵੀ ਸੰਵਾਦ ਜੁਗਤ ਵਿਚ ਨਹੀਂ ਢਲਦੀ ਜਿਸ ਤਰ੍ਹਾਂ ਦੀ ਤਵੱਜੋ ਉਸ ਵਰਗੇ ਸੰਭਾਵਨਾਵਾਂ ਭਰਪੂਰ ਪ੍ਰਤਿਬੱਧ ਸ਼ਾਇਰ ਤੋਂ ਕੀਤੀ ਜਾਂਦੀ ਹੈ। 'ਆਵਾਜ਼' ਜਾਂ 'ਅੰਧ-ਵਿਸ਼ਵਾਸੀਓ' ਵਰਗੀਆਂ ਰਚਨਾਵਾਂ ਵਿਚ ਕਾਵਿ-ਸੰਬੋਧਨ ਏਨਾ ਸਿੱਧਾ ਤੇ ਸਪਾਟ ਬਣ ਜਾਂਦਾ ਹੈ ਕਿ ਕਾਵਿ ਅੰਦਰਲੇ ਅਤਿ-ਲੋੜੀਂਦੇ ਸੰਚਾਰ-ਵਿਰੋਧੀ ਤੱਤ ਦੀ ਹੋਂਦ ਦਾ ਕੋਈ ਅਹਿਸਾਸ ਨਹੀਂ ਹੁੰਦਾ। ਜਿਸ ਪ੍ਰਕਾਰ ਦੀ ਵਸਤੂਗਤ ਅਨੁਭਵਗਤ ਪ੍ਰਮਾਣਿਕਤਾ ਦੇ ਵਿਆਪਕ ਪ੍ਰਮਾਣ ਇਸ ਕਾਵਿ-ਸੰਗ੍ਰਿਹ ਵਿਚ ਉਪਲਬਧ ਹਨ, ਉਸਦੇ ਤੁੱਲ ਸੱਜਰੀ, ਤੀਬਰ ਤੇ ਉਦਬੋਧਕ (Evocative) ਭਾਵਾਂ ਵਾਲੀ ਬਿੰਬ-ਸਿਰਜਨਾ ਦਾ ਕੁਝ ਅਭਾਵ ਜਿਹਾ ਦ੍ਰਿਸ਼ਟੀਗੋਚਰ ਹੁੰਦਾ ਹੈ। ਅਜਿਹੀ ਬਿੰਬ-ਸਿਰਜਨਾ ਵਿਚੋਂ ਹੀ ਸਾਂਸਕ੍ਰਿਤਕ-ਰੂਪ-ਸਿਰਜਨ ਦੇ ਨਕਸ਼ ਉਭਰਨੇ ਹੁੰਦੇ ਹਨ।

ਕਿਤੇ-ਕਿਤੇ ਬਹੁਤ ਹੀ ਖੂਬਸੂਰਤ ਵਿਰੋਧਾਭਾਸਕ ਵਿਰੋਧ-ਜੁੱਟਾਂ ਦੀ ਸਿਰਜਨਾਂ ਰਾਹੀਂ ਆਂਤਰਿਕ ਤੇ ਬਾਹਰੀ ਯਥਾਰਥ ਦੇ ਸਾਰ ਨੂੰ ਉਜਾਗਰ ਕਰਨ ਦੀ ਪ੍ਰਸੰਸਨੀ ਕੋਸ਼ਿਸ਼ ਕੀਤੀ ਗਈ ਹੈ। ਅਜਿਹੇ ਵੇਲੇ ਉਸਦੀ ਕਾਵਿ-ਭਾਸ਼ਾ ਭਰਵੀਂ ਸਮਰੱਥਾ ਦੀ ਪ੍ਰਮਾਣ ਦਿੰਦੀ ਹੈ। ਕਵੀ ਕੀ ਕਾਵਿ-ਭਾਸ਼ਾ ਕੁਝ ਸਿਰਜਦੀ ਹੈ, ਕਹਿੰਦੀ ਨਹੀਂ। ਜੋ ਕੁਝ ਸਿਰਜਿਆ ਜਾਂਦਾ ਹੈ, ਉਸ ਵਿਚ ਬਹੁਤ ਕੁਝ ਅਣਕਹਿਆ ਹੀ ਛੱਡਿਆ ਜਾਂਦਾ ਹੈ। ਨਿਸ਼ਚੇ ਹੀ ਅਜਿਹਾ ਸਿਰਜਨ, ਜਿਸਨੂੰ ਆਰੰਭ ਵਿਚ 'ਸੁਚੇਤ ਘਾੜਤ' ਕਿਹਾ ਗਿਆ ਹੈ, ਨਿਵੇਕਲੇ ਤੇ ਵਿਲੱਖਣ ਕਾਵਿ-ਪੈਟਰਨ ਦਾ ਆਧਾਰ ਬਣਦਾ ਹੈ। ਇਹ ਪੈਟਰਨ ਹੀ ਭੀੜ 'ਚ ਖੜੇ ਕਿਸੇ ਸ਼ਾਇਰ ਨੂੰ ਬਾਕੀਆਂ ਨਾਲੋਂ ਵੱਖਰਿਆਉਂਦਾ ਹੈ। ਇਸ ਪ੍ਰਸੰਗ ਵਿਚ 'ਤੇਰੀਆਂ ਗੋਲ-ਗੋਲ ਗੱਲਾਂ' ਦੀਆਂ ਨਿਮਨ-ਸਤਰਾਂ ਦਾ ਪਾਠ ਉਚਿਤ ਪ੍ਰਤੀਤ ਹੁੰਦਾ ਹੈ:

ਅਸਲ ਵਿਚ ਤੇਰੀਆਂ ਗੋਲ ਗੋਲ ਗੱਲਾਂ
ਤਲੀ ਤੇ ਟਿਕਾਏ ਬੁਝੇ ਦੀਵੇ ਵਰਗੀਆਂ ਹਨ
ਜਾਂ ਰੁਕੇ ਪਾਣੀਆਂ ਦੀ ਪੱਸਰੀ ਸਰਸਰਾਹਟ ਹਨ
ਜਾਂ ਬੁਝ ਗਈ ਅੱਗ ਦੀ ਫੁਸਫਸਾਹਟ ਹਨ
ਜਾਂ ਕਫ਼ਨ 'ਚ ਲਪੇਟੀ ਮੁਰਦੇ ਦੀ ਸ਼ਾਨਤੀ ਹਨ
ਤੇਰੀਆਂ ਗੋਲ ਗੋਲ ਗੱਲਾਂ

ਬੁਲੰਦਵੀ ਦੀ ਕਵਿਤਾ ਯਥਾਰਥ-ਮੁੱਖ ਪੰਜਾਬੀ ਕਾਵਿ-ਪ੍ਰੰਪਰਾ ਦੀ ਨਿਰੰਤਰਤਾ ਦੀ ਵੀ ਸੂਚਕ ਹੈ ਅਤੇ ਵਿਕਾਸ ਦੀ ਵੀ। ਪਰਵਾਸੀ ਜੀਵਨ ਅਨੁਭਵ ਨੂੰ ਨਿਵੇਕਲੇ ਰੂਪ ਵਿਚ ਕਾਵਿ-ਵਾਹਣ ਬਨਾਉਣ ਦੇ ਬਾਵਜੂਦ, ਇਹ ਰਚਨਾ ਬੁਨਿਆਦੀ ਤੌਰ ਤੇ ਮੂਲ ਮਾਨਵੀ ਹੋਂਦ ਤੇ ਹੋਣੀ ਦੇ ਉਨ੍ਹਾਂ, ਸਰੋਕਾਰਾਂ ਨੂੰ ਸੰਬੋਧਿਤ ਹੈ ਜਿਨ੍ਹਾਂ ਵਿਚੋਂ ਵਿਆਪਕ ਅਰਥਾਂ ਵਿਚ ਮਾਨਵ-ਮੁਕਤੀ ਦਾ ਸੰਕਲਪ ਉਦੈ ਹੁੰਦਾ ਹੈ। ਇਨ੍ਹਾਂ, ਸਰੋਕਾਰਾ ਵਿਚੋਂ ਹੀ ਪਰਵਾਸ ਦੀ ਚੋਣ ਸਮਕਾਲੀਨ ਇਤਿਹਾਸਕ ਯਥਾਰਥ ਸਥਿਤੀ ਦਾ ਅਨਿਵਾਰੀ ਪਰਿਣਾਮ ਤੇ ਵਿਵੇਕ ਬਣ ਕੇ ਉਭਰਦੀ ਹੈ। ਇਸ ਕਰਕੇ ਇਸ ਕਵਿਤਾ ਨੂੰ ਜੁਝਾਰ-ਚੇਤਨਾ ਤੇ ਪਰਵਾਸੀ ਚੇਤਨਾ ਦੀ ਸੰਯੁਕਤੀ ਦੀ ਕਵਿਤਾ ਕਿਹਾ ਜਾ ਸਕਦਾ ਹੈ।



## ਰੀਵੀਊ

### ਪਸਰ ਰਹੀ ਦਹਿਸ਼ਤ ਦਾ ਨਿਖੇਧ "ਸਿਮਟੇ ਹੋਏ ਪਲ"(ਭੁਪਿੰਦਰ ਸੱਗੂ)

'ਸਿਮਟੇ ਹੋਏ ਪਲ' ਇੰਗਲੈਂਡ ਜਾ ਵੱਸੇ ਹਸਾਸ ਪੰਜਾਬੀ ਕਵੀ ਭੁਪਿੰਦਰ ਸੱਗੂ ਦਾ ਛਾਪਿਆ ਤੀਜਾ ਕਾਵਿ-ਸੰਗ੍ਰਹਿ ਹੈ। ਪਹਿਲਾਂ ਉਹ ਪੰਜਾਬੀ ਮਾਂ ਬੋਲੀ ਦੀ ਝੋਲ ਵਿਚ ਦੋ ਕਾਵਿ ਪੁਸਤਕਾਂ 'ਰਿਸ਼ਤਿਆਂ ਦਾ ਜੰਗਲ' ਅਤੇ 'ਸੱਚ ਤੇ ਸੂਲੀ' ਪਾ ਚੁੱਕਾ ਹੈ। 'ਸਿਮਟੇ ਹੋਏ ਪਲ' ਪੁਸਤਕ ਦੀਆਂ ਕਵਿਤਾਵਾਂ ਭਾਵੇਂ ਬਹੁ-ਮੰਤਵੀ ਤੇ ਬਹੁ ਦਿਸ਼ਾਵੀ ਹਨ ਪਰ ਕਿਹਾ ਜਾ ਸਕਦਾ ਹੈ ਕਿ ਇਹਨਾਂ ਵਿਚ ਸ਼ਾਇਰ ਨੇ ਪੂਰੇ ਤਾਣ ਅਤੇ ਸੰਜੀਦਗੀ ਨਾਲ ਦੁਨੀਆਂ ਉੱਤੇ ਹੀ ਫੈਲ ਰਹੇ ਆਤੰਕ ਨੂੰ ਰੱਦ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ। ਸੱਗੂ ਹੁਣ ਕਵਿਤਾ ਦੇ ਉਸ ਦੌਰ ਵਿਚ ਦਾਖਲ ਹੋਇਆ ਲਗਦਾ ਹੈ ਜਿਥੇ ਸ਼ਾਇਰ ਆਪਣੇ ਹੰਢਾਏ ਸੱਚ ਨੂੰ ਤਰਕ ਦੀ ਕਸਵੱਟੀ ਤੇ ਘਸਾ ਪਰਖ ਕੇ ਪੇਸ਼ ਕਰਨ ਦੇ ਯੋਗ ਹੁੰਦਾ ਹੈ। ਕਵਿਤਾ ਬਾਰੇ ਖੁਦ ਸ਼ਾਇਰ ਕਹਿੰਦਾ ਹੈ--

ਅੱਜ ਦੀ ਕਵਿਤਾ ਠੋਕ ਵਜਾ ਕੇ
ਝੁੱਗੀਆਂ ਦੇ ਦਿਲ ਰੋਸ ਜਗਾਵੇ...
ਅੱਜ ਦੀ ਕਵਿਤਾ ਗਿਰਗਿਟ ਵਾਂਗੂੰ
ਮੂਲ ਨਾ ਆਪਣਾ ਭੇਸ ਵਟਾਵੇ।

ਪੁਸਤਕ ਦੀਆਂ ਬਹੁਤੀਆਂ ਕਵਿਤਾਵਾਂ ਖੌਫ ਵਿਚ ਗਰੱਸੇ ਮਾਹੌਲ ਦੀ ਪੇਸ਼ਕਾਰੀ ਹਨ। ਇਹ ਖੌਫ ਪੰਜਾਬ ਵਿਚਲੇ ਅਤੰਕਵਾਦ ਦੇ ਰੰਗ ਦੀ ਵੀ ਤੇ ਇੰਗਲੈਂਡ ਵਿਚਲੇ ਨਸਲਵਾਦ ਵਰਗਾ ਵੀ। ਦਹਿਸ਼ਤ ਦੇ ਦਿਨਾਂ ਵਿਚ ਪੰਜਾਬ ਵਿਚ ਜੋ ਅਣਮਨੁੱਖੀ ਤਾਂਡਵ ਨਾਚ ਹੋਇਆ। ਪਰਦੇਸ ਬੈਠਾ ਸ਼ਾਇਰ ਇਨ ਬਿਨ ਤਨ ਤੇ ਹੰਢਾਏ ਪਲਾਂ ਵਾਂਗ ਚਿਤਰਦਾ ਹੈ। ਇਹ ਉਸਦਾ ਆਪਣੀ ਜੰਮਣ ਭੋਂਇ ਪ੍ਰਤੀ ਜ਼ਿਹਨ ਤੋਂ ਜੁੜੇ ਰਹਿਣ ਦਾ ਸਬੂਤ ਹੈ--

ਦਹਿਸ਼ਤ ਦੇ ਦਿਨਾਂ ਵਿਚ
ਮਜ਼੍ਹਬਾਂ ਨੂੰ ਹੋਸ਼ਾਂ ਭੁਲੀਆਂ
ਆਦਮ ਬਣੇ ਪ੍ਰੇਤ...
ਰਾਤੀਂ ਨੀਂਦਰ ਟੁੱਟਦੀ
ਸਾਡੀ ਮੁੱਠੀ ਰਹਿੰਦੀ ਜਾਨ

ਸ਼ਾਇਰ ਨੂੰ ਕੋਈ ਵੀ ਅਮਾਨਵੀ ਘਟਨਾ ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਹਿਸ ਵਿੱਚ ਕਿਉਂ ਨਾ ਵਾਪਰੇ ਝੰਜੋੜ ਕੇ ਸ਼ਬਦਾਂ ਦੇ ਅੱਗ ਦੇ ਦਰਿਆ ਵਿਚ ਤਰਨ ਲਾ ਦੇਂਦੀ ਹੈ। ਫਲਸਤੀਨੀਆਂ ਦੇ ਵਤਨ ਪ੍ਰਾਪਤੀ ਦੇ ਹੱਕੀ ਯੁੱਧ ਵਿਚ ਸ਼ਾਇਰ ਸ਼ਾਮਲ ਹੁੰਦਾ ਹੈ।

ਪਰ ਜਦ ਉਹ ਤੁਰਕੀ ਦੇ ਸੁੰਦਰ ਸ਼ਹਿਰ ਜੇਲੋਵਾ ਵਿਚ ਮੰਗਤਿਆਂ ਨੂੰ ਰੋਟੀ ਦੇ ਟੁਕੜੇ ਮੰਗਦਿਆਂ ਵੇਖਦਾ ਹੈ ਤਾਂ ਤੜਪ ਉੱਠਦਾ ਹੈ। ਸ਼ਾਇਰ ਨੇ ਜਿੱਥੇ ਪੰਜਾਬ ਦੇ ਅੱਤਵਾਦੀਆਂ ਨੂੰ ਦਮੂੰਹੇ, ਛਲੇਡੇ, ਜਿਨ-ਜਨੂੰਨਾਂ, ਝੱਲੇ ਬਦਕਾਰ, ਨਾਗ, ਵਹਿਸ਼ੀ ਤੇ ਬੇਦੋਸਿਆਂ ਦੇ ਖੂਨ 'ਚ ਨਹਾਉਣ ਵਾਲੇ ਗਰਦਾਨਿਆਂ ਹੈ। ਉਥੇ ਪੰਜਾਬ ਦੀ ਪੁਲੀਸ ਦੇ ਤਤਕਾਲੀਨ ਔਂਤਰ ਰਵਈਏ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ। ਇਥੇ ਵੇਖੋ ਇਕ ਲਾਸ਼ ਪੁਲਸ ਨਾਲ ਮੁਕਾਬਲਾ ਕਰ ਰਹੀ ਹੈ। ਸ਼ਾਇਰ ਦੀ ਅੱਖ ਸੱਚ ਦੀ ਜੀਭ ਤੇ ਹੈ ਕਿ ਕਦੋਂ ਉਸ 'ਚੋਂ ਸੱਚ ਕਿਰਦਾ ਹੈ? ਉਸਨੂੰ ਤਾਰਿਆਂ ਦੀ ਮੁਕਾਣ ਚੰਗੀ ਨਹੀਂ ਲੱਗਦੀ। ਬਾਬਰੀ ਮਸਜਿਦ ਨੂੰ ਢਹਿੰਦੀ ਵੇਖ ਕੇ ਉਹ ਹੈਂਸਿਆਰਿਆਂ ਨੂੰ ਜ਼ਮੀਰ ਦਾ ਮਿਹਣਾ ਦੇਂਦਾ ਹੈ ਤੇ ਜੋ ਮਸਜਿਦ ਢਾਹ ਰਹੇ ਨੇ ਉਹਨਾਂ ਨੂੰ ਕਾਫਿਰ ਆਖਦਾ ਹੈ। ਉਹ ਨੈਲਸਨ ਮੰਡੇਲਾ ਨੂੰ ਅਫਰੀਕਾ ਦਾ ਲੋਕ ਸ਼ੇਰ ਕਹਿੰਦਾ ਹੈ। ਨਸਲਵਾਦ ਪ੍ਰਤੀ ਉਸਦੀ ਨਜ਼ਰੀਆ ਏਸੇ ਤਰ੍ਹਾਂ ਦਾ ਹੈ।

ਸ਼ਾਇਰ ਭੁਪਿੰਦਰ ਸਿੰਘ ਸੱਗੂ ਹਥਲੀ ਪੁਸਤਕ ਵਿਚ ਬਹੁਤ ਹੀ ਪੇਚੀਦਾ ਵਿਸ਼ਿਆਂ ਨੂੰ ਵੀ ਕਵਿਤਾ ਵਿਚ ਸਰਲਤਾ ਨਾਲ ਪੇਸ਼ ਕਰ ਗਿਆ ਹੈ। ਉਸਦੀਆਂ ਕਵਿਤਾਵਾਂ ਕਲਾਤਮਿਕ ਗੁਣਾਂ ਨਾਲ ਭਰਪੂਰ ਹੋ ਕੇ ਵੀ ਬੋਝਲ ਨਹੀਂ ਬਣੀਆਂ ਸਗੋਂ ਲੋਕ ਮਾਨਸਿਕਤਾ ਦੀ ਧਰਾਤਲ ਤੇ ਪੇਸ਼ਕਾਰੀ ਹੋਈ ਹੈ। ਸ਼ਾਇਰ ਨੇ ਜਿਥੇ ਬਾਰੂਦ ਦੇ ਵਣਜਾਰਿਆਂ ਨੂੰ ਫਿਟਕਾਰਿਆ ਹੈ ਉੱਥੇ ਬੁਨਿਆਦਪ੍ਰਸਤ ਤੇ ਫਿਰਕੂ ਜਨੂੰਨੀ ਸ਼ਕਤੀਆਂ ਨੂੰ ਵੀ ਲਲਕਾਰਿਆ ਹੈ। ਕਵਿਤਾਵਾਂ ਵਿਚ ਉਹ ਆਸਮੁਖੀ ਦੀਪ ਜਲਾ

ਕੇ ਰੱਖਦਾ ਹੈ। ਉਸਨੂੰ ਪਤਾ ਹੈ ਕਿ ਕਲਮ ਉਹੀ ਕਲਮ ਹੈ ਜੋ ਜਬਰ ਦਾ ਸਿਰ ਕਲਮ ਕਰ ਸਕੇ। ਇਸ ਪੁਸਤਕ ਵਿਚ ਜਿੱਥੇ ਅਨੇਕਾਂ ਵਿਸ਼ਿਆਂ ਤੇ ਸਹਿਜ ਨਾਲ ਕਵਿਤਾ ਦੀ ਠੇਠ ਜ਼ੁਬਾਨ ਨਾਲ ਤਰਕ ਦੀ ਗੱਲ ਕੀਤੀ ਗਈ ਹੈ। ਉਥੇ ਸੱਥ ਵਿਚ ਬੈਠੇ ਦੋਸਤਾਂ ਨਾਲ ਸ਼ਾਇਰ ਸਲਾਹ ਕਰਦਾ ਹੈ। ਪੁਸਤਕ ਵਿਚ ਪੰਜ ਗ਼ਜ਼ਲਾਂ ਵੀ ਸ਼ਾਮਿਲ ਹਨ ਜੋ ਪੰਜਾਬੀ ਗ਼ਜ਼ਲ ਦੇ ਮਿਆਰ ਦੀਆਂ ਹਨ। ਗ਼ਜ਼ਲ ਦਾ ਇਕ ਸ਼ਿਅਰ ਹਾਜ਼ਰ ਹੈ--

ਗਿਰਗਿਟ ਵਾਂਗੂ ਰੰਗ ਵਟਾਉਂਦੇ ਸੁਬ੍ਹਾ ਦੁਪਹਿਰੀ ਸ਼ਾਮੀ ਰਾਤੀਂ,
ਪੰਡਤ ਭਾਈ ਮੁੱਲਾਂ ਲੜਦੇ ਭਗਵਾਨਾਂ ਦੀ ਬਸਤੀ ਅੰਦਰ।

ਅਖੀਰ ਵਿਚ ਅਸੀਂ ਸ਼ਾਇਰ ਭੁਪਿੰਦਰ ਸਿੰਘ ਸੱਗੂ ਦੇ ਸਿਮਟੇ ਹੋਏ ਪਲਾਂ ਵਿਚਲੇ ਫੈਲਦੇ ਸੱਚ ਨੂੰ ਜੀ ਆਇਆਂ ਕਹਿੰਦੇ ਹਾਂ। -ਸੁਲੱਖਣ ਸਰਹੱਦੀ

### ਕੱਚੀਆਂ ਤੰਦਾਂ (ਮੱਖਣ ਸਿੰਘ ਕੁਹਾੜ)

ਕੱਚੀਆਂ ਤੰਦਾਂ ਮੱਖਣ ਕੁਹਾੜ ਦੀਆਂ ਬਾਰਾਂ ਕਹਾਣੀਆਂ ਦਾ ਸੰਗ੍ਰਹਿ ਹੈ ਜਿਹੜਾ ਪਿਛੇ ਜਿਹੇ ਛਪਿਆ ਹੈ। ਮੱਖਣ ਕੁਹਾੜ ਮੂਲ ਰੂਪ ਵਿਚ, ਇਕ ਕਵੀ ਤੇ ਗਜ਼ਲਗੋ ਹੈ। ਇਸ ਤੋਂ ਪਹਿਲਾਂ ਉਹਨੇ ਇਕ ਗਜ਼ਲ ਸੰਗ੍ਰਹਿ 'ਕਿਰਨਾ ਦਾ ਕਾਫਲਾ' ਪੇਸ਼ ਕੀਤਾ ਹੈ। ਜਿਸ ਦਾ ਪਾਠਕਾਂ ਨੇ ਚੰਗਾ ਸਵਾਗਤ ਕੀਤਾ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਗਰੀਬ ਲੋਕਾਂ, ਟੁੱਟ ਚੁੱਕੇ ਕਿਸਾਨਾਂ, ਕਿੱਤਾ ਗੁਆ ਚੁੱਕੇ ਕਾਰੀਗਰਾਂ, ਇਸਤਰੀ ਦੀ ਹੋਣੀ, ਟੁੱਟ ਰਹੇ ਜਗੀਰੂ ਰਿਸ਼ਤਿਆਂ ਦਾ ਜ਼ਿਕਰ ਕਰਦੀਆਂ ਹਨ। ਇਹਨਾਂ ਕਹਾਣੀਆਂ ਦਾ ਵਿਸ਼ਾ ਵਸਤੂ ਘੜਿਆ ਨਹੀਂ ਗ਼ਿਆ ਹੈ। ਬਲਕਿ ਆਮ ਲੋਕਾਂ ਦੇ ਜੀਵਨ ਵਿਚ ਜੋ ਵਾਪਰਦਾ ਹੈ ਉਸੇ ਨੂੰ ਪੇਸ਼ ਕੀਤਾ ਗਿਆ। ਲੇਖਕ ਨਵਾਂ ਹੋਣ ਤੇ ਵੀ ਉਸਦੇ ਬਿਆਨ ਵਿਚ ਸਹਿਜਤਾ ਤੇ ਰਵਾਨੀ ਹੈ। ਕਹਾਣੀਆਂ ਦੇ ਪਲਾਟ-ਗੁੰਝਲਦਾਰ ਨਾ ਹੋਕੇ ਸਪਾਟ ਹਨ। ਲੇਖਕ ਅੰਤ ਤੇ ਜਾਂ ਅੰਤ ਤੋਂ ਥੋੜਾ ਪਹਿਲਾਂ ਮਰੋੜੀ ਦੇ ਕੇ ਸਾਹਿਤਕ ਦਿਖ ਬਣਾਉਂਦਾ ਹੈ। ਕਲਾ ਦੇ ਪੱਖੋਂ ਬਿਆਨ ਦਾ ਸਰਲ ਤੇ ਸਾਦਾ ਹੋਣ ਗੁਣ ਵੀ ਹੈ ਤੇ ਔਗੁਣ ਵੀ। ਔਗੁਣ ਇਸ ਲਈ ਕਿ ਪਾਠਕ ਕਿਸੇ ਉਚੇਚੀ ਤੇ ਅਲੋਕਾਰ ਗਲ ਦਾ ਅਹਿਸਾਸ ਨਹੀਂ ਕਰਦਾ। ਉਸ ਵਿਚ ਅੱਗੇ ਤੋਂ ਅੱਗੇ ਪੜ੍ਹਨ ਦੀ ਉਤਸੁਕਤਾ ਨਹੀਂ ਜਾਗਦੀ।

ਲੇਖਕ ਦਾ ਦ੍ਰਿਸ਼ਟੀਕੋਨ ਅੱਗੇ ਵਧੂ ਤੇ ਮਾਨਵੀ ਹੈ। ਉਹ ਆਪਣੇ ਪਾਤਰਾਂ ਦੀ ਦਸ਼ਾ ਬਿਆਨ ਕਰਕੇ ਪਰਸਥਿਤੀਆਂ ਵਿਰੁੱਧ ਨ਼ਫ਼ਰਤ ਤੇ ਪਾਤਰਾਂ ਲਈ ਗਹਿਰੀ ਹਮਦਰਦੀ ਪੈਦਾ ਕਰਦਾ ਹੈ। ਉਸਦੇ ਬਹੁਤੇ ਪਾਤਰ ਪਰਸਥਿਤੀਆਂ ਤੇ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹਨ। ਪੁਰਾਣੇ ਯੂਨਾਨੀ ਨਾਟਕਾਂ ਵਾਂਗ ਜਿਨ੍ਹਾਂ ਵਿਚ ਮਨੁੱਖ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋ ਕੇ ਆਪਣੀ ਹੋਣੀ ਭੋਗਦੇ ਹਨ ਤੇ ਆਪਣੇ ਆਪ ਨੂੰ ਬੇਬਸ ਮਹਿਸੂਸ ਕਰਦੇ ਸਨ। ਇਸੇ ਤਰ੍ਹਾਂ ਕੁਦਰਤ ਦੀ ਕਰੋਪੀ ਨਾਲ ਉਪਜੇ ਦੁਖਾਂਤ ਦਾ ਅੱਜ ਦੇ ਮਨੁੱਖ ਕੋਲ ਵੀ ਕੋਈ ਨਰੋਆ ਹੱਲ ਨਹੀਂ ਹੈ। ਨਾਂ ਹੀ ਲੇਖਕ ਕੋਈ ਹੱਲ ਪੇਸ਼ ਕਰਦਾ ਹੈ। ਇਸ ਤਰ੍ਹਾਂ ਉਸਦੇ ਪਾਤਰ ਨਿਸੱਲ ਹੋ ਜਾਂਦੇ ਹਨ। ਕੋਈ ਚੇਤਨ ਸੰਘਰਸ਼ ਨਹੀਂ ਕਰਦੇ। ਕਿਸੇ ਵੀ ਕਹਾਣੀ ਵਿਚ ਚੇਤਨ ਸੰਘਰਸ਼ ਦਾ ਵਰਣਨ ਨਹੀਂ ਹੈ ਕੇਵਲ ਪਰਸਥਿਤੀਆਂ ਦਾ ਹੀ ਵਰਨਣ ਹੈ।

ਕਹਾਣੀਆਂ ਦਾ ਪਾਠ ਮੇਰੇ ਉਪਰੋਕਤ ਕਥਨਾਂ ਦੀ ਪੁਸ਼ਟੀ ਕਰਦਾ ਹੈ। ਪਹਿਲੀ ਕਹਾਣੀ 'ਖੰਡਰ' ਵਿਚ ਆਈ ਨਾਮੋ, ਟੁੱਟ ਚੁੱਕੀ ਕਿਸਾਨੀ ਦਾ ਨਮੂਨਾ ਹੈ ਜਿਹੜੀ ਕਿਸੇ ਸਮੇਂ ਚੰਗੇ ਘਰ ਜ਼ਮੀਨ ਦੀ ਮਾਲਕ ਹੋਣ ਤੇ ਵੀ ਅੰਤ ਵਿਚ ਆਪਣੇ ਜੀਵਨ ਨਿਰਬਾਹ ਲਈ ਸਿੱਟੇ ਚੁਗਣ ਲਈ ਮਜ਼ਬੂਰ ਹੋ ਜਾਂਦੀ ਹੈ। ਇਸ ਦੇ ਨਾਲ ਹੀ ਟੁੱਟ ਰਹੇ ਜਗੀਰੂ ਰਿਸ਼ਤਿਆਂ ਦਾ ਵੀ ਵਰਨਣ ਹੈ ਜਦੋਂ ਮਾਈ ਦਾ ਆਪਣਾ ਪੋਤਾ ਉਸ ਨਾਲ ਹਮਦਰਦੀ ਕਰਨ ਦੀ ਥਾਂ ਉਸਨੂੰ ਟਿਚਰਾਂ ਕਰਦਾ ਹੈ। 'ਛੁੱਟੀ' ਕਹਾਣੀ ਵਿੱਚ ਇਕ ਘੁਮਿਆਰ ਦੇ ਜੀਵਨ ਦਾ ਵਰਨਣ ਹੈ। ਜਿਸ ਦਾ ਕਿੱਤਾ ਹੁਣ ਖਤਮ ਹੋ ਗਿਆ ਹੈ। ਇਸ ਦੇ ਨਾਲ ਹੀ ਆਰਥਿਕ ਆਜ਼ਾਦੀ ਤੋਂ ਬਿਨਾਂ ਮਿਲੀ ਆਜ਼ਾਦੀ ਦਾ ਖੋਖਲਾਪਣ ਵੀ ਪਰਗਟ ਕਰਦਾ ਹੈ। 'ਕੱਚੀਆਂ ਤੰਦਾਂ' ਵਿਚ ਇਕ ਇਸਤਰੀ ਦੀ ਹੋਣੀ ਦਾ ਵਰਨਣ ਹੈ ਜਿਸ ਦਾ ਪਹਿਲਾ ਪਤੀ ਗੁਜ਼ਰ ਜਾਂਦਾ ਹੈ, ਫਿਰ ਇਕ ਦੁਹਾਜੂ ਨੂੰ ਵਿਆਹੀ ਜਾਂਦੀ ਹੈ ਜਿਸ ਦੇ ਕਈ ਬੱਚੇ ਹੁੰਦੇ ਹਨ। ਗੁਆਚਾ ਪਿੰਡ ਵਿਚ ਲੇਖਕ ਟੁਟ ਰਹੇ ਰਿਸ਼ਤਿਆਂ ਦਾ ਵਰਨਣ ਕਰਦਾ ਹੈ। ਨਾਇਕ ਦਰਸ਼ਨ ਸਿੰਘ ਦੇ ਭਰਾ ਭਤੀਜੇ ਜਿਨਾਂ ਲਈ ਉਹਨੇ ਬਹੁਤ ਕਝ ਕੀਤਾ ਹੁੰਦਾ ਹੈ, ਉਸਦੇ ਦੁਸ਼ਮਣ ਹੋ ਜਾਂਦੇ ਹਨ। ਉਸਨੂੰ ਨਿਆਸਰੇ ਨੂੰ



ਘਰੋਂ ਨਿਕਲਣ ਤੇ ਮਜ਼ਬੂਰ ਕਰ ਦਿੰਦੇ ਹਨ, ਬੁੱਲੇ ਇਕ ਗਰੀਬ ਕਿਸਾਨ ਪਰਵਾਰ ਦੇ ਜੀਵਨ ਦਾ ਵਰਨਣ ਹੈ। ਪਰਵਾਜ਼ ਵੀ ਰਿਸ਼ਤਿਆਂ ਦੇ ਟੁੱਟਣ ਦੀ ਕਥਾ ਹੈ॥ ਜਿਸ ਵਿਚ ਲੇਖਕ ਦੱਸਦਾ ਹੈ ਕਿ ਮਨੁੱਖ ਨਾਲੋਂ ਕੁੱਤੇ ਚੰਗੇ ਹਨ ਜਿਹੜੇ ਮਨੁੱਖ ਨਾਲ ਮੋਹ ਕਰਦੇ ਹਨ। ਦਸਤਕ ਅਤਿਵਾਦੀਆਂ ਹੱਥੋ ਮਾਰੇ ਗਏ ਵਿਅਕਤੀ ਦੀ ਜਜ਼ਬਾਤੀ ਤਸਵੀਰ ਹੈ। "ਡਾਚੀ ਦੀ ਪੈੜ' ਵੀ ਜ਼ਜਬਾਤੀ ਕਹਾਣੀ ਹੈ। ਜਿਸ ਵਿਚ ਇਕ ਇਸਤਰੀ ਆਪਣੇ ਮਰ ਗਏ ਭਤੀਜੇ ਦਾ ਅਫਸੋਸ ਪਰਗਟ ਕਰਦੀ ਹੈ। ਢਿੰਵਣ ਦੀ ਇਕ ਗਰੀਬ ਕਿਸਾਨ ਨਿੰਮੇ ਦੀ ਕਹਾਣੀ ਹੈ, ਜਿਸ ਨੂੰ ਉਸਦੇ ਆਪਣੇ ਰਿਸ਼ਤੇਦਾਰ ਹੀ ਅਤਿਵਾਦੀ ਬਣਾ ਦਿੰਦੇ ਹਨ। 'ਮੋਰੀ ਵਾਲਾ ਪੈਸਾ' ਇਕ ਗਰੀਬ ਖੇਤ ਮਜ਼ਦੂਰ ਦੇ ਜੀਵਨ ਦੀ ਕਥਾ ਹੈ। ਵੇਲਣਾ ਵਿਚ ਇਕ ਗਰੀਬ ਕਿਸਾਨ ਪਰਵਾਰ ਦੀ ਕਥਾ ਹੈ। 'ਦਾਇਰੇ' ਵੀ ਇਕ ਹਾਦਸੇ ਦਾ ਵਰਨਣ ਹੈ। ਇਸ ਨਾਲ ਹੀ ਹਸਪਤਾਲਾਂ ਦੇ ਡਾਕਟਰਾਂ ਤੇ ਆਮ ਲੋਕਾਂ ਦੇ ਰਵਈਏ ਦਾ ਜਿਕਰ ਹੈ।

ਇਹ ਕੁਝ ਹੁੰਦਿਆਂ ਵੀ ਲੇਖਕ ਦੀ ਸਾਹਿਜ ਵਰਨਣ ਸਮਰਥਾ ਇਸ ਗੱਲ ਦਾ ਵਿਸ਼ਵਾਸ ਦਿਵਾਉਂਦੀ ਹੈ ਕਿ ਲੇਖਕ ਵਿਚ ਕਹਾਣੀਕਾਰ ਬਣਨ ਦੀਆਂ ਬਹੁਤ ਸੰਭਾਵਨਾਵਾਂ ਮੌਜੂਦ ਹਨ। ਮੈਂ ਇਸ ਸੰਗ੍ਰਹਿ ਦਾ ਸਵਾਗਤ ਕਰਦਾ ਹਾਂ। —ਸੁਰਜੀਤ ਗਿੱਲ

### ਫਤਿਹ (ਨਾਵਲ)/ਡਾ. ਜਸਵੀਰ ਕਾਲਰਵੀ

'ਫਤਿਹ' ਜਸਵੀਰ ਕਾਲਰਵੀ ਦਾ ਪਲੇਠਾ ਨਾਵਲ ਹੈ। ਜਿਹੜਾ 1996 ਵਿਚ ਛਪਿਆ ਸੀ। ਜਸਵੀਰ ਕਾਲਰਵੀ ਕਾਫੀ ਚਿਰ ਤੋਂ 'ਹਰਕਾਰਾ' ਨਾਲ ਜੁੜਿਆ ਹੋਇਆ ਹੈ। ਜਿਸ ਦੀ ਅੱਡਰੀ ਤੇ ਵਿਸ਼ੇਸ਼ ਸੁਰ ਤੋਂ ਪੰਜਾਬੀ ਪਾਠਕ ਭਲੀ ਭਾਂਤ ਜਾਣੂੰ ਹਨ। ਪੰਜਾਬੀ ਸਾਹਿਤ ਵਿਚ ਇਤਿਹਾਸ ਦੀਆਂ ਵਿਸ਼ੇਸ਼ ਘਟਨਾਵਾਂ ਬਾਰੇ ਲਿਖਣਾ ਆਮ ਜਿਹਾ ਰਿਵਾਜ ਹੈ। ਦੇਸ਼ ਦੀ ਵੰਡ ਬਾਰੇ ਅੱਜ ਤੱਕ ਲਿਖਿਆ ਜਾ ਰਿਹਾ ਹੈ। ਨਕਸਲਵਾਦ ਦੀ ਚੜ੍ਹਤ ਸਮੇਂ ਬਹੁਤੇ ਲੇਖਕ ਨਕਸਲਵਾਦ ਦੀ ਲਹਿਰ ਦੇ ਕਾਰਨ ਤੇ ਸਿਟਿਆਂ ਨੂੰ ਡੂੰਘਾਈ ਨਾਲ ਸਮਝਣ ਦੀ ਥਾਂ ਉਸਦੇ ਬਾਹਰਮੁਖੀ ਵਰਤਾਰੇ ਨੂੰ ਪੇਸ਼ ਕਰਦੇ ਰਹੇ। ਪੰਜਾਬ ਵਿਚਲੇ ਅਜੋਕੇ ਅਤਿਵਾਦ ਬਾਰੇ ਲੇਖਕਾਂ ਦੀ ਪਹੁੰਚ ਫਾਰਮੂਲੇ ਵਾਲੀ ਹੈ। ਜਿਸ ਅਨੁਸਾਰ ਅਤਿਵਾਦ ਦਾ ਪੱਖ ਵੀ ਪੂਰੋ, ਥੋੜ੍ਹਾ ਬਹੁਤ ਨਿੰਦ ਵੀ ਦਿਉ, ਅੰਤ ਵਿਚ ਤੋੜਾ ਪੁਲਸ ਜ਼ਬਰ ਤੇ ਝਾੜ ਦਿਓ। ਅਜੋਕੇ ਅਤਿਵਾਦ ਦਾ ਮਨੋਵਿਗਿਆਨਕ ਨਿਰਣਾ ਤਲਵਿੰਦਰ ਨੇ ਆਪਣੇ ਵੱਡ ਅਕਾਰੀ ਨਾਵਲ 'ਯੋਧੇ', ਵਿਚ ਕੀਤਾ ਹੈ। ਹੋਰ ਯਤਨ ਵੀ ਹੋਏ ਹਨ ਪਰ ਉਹ ਪਹਿਲੇ ਜੁਮਰੇ ਵਿਚ ਹੀ ਆਉਂਦੇ ਹਨ।

ਜਸਵੀਰ ਕਾਲਰਵੀ ਦਾ ਹਥਲਾ ਨਾਵਲ 'ਫਤਿਹ', ਕਈ ਪਹੁੰਚਾਂ ਦਾ ਮਿਸ਼ਰਨ ਹੈ। ਇਸ ਵਿਚ ਲੇਖਕ ਦੇ ਚਿੰਤਨ ਤੇ ਸਮਾਜਿਕ ਦਰਿਸ਼ਟੀਕੋਨ ਦਾ ਪਰਤੱਖ ਪਰਗਟਾਵਾ ਕੀਤਾ ਗਿਆ ਹੈ ਕਿ ਇਸ ਕਾਰਨ ਇੱਕੜ ਦੁਕੱੜ ਯਥਾਰਥਕ ਘਟਨਾਵਾਂ ਦੇ ਵਰਨਣ ਤੋਂ ਬਿਨਾਂ ਮੁਖ ਤੌਰ ਤੇ ਇਕ ਆਦਰਸ਼ਵਾਦੀ ਨਾਵਲ ਹੈ। ਨਾਵਲ ਦਾ ਪਾਠ ਉਪਰੋਕਤ ਕਥਨ ਦੀ ਪੁਸ਼ਟੀ ਕਰਦਾ ਹੈ। ਨਾਵਲ ਦਾ ਨਾਇਕ ਤੇਜਿੰਦਰ ਕੁਮਾਰ ਇਕ ਖਾਂਦੇ ਪੀਂਦੇ ਘਰ ਦਾ ਮੁੰਡਾ ਹੈ। ਜਿਸ ਕੋਲ ਸ਼ਕਲ ਅਕਲ ਤੇ ਪੈਸਾ ਸਭ ਕੁਝ ਹੈ। ਪਰੰਤੂ ਉਹ ਜੀਵਨ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲੈਂਦਾ। ਸਗੋਂ ਜਜ਼ਬਿਆਂ ਦੇ ਵੇਗ ਅਨੁਸਾਰ ਚਲਦਾ ਹੈ। ਉਸਦਾ ਪਿਤਾ ਸੇਠ ਹਰਦਿਆਲ ਮਾਮਾ ਸੁਖ ਰਹਿਣੇ ਲੋਕਾਂ ਵਾਂਗ ਅੱਯਾਸ਼ ਨਹੀਂ ਹੈ ਬਲਕਿ ਇਕ ਆਦਰਸ਼ ਜੀਵਨ ਜਿਊਣ ਵਾਲਾ ਹੈ। ਜਿਸ ਅਨੁਸਾਰ ਗਰੀਬ ਉਤੇ ਤਰਸ ਕਰਨਾ ਤੇ ਉਸਦੀ ਸਹਾਇਤਾ ਕਰਨਾ ਅਹਿਮ ਨੁਕਤਾ ਹੈ। ਸੇਠ ਹਰਦਿਆਲ ਤੇਜਿੰਦਰ ਕੁਮਾਰ ਦੇ ਗਰੀਬ ਮਿਤੱਰ ਸਰੂਪ ਨਾਲ ਇਹੋ ਕੁਝ ਕਰਦਾ ਹੈ। ਦੋਨਾਂ ਦੀ ਜਮਾਤ ਇਕੋ ਹੈ। ਦੋਨੋਂ ਹਾਣੀ ਹਨ ਤੇ ਮੂੰਹ ਮੱਥੇ ਲੱਗਦੇ ਹਨ। ਤੇਜਿੰਦਰ ਤੇ ਸਰੂਪ ਦੀ ਮਿਤਰਤਾ ਵੀ ਆਦਰਸ਼ਵਾਦ ਦਾ ਪ੍ਰਗਟਾਵਾ ਹੀ ਹੈ। ਉਂਝ ਪੜ੍ਹਦੇ ਸਮੇਂ ਜਮਾਤੀ ਸੰਕੀਰਣਤਾ ਤਿਖੀ ਨਹੀਂ ਹੁੰਦੀ। ਸੁਨੈਨਾ ਤੇ ਸਰੂਪ ਦੀ ਨੇੜ੍ਹਤਾ ਵੀ ਸਹਿਜ ਨਹੀਂ ਹੈ। ਦੋਨਾਂ ਵਿਚਕਾਰ ਢੇਰ ਜਮਾਤੀ ਅੰਤਰ ਹੈ। ਜਿਸ ਬਾਰੇ ਦੋਨੋਂ ਬਹੁਤੇ ਚੇਤੰਨ ਨਹੀਂ ਹਨ। ਸਮਾਜਿਕ ਵਰਤਾਰੇ ਨਾਲੋਂ ਅੱਡਰਾ ਕਰਨ ਵਾਲੇ ਸਹਿਜ ਵਰਤਾਰੇ ਨਹੀਂ ਬਣਿਆ । ਅਜਿਹੇ ਸਬੰਧਾਂ ਨੂੰ ਹਾਲੇ ਹਾਦਸਿਆਂ ਦੇ ਰੂਪ ਵਿਚ ਲੈਣਾ ਚਾਹੀਦਾ ਹੈ। ਹਾਦਸੇ ਗਲਤੀਆਂ ਦਾ ਸਿੱਟਾ ਹੁੰਦੇ ਹਨ। ਪ੍ਰੰਤੂ ਪਹਿਲਾ ਵਿਉਂਤੇ ਹੋਏ ਨਹੀਂ ਹੁੰਦੇ।

ਨਾਵਲ ਵਿਚ ਸਰੂਪ ਦੀ ਮਤਰੇਈ ਮਾਂ ਤੇ ਉਸਦੇ ਪਿਤਾ ਦਾ ਵਰਤਾਰਾ ਯਥਾਰਥਕ ਤੇ ਹਕੀਕੀ ਹੈ। ਇਸ ਵਰਤਾਰੇ ਨੂੰ ਚਿਤਰਨ ਸਮੇਂ ਲੇਖਕ ਨੇ ਸੱਚ ਦੇ ਵੱਧ ਤੋਂ ਵੱਧ ਨੇੜੇ ਤੇ ਆਦਰਸ਼ਕਵਾਦੀ ਪਹੁੰਚ ਤੋਂ ਦੂਰ ਰਹਿਣ ਦਾ ਯਤਨ ਕੀਤਾ ਹੈ। ਨਾਵਲ ਵਿਚਲੇ ਅਤਿਵਾਦੀਆਂ ਦਾ ਕਿਰਦਾਰ ਅੰਸ਼ਕ ਤੌਰ ਤੇ ਹਕੀਕੀ ਹੈ। ਪੂਰਨ ਰੂਪ ਵਿਚ ਨਹੀਂ। ਇਹ ਦਰੁਸਤ ਹੈ ਕਿ ਅਤਿਵਾਦੀਆਂ ਵਿਚ ਰਾਣੇ ਵਰਗਿਆਂ ਦੀ ਕਾਫੀ ਗਿਣਤੀ ਸੀ ਪਰ ਸਾਰੇ ਅਜਿਹੇ ਨਹੀਂ ਸਨ। ਉਹ ਵੱਖ ਵੱਖਰੇ ਦਰਿਸ਼ਟੀ ਕੌਣ ਲੈ ਕੇ ਅਤਿਵਾਦ ਦੇ ਰਾਹ ਤੁਰੇ ਸਨ। ਉਹਨਾਂ ਵਿਚੋਂ ਕੁਝ ਗੁਮਰਾਹ ਵੀ ਹੋਏ ਸਨ। ਉਹ ਵੀ ਸੰਭਵ ਹੈ ਤੇਜਿੰਦਰ ਕੁਮਾਰ ਵਰਗੇ ਅਨਭੋਲਪੁਣੇ ਵਿਚ ਹੀ ਅਤਿਵਾਦ ਦੇ ਰਾਹ ਤੁਰ ਪਏ ਹੋਣ ਪਰੰਤੂ ਇਹਨਾਂ ਦੀ ਗਿਣਤੀ ਨਿਗੂਣੀ ਸੀ।

ਜਿਥੋਂ ਤਕ ਪਾਤਰਾਂ ਦਾ ਦਾਰਸ਼ਨਿਕ ਗੱਲਾਂ ਕਰਨ ਦਾ ਸਵਾਲ ਹੈ ਕੇਵਲ ਉਹੋ ਲੋਕ ਹੀ ਅਤਿਵਾਦ ਦੀ ਹਨੇਰੀ ਅੱਗੇ ਡੱਟ ਸਕੇ ਜਿਨ੍ਹਾਂ ਦਾ ਅਧਾਰ ਵਿਗਿਆਨਕ ਪਹੁੰਚ ਉਤੇ ਉਸਰਿਆ ਹੋਇਆ ਸੀ। ਅਜਿਹੇ ਪਾਤਰਾਂ ਵਿਚੋਂ ਰਮਨਦੀਪ ਇਕ ਹੈ। ਦੂਜੇ ਪਾਤਰਾਂ ਦੀ ਦਾਰਸ਼ਨਿਕਕ ਪਹੁੰਚ ਉਹਨਾਂ ਦੀ ਨਾ ਹੋ ਕੇ ਲੇਖਕ ਦੇ ਆਪਣੇ ਨਿਜੀ ਚਿੰਤਨ ਦਾ ਪ੍ਰਗਟਾਵਾ ਹੈ। ਇਸ ਬਹਿਸ ਦਾ ਹਕੀਕਤ ਨਾਲ ਕੋਈ ਬਹੁਤਾ ਸਬੰਧ ਨਹੀਂ ਹੈ। ਕੁਝ ਪਾਠਕਾਂ ਜਾਂ ਅਲੋਚਕ ਇਸ ਬਹਿਸ ਨੂੰ ਲੈ ਕੇ ਨਾਵਲ ਨੂੰ ਦਾਰਸ਼ਨਿਕ ਨਾਵਲ ਕਹਿ ਸਕਦੇ ਹਨ। ਪ੍ਰੰਤੂ ਮੈਂ ਅਜਿਹਾ ਨਹੀਂ ਸਮਝਦਾ। ਲੋੜ ਯਥਾਰਥ ਨੂੰ ਚਿਤਰਣ ਦੀ ਹੁੰਦੀ ਹੈ। ਉਹ ਕਿੰਨਾਂ ਖਰਵਾ ਤੇ ਕਰੂਰ ਹੈ। ਜਿਸ ਗਲ ਦੀ ਬਹੁਤੀ ਫਿਕਰ ਕਰਨ ਦੀ ਲੋੜ ਨਹੀਂ ਹੁੰਦੀ। ਇਹ ਦਾਰਸ਼ਨਿਕ ਬਹਿਸ ਪਰਸਥਿਤੀਆਂ ਵਿਚੋਂ ਨਹੀਂ ਉਪਜੀ। ਕੇਵਲ ਰਮਨਦੀਪ ਨਾਲ ਹੋਈ ਬਹਿਸ ਲੋੜ ਅਨੁਸਾਰ ਹੈ।

ਨਾਵਲ ਦਾ ਅੰਤ ਵੀ ਆਦਰਸ਼ਵਾਦ ਦਾ ਸ਼ਿਕਾਰ ਹੈ। ਸਾਰਾ ਕੁਝ ਤਬਾਹ ਕਰਕੇ ਤੇਜਿੰਦਰ ਕੁਮਾਰ ਤੋਂ ਤੇਜਿੰਦਰ ਸਿੰਘ ਖਾਲਸਾ ਆਪਣੇ ਨਿੱਜੀ ਦੁਸ਼ਮਣ ਨੂੰ ਭੁਲਕੇ ਮਾਨਵਵਾਦੀ ਹੋ ਜਾਂਦਾ ਹੈ ਤੇ ਬੱਸ ਦੇ ਮੁਸਾਫਰਾਂ ਨੂੰ ਬਚਾਉਣ ਲਈ ਆਪਣੀ ਜਾਨ ਦੇ ਦਿੰਦਾ ਹੈ। ਸਰੂਪ ਵਲੋਂ ਦਿੱਤਾ ਮਾਨਵਵਾਦੀ ਚਰਨ ਸਭ ਕੁਝ ਠੀਕ ਕਰ ਦਿੰਦਾ ਹੈ। ਜਦੋਂ ਕਿ ਪਹਿਲਾਂ ਅਜਿਹੇ ਪੂਰਨ ਸਫਲ ਨਹੀਂ ਹੋਏ ਸਨ। ਨਾਵਲ ਵਿਚ ਸੇਠ ਹਰਦਿਆਲ ਦੀ ਮੌਤ ਡਾ. ਰੈਨਾ ਦਾ ਕਤਲ, ਸੁਨੈਨਾ ਦਾ ਆਤਮਘਾਤ ਹੋਰ ਅਤਿਵਾਦੀਆਂ ਹੱਥੋਂ ਕਤਲ ਦਿਲੀ ਦੰਗਿਆਂ ਵਿਚਲਾ ਨਰਸੰਘਾਰ ਨਾਵਲ ਨੂੰ ਘੋਰ ਦੁਖਾਂਤ ਬਣਾਉਂਦਾ ਹੈ। ਅਜਿਹਾ ਦੁਖਾਂਤ ਪਾਠਕ ਨੂੰ ਕਿਸੇ ਕਾਰਜ ਲਈ ਉਤੇਜਿਤ ਨਹੀ ਕਰਦਾ, ਬਲਕਿ ਨਿੱਸਲ ਕਰਦਾ ਹੈ। ਪਾਠਕ ਪਰਸਥਿਤੀਆਂ ਦਾ ਸਾਹਮਣੇ ਆਪਣੇ ਨੂੰ ਬੇਵੱਸ ਮਹਿਸੂਸ ਦਾ ਹੈ। ਯੂਨਾਨੀ ਨਾਟਕਾਂ ਦਾ ਦੁਖਾਂਤ ਅਜਿਹਾ ਹੀ ਸੀ ਜਿਥੇ ਮਨੁੱਖ ਨੂੰ ਕੁਦਰਤ ਦੀ ਕਰੋਪੀ ਤੋਂ ਬਚਣ ਦਾ ਕੋਈ ਰਾਹ ਨਹੀਂ ਦਿਸਦਾ ਸੀ। ਕਲਾ ਦਾ ਉਦੇਸ਼ ਮਨੁੱਖ ਨੂੰ ਨਿੱਸਲ ਤੇ ਬੇਬੱਸ ਕਰਨ ਦੀ ਥਾਂ ਸੰਘਰਸ਼ ਲਈ ਉਤੇਜਿਤ ਕਰਨਾ ਹੋਣਾ ਚਾਹੀਦਾ ਹੈ। ਪਰੰਤੂ ਇਸ ਨਾਵਲ ਵਿਚ ਲੇਖਕ ਅਜਿਹਾ ਨਹੀਂ ਕਰਦਾ।

ਮੈਂ ਇਹ ਮੰਨ ਕੇ ਤੁਰਦਾ ਹਾਂ ਕਿ ਲੇਖਕ ਨਿਰਪੱਖ ਨਹੀਂ ਹੁੰਦਾ। ਉਹ ਨਿਰਪੱਖ ਹੋ ਹੀ ਨਹੀਂ ਸਕਦਾ। ਪ੍ਰੰਤੂ ਲੇਖਕ ਐਨਾ ਈਮਾਨਦਾਰ ਅਵਸ਼ ਹੋਣਾ ਚਾਹੀਦਾ ਹੈ ਕਿ ਉਹ ਸੱਚ ਨੂੰ ਯਥਾਰਥ ਨੂੰ ਪੇਸ਼ ਕਰੇ ਬੇਸ਼ਕ ਉਹ ਸੱਚ ਉਸਦੀਆਂ ਆਪਣੀਆਂ ਮਾਨਤਾਵਾਂ ਦੇ ਨਾਲ ਟਕਰਾਉਂਦਾ ਹੋਵੇ। ਦਰਸ਼ਨ ਉਹੋ ਹੀ ਹਕੀਕੀ ਹੈ ਜਿਸ ਦਾ ਅਧਾਰ ਵਿਗਿਆਨ ਹੋਵੇ। ਅਜਿਹਾ ਨਾ ਹੋਣ ਦੀ ਸੂਰਤ ਵਿਚ ਦਰਸ਼ਨ ਆਪਣੀ ਸਾਰਿਥਕਤਾ ਗੁਆ ਬੈਠੇਗਾ। ਅਮਲ ਨਾਲੋਂ ਟੁੱਟਕੇ ਕੇਵਲ ਦਿਮਾਗੀ ਕਸਰਤ ਬਣ ਜਾਵੇਗਾ। ਨਾਵਲ ਦੇ ਲੇਖਕ ਵੱਲੋਂ ਪੇਸ਼ ਦਾਰਸ਼ਨਿਕ ਪਹੁੰਚ ਅਜਿਹੀ ਹੈ। ਲੇਖਕ ਵਿਗਿਆਨਕ ਪਹੁੰਚ ਤੋਂ ਜਾਂ ਤਾਂ ਅਨਜਾਣ ਹੈ ਜਾਂ ਜਾਣ ਬੁੱਝਕੇ ਉਸਨੂੰ ਪੇਸ਼ ਨਹੀਂ ਕਰਦਾ। ਸੰਸਾਰ ਦੇ ਮਸਲਿਆਂ ਦਾ ਅੱਜ ਇੱਕੋ ਇੱਕ ਵਿਗਿਆਨਕ ਹੱਲ ਅਧਾਰ ਵਾਲਾ ਦਰਸ਼ਨ ਹੈ। ਉਸਦੀ ਅਣਹੋਂਦ ਕਾਰਨ ਮਸਲੇ ਖੜ੍ਹੇ ਹੋਣਗੇ ਤੇ ਉਲਝਣਗੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਜਸਵੀਰ ਕੋਲ ਗਲ ਕਹਿਣ ਦਾ ਵੱਲ ਹੈ। ਢੁਕਵੀਂ ਮਧ ਸ੍ਰੇਣਕ ਰੰਗ ਨਾਲ ਡੀ ਸ਼ਬਦਾਵਲੀ ਹੈ। ਪ੍ਰੰਤੂ ਜੇਕਰ ਉਹ ਨਾਵਲ ਨੂੰ ਦਾਰਸ਼ਨਿਕ ਬਨਾਉਣ ਦੀ ਥਾਂ ਯਥਾਰਥ ਨੂੰ ਚਿਤਰਦਾ ਤਾਂ ਬਹੁਤ ਚੰਗਾ ਹੁੰਦਾ। ਆਸ ਕਰਨੀ ਚਾਹੀਦੀ ਹੈ ਕਿ ਲੇਖਕ ਆਪਣੀਆਂ ਅਗਲੀਆਂ ਕਿਰਤਾਂ ਵਿਚ ਇਸ ਗੱਲ ਦਾ ਖਿਆਲ ਰੱਖੇਗਾ। --ਸੁਰਜੀਤ ਗਿੱਲ



## ਖਿਆਲ ਆਪੋ ਆਪਣਾ

● ਹਰ ਚਿਰਾਗ਼ ਪਿਛਲੇ ਅੰਕ ਨਾਲੋਂ ਅੱਗੇ ਲੰਘਿਆ ਹੁੰਦਾ ਹੈ। ਮੈਂ ਅੱਖਾਂ ਦੀ ਮਜ਼ਬੂਰੀ ਕਰ ਕੇ ਸਾਰਾ ਪਰਚਾ ਤਾਂ ਨਹੀਂ ਪੜ੍ਹ ਸਕਦਾ, ਪਰ ਤੁਹਾਡੀਆਂ ਸੰਪਾਦਕੀ ਟਿੱਪਣੀਆਂ ਤੇ ਇੱਕ ਦੋ ਵਿਚਾਰਧਾਰਕ ਮਜ਼ਮੂਨ ਨਜ਼ਰ ਹੇਠੋਂ ਲੰਘਾ ਲੈਂਦਾ ਹਾਂ। ਤੁਹਾਡੀ ਮਿਹਨਤ ਤੇ ਵਿਚਾਰਧਾਰਾ ਉੱਤੇ ਦਿੱਤਾ ਹੋਇਆ ਪਹਿਰਾ ਸਲਾਹੁਣ ਯੋਗ ਹਨ। ਡਾ. ਰਘਬੀਰ ਸਿੰਘ ਹੁਰਾਂ ਬੜਾ ਉਪਕਾਰ ਕੀਤਾ ਹੈ ਕਿ ਅਮਨਪਾਲ ਸਾਰਾ ਦਾ ਸਾਰਾ ਖ਼ਤ ਆਪਣੇ ਨਵੇਂ ਅੰਕ ਵਿਚ ਛਾਪ ਦਿੱਤਾ ਹੈ। ਮੇਰਾ ਸੁਝਾਅ ਹੈ ਕਿ ਤੁਸਾਂ ਇਸ ਖ਼ਤ ਨੂੰ ਸਿਰਜਣਾ ਦੇ ਧੰਨਵਾਦ ਸਹਿਤ ਆਪਣੇ ਪਰਚੇ ਵਿਚ ਛਾਪ ਲਓ, ਕਿਉਂਕਿ ਬਹੁਤ ਲੋਕ ਹੋਣਗੇ ਜੋ ਦੂਹਾਂ ਰਿਸਾਲਿਆਂ ਦੇ ਸਾਂਝੇ ਪਾਠਕ ਨਹੀਂ ਹਨ। ਮੈਨੂੰ ਸਾਰਾ ਦਾ ਇਹ ਖ਼ਤ ਕਾਫੀ ਵਜ਼ਨਦਾਰ ਲੱਗਾ ਹੈ। ਪ੍ਰੀਤਮ ਸਿੰਘ, ਲੋਅਰ ਮਾਲ ਪਟਿਆਲਾ।

● ਚਿਰਾਗ਼ ਮਿਲ ਗਿਆ ਏ। ਉਹ ਦੇ ਆਵਣ ਨਾਲ ਈ ਘਰ ਅਦਬੀ ਚਾਨਣ ਨਾਲ ਭਰ ਗਿਆ। ਵਾਹਿਗੁਰੂ ਇਹ ਦੇ ਚਾਨਣ ਵਿਚ ਹੋਰ ਵਾਧਾ ਕਰੇ। ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਜ਼ਰੂਰ ਲਿਖਣਾ। ਖ਼ੈਰ - ਅੰਦੇਸ਼ — ਪ੍ਰੋ. ਆਸ਼ਕ ਰਹੀਲ, ਲਾਹੌਰ

● "ਚਿਰਾਗ਼" ਦਾ ਜਨਵਰੀ-ਮਾਰਚ 1999 ਅੰਕ ਮਿਲਿਆ ਇਸ ਵਿਚ ਬਹੁਤ ਸਾਰੀ ਉਸਾਰੂ ਤਬਦੀਲੀ ਆਈ ਹੈ ਜੋ ਦੇਖਣ ਵਿਚ ਘਟ ਪਰ, ਪੜ੍ਹਣ ਵਿਚ ਵੱਧ ਮਹਿਸੂਸ ਹੁੰਦੀ ਹੈ। ਜਿਵੇਂ, ਇਸ ਵਾਰ ਤੁਸੀਂ ਗਜ਼ਲ ਨੂੰ ਕਵਿਤਾ ਦੇ ਬਰਾਬਰ ਪੂਰਾ ਸਥਾਨ ਦਿੱਤਾ ਹੈ। ਆਸ ਹੈ ਕਿ ਤੁਸੀਂ ਇਸ ਨਵੀਂ ਪਿਰਤ ਨੂੰ ਇਵੇਂ ਹੀ ਚਾਲੂ ਰੱਖੋਗੇ ਤੇ ਗ਼ਜ਼ਲ ਨੂੰ ਕਾਵਿ ਵਿਚ ਇਸ ਦਾ ਸਹੀ ਸਥਾਨ ਦਿਵਾਉਗੇ। ਇਹ ਦੇਖਕੇ ਦਿਲ ਬਹੁਤ ਖੁਸ਼ ਹੋਇਆ। ਮੈਂ ਆਪ ਨੂੰ ਇਸ ਗੱਲ ਦੀ ਦਿਲੋਂ ਵਧਾਈ ਭੇਂਟ ਕਰਦਾ ਹਾਂ।

ਇਸ ਅੰਕ ਵਿਚ ਗਜ਼ਲਾਂ ਕਾਫੀ ਮਿਆਰੀ ਹਨ। ਬਹੁਤ ਅੱਛੇ ਸ਼ਿਅਰ ਹਨ। ਸੁਰਿੰਦਰ ਸੋਹਲ ਦੀ ਦੂਜੀ ਗ਼ਜ਼ਲ ਦੇ ਆਖ਼ਰੀ ਸ਼ਿਅਰ ਦੀ ਪਹਿਲੀ ਤੁਕ ਵਿਚ "ਉਸਦੇ ਦਿਲ ਅੰਦਰ ਕੋਈ ਖੰਡਰਾਤ ਹੋਵੇਗਾ, ਜ਼ਰੂਰ ਟਾਈਪ ਸੈਟਿੰਗ ਦੀ ਗ਼ਲਤੀ ਜਾਪਦੀ ਹੈ। 'ਖੰਡਰਾਤ' 'ਖੰਡਰ' ਦਾ ਬਹੁਵਚਨ ਹੈ। ਇਸ ਨਾਲ 'ਹੋਵੇਗਾ' ਨਹੀਂ ਆ ਸਕਦਾ। ਇਸ ਦੀ ਥਾਂ 'ਹੋਵਣਗੇ' ਚਾਹੀਦਾ ਹੈ।

ਇਕ ਬੇਨਤੀ ਇਹ ਵੀ ਹੈ ਕਿ ਕਿਸੇ ਗ਼ਜ਼ਲ ਦਾ ਸ਼ਿਅਰ ਤੋੜ ਕੇ ਨਾ ਛਾਪਿਆ ਕਰੋ। ਜਿਵੇਂ ਸਫ਼ਾ 33 ਤੇ। ਇਕ ਤਾਂ ਇਸ ਨਾਲ ਗ਼ਜ਼ਲ ਪੜ੍ਹਣ ਦਾ ਸਵਾਦ ਮਾਰਿਆ ਜਾਂਦਾ ਹੈ। ਦੂਜੇ, ਪਰਚੇ ਦੀ ਦਿਖ ਚੰਗੀ ਨਹੀਂ ਲੱਗਦੀ। ਗਜ਼ਲ ਨੂੰ ਗ਼ਜ਼ਲ ਵਾਂਗ ਛਾਪੋ। ਅਰਥਾਤ, ਸ਼ਿਅਰਾਂ ਵਿਚ ਵਿੱਥ ਦੇ ਕੇ ਤੇ ਤੁਕਾਂ ਦੀ ਲੰਬਾਈ ਸਮਾਨ ਰੱਖ ਕੇ।

ਇਕ ਗੱਲ ਬਹੁਤ ਦੇਰ ਤੋਂ ਮੇਰੇ ਮਨ ਵਿਚ ਹੈ। ਕਈ ਵਾਰ ਇਸ ਬਾਰੇ ਲਿਖਣ ਨੂੰ ਜੀ ਵੀ ਕੀਤਾ ਪਰ, ਕਈਆਂ ਕਾਰਨਾਂ ਕਰਕੇ ਨਾ ਲਿਖਿਆ। ਉਹ ਇਹ ਹੈ ਕਿ "ਚਿਰਾਗ਼" ਦੇ ਸਹੀ ਹੇਜੇ ਤੇ ਉਚਾਰਨ "ਚਰਾਗ਼" ਹੈ। (ਮਹਾਨ ਕੋਸ਼ ਭਾਈ ਕਾਨ ਸਿੰਘ; ਸਫ਼ਾ 458) ਕੀ ਇਹ ਕਿਸੇ ਤਰ੍ਹਾਂ ਸਹੀ ਹੋ ਸਕਦੇ ਹਨ?

"ਚਿਰਾਗ਼" ਦਾ ਇਕ ਭਾਗ "ਵਾਘਿਓਂ ਪਾਰ" ਹੈ। ਉਸ ਨੂੰ ਦੇਖਕੇ ਦਿਲ ਨੂੰ ਬਹੁਤ ਖਿੱਝ ਆਉਂਦੀ ਹੈ। ਇੰਜ ਲੱਗਦਾ ਹੈ ਕਿ ਜਿਵੇਂ ਪਿੰਡ ਵਿਚ ਆਧਰਮੀਆਂ ਦੇ ਘਰਾਂ ਵੱਲ ਸੰਕੇਤ ਕੀਤਾ ਜਾ ਰਿਹਾ ਹੋਵੇ। ਕੀ ਲਹਿੰਦੇ ਪੰਜਾਬ ਦੇ ਅਦੀਬਾਂ ਦੀਆਂ ਰਚਨਾਵਾਂ ਚੜ੍ਹਦੇ ਪੰਜਾਬ ਦੇ ਲਿਖਾਰੀਆਂ ਨਾਲ ਮਿਲਾਕੇ ਨਹੀਂ ਛਪ ਸਕਦੀਆਂ? ਜੇ ਨਹੀਂ ਤੇ ਕਿਉਂ?

ਇਵੇਂ ਹੀ, ਕੀ ਬਦੇਸ਼ਾਂ 'ਚ ਵਸਦੇ ਪੰਜਾਬੀ ਲੇਖਕਾਂ ਨੂੰ 'ਪਰਵਾਸੀ ਪੰਜਾਬ ਲੇਖਕ' ਲਿਖਣਾ ਜ਼ਰੂਰੀ ਹੈ? ਕੀ ਉਹ ਪੰਜਾਬੀ ਸਾਹਿਤਕਾਰ ਨਹੀਂ? ਜਿਵੇਂ ਅੰਗਰੇਜ਼ੀ ਵਿਚ ਹੈ। ਕੀ ਇਹ ਲੇਬਲ ਲਾਉਣੇ ਜ਼ਰੂਰੀ ਹਨ?

ਇਕ ਪਾਸੇ ਤਾਂ ਅਸੀਂ ਸਾਰੇ ਸੰਸਾਰ ਦੇ ਪੰਜਾਬੀ ਵਿਚ ਰਚੇ ਜਾ ਰਹੇ ਸਾਹਿਤ ਨੂੰ ਪੰਜਾਬ ਸਾਹਿਤ ਮੰਨਦੇ ਹਾਂ ਪਰ ਦੂਜੇ ਪਾਸੇ ਵਿਵਹਾਰ ਵਿਚ ਵਿਤਕਰਾ ਕਰ ਰਹੇ ਹਾਂ। ਕਿਉਂ?

ਜੇਕਰ ਅਸੀਂ ਪੰਜਾਬੀ ਦਾ, ਦੁਨੀਆਂ ਦੀਆਂ ਵੱਡੀਆਂ ਜਾਂਦੀਆਂ ਬੋਲੀਆਂ ਦਾ 13ਵੀਂ ਅਸਥਾਨ ਕਾਇਮ ਰੱਖਣਾ ਹੈ ਤਾਂ ਸਾਨੂੰ ਹੱਦਾਂ ਦੀ ਵੰਡ ਤੇ ਮੁਲਕਾਂ ਦੇ ਭੇਦ ਮਿਟਾਉਣੇ ਹੋਣਗੇ।

ਕਿਉਂ ਨਾ "ਚਰਾਗ" ਇਸ ਗੱਲ ਦੀ ਪਹਿਲ ਕਰੇ।

ਨਦੀਮ ਪਰਮਾਰ (ਕੈਨੇਡਾ)

● ਪਿਛਲੇ "ਚਿਰਾਗ" 'ਚ ਛਪਿਆ ਸੁਰਿੰਦਰ ਸੋਹਲ ਦਾ ਖ਼ਤ "ਸੋਹਲ" ਦੇ ਨਿਜ ਵਕਤੀ ਸੰਦਰਭ ਵਿਚ ਬੜਾ ਸੱਚਾ ਸੁੱਚਾ ਖ਼ਤ ਹੈ, ਪਰ ਇਹ ਨਾਰਥ ਅਮਰੀਕਨ ਸਮਾਜ-ਵਕਤੀ ਸੰਦਰਭ ਵਿਚ ਸੱਚ ਨਹੀਂ।

ਨਾਰਥ ਅਮਰੀਕੀ ਸਮਾਜਿਕ ਸੰਦਰਭਾਂ ਵਿਚ ਵਿਚਰ ਰਹੇ ਸਮਾਜ ਵਿਚੋਂ ਪੰਜਾਬੀ ਸਮਾਜ ਦੇ ਗੋਰਖੀ, ਮੰਡ ਤੇ ਵਿਰਲੀ ਵਰਗੇ ਬੰਦੇ ਲੱਭਣੇ ਨਾ ਤਾਂ ਮੁਮਕਿਨ ਹਨ ਨੇ ਨਾ ਸਾਰਥਿਕ। ਮੇਪਲ ਦੇ ਰੁਖ ਦੀ ਛਾਂ ਚੋਂ ਪਿੱਪਲ ਦੀ ਛਾਂ ਭਾਲਣੀ ਜਾਂ ਉਸਨੂੰ ਪਿੱਪਲ ਦੀ ਛਾਂ ਚਿਤਵ ਕੇ ਮਾਨਣਾ ਮੇਪਲ ਤੇ ਪਿੱਪਲ ਦੋਹਾਂ ਦੀ ਛਾਂ ਨਾਲ ਧ੍ਰੋਹ ਹੈ। ਪਰ ਇਹ ਵੀ ਸੋਲਾਂ ਆਨੇ ਸੱਚ ਹੈ ਕਿ ਨਾਰਥ ਅਮਰੀਕਾ ਵਿਚ ਆਪਣੇ ਪਰਵਾਸ ਦੇ ਮੁੱਢਲੇ ਸਮੇਂ ਦੌਰਾਨ ਹਰ "ਪਿੱਪਲਾਂ ਵਾਲੇ ਵਿਹੜੇ" ਚੋਂ ਆਏ ਬੰਦੇ ਦੀ ਇਹੀ ਹੋਣੀ ਹੈ। ਜਿਸਨੂੰ ਹੂ-ਬ-ਹੂ ਚਿਤਰਦਾ ਹੈ ਸੋਹਲ ਦਾ ਇਹ ਖ਼ਤ।

ਮੈਨੂੰ ਉਮੀਦ ਹੀ ਨਹੀਂ ਵਿਸ਼ਵਾਸ ਹੈ ਕਿ "ਸੋਹਲ" ਵਰਗਾ ਹਰ ਸੰਵੇਦਨਸ਼ੀਲ ਬੰਦਾ ਜਲਦੀ ਹੀ ਨਵ-ਸੰਦਰਭਾਂ ਪ੍ਰਤੀ ਸੁਚੇਤ ਹੋ ਜਾਂਦਾ ਹੈ ਤੇ ਧਰਤੀ ਦੇ ਮੇਪਲਾਂ ਵਾਲੇ ਪਾਸੇ ਦੇ ਵਿਹੜੇ ਨਾਲ ਸਾਂਝ ਪਾ ਕੇ ਉਸਦੀ ਗੋਦ ਦਾ ਨਿੱਘ ਮਾਨਣ ਲੱਗਦਾ ਹੈ। "ਪਿਪਲਾਂ ਵਾਲੇ ਵਿਹੜੇ" ਪ੍ਰਤੀ ਉਸਦੀ ਸੰਵੇਦਨਾ ਇਸ ਨਵ-ਸੰਵੇਦਨਾ ਦਾ ਅਧਾਰ ਬਣ ਜਾਂਦੀ ਹੈ। ਉਹ ਆਪਣਾ ਵਿਹੜਾ ਵਿਸ਼ਾਲਤਾ ਨਾਲ ਭਰਿਆ ਮਹਿਸੂਸ ਕਰਨ ਲੱਗਦਾ ਹੈ। ਵਿਹੜੇ ਦੇ ਇਕ ਸਿਰੇ ਤੋਂ ਦੂਜੇ ਸਿਰੇ ਜਹਾਜ਼ ਚੜ ਕੇ ਜਾਣਾ ਉਸਨੂੰ ਆਨੰਦਿਤ ਵੀ ਕਰਦਾ ਹੈ ਤੇ ਮਾਣਮੱਤਾ ਵੀ। ਇਹ ਇਕ ਅਨੋਖਾ ਅਨੁਭਵ ਹੈ ਜੋ "ਸੋਹਲ" ਵਰਗੇ ਹਰ ਰਾਹੀ ਦਾ ਰਾਹ ਵੇਖਦਾ ਹੈ। ਜਿੱਥੇ ਪੁੱਜ ਕੇ ਹੋਣ ਵਾਲਾ ਅਨੁਭਵ ਤੀਸਰੀ ਅੱਖ ਖੁਲ੍ਹਣ ਤੋਂ ਘੱਟ ਨਹੀਂ।—

ਉਂਕਾਰਪ੍ਰੀਤ, ਟਰਾਂਟੋ (ਕੈਨੇਡਾ)

● ਇਸ ਵਾਰ (ਜਨਵਰੀ-ਮਾਰਚ 99) ਗ਼ਜ਼ਲ ਭਾਗ ਬੜਾ ਜ਼ਬਰਦਸਤ ਹੈ। ਅਤੇ ਪਰਚੇ ਦੇ ਰਚਨਾਵਾਂ ਰੂਪੀ ਲਿਬਾਸ ਵਿਚ ਸ਼ਮਲੇ ਵਾਂਗ ਹੈ। ਖਾਸ ਕਰ ਮੱਖਣ ਸਿੰਘ ਕੁਹਾੜ, ਡਾ. ਐਸ ਤਰਸੇਮ, ਮੁਨੀਰ ਸ਼ਾਦ (ਕਰਾਚੀ), ਸੁਰਿੰਦਰ ਸੋਹਲ, ਬਾਬਾ ਮੁਹੰਮਦ ਤੁਫੈਲ ਅਕਬਰ (ਪਾਕਿਸਤਾਨ) ਤੇ ਰਾਮਿੰਦਰ ਸਿੰਘ ਬੇਰੀ।

ਪਰਚੇ ਬਾਰੇ ਇਕ ਤੀਬਰ ਭਾਵ ਹੀ ਤੁਹਾਡੇ ਨਾਲ ਸਾਂਝਾ ਕੀਤਾ ਹੈ।

ਕਸ਼ਮੀਰ ਨੀਰ

ਅਫ਼ਜ਼ਲਗੜ੍ਹ (ਯੂ.ਪੀ.)

● ਬਹੁਤ ਸਾਰੇ ਬੂਰਜੂਆਂ ਸਾਹਿਤਕ ਰਿਸਾਲਿਆਂ ਵਾਂਗ ਤੁਸੀਂ ਆਪਣੇ ਪਾਠਕਾਂ ਤੇ ਕਦੇ ਚੰਦੇ ਵਜੋਂ ਹੋਰ ਵਾਧੂ ਅਦਬੀ ਜਜ਼ੀਏ ਦੀ ਭੁਗਤਾਨ ਦਾ ਕੋਈ ਭਾਰ ਨਹੀਂ ਪਾਇਆ। ਉਹੀ ਪੰਜ ਛੇ ਸਾਲ ਪਹਿਲਾਂ ਵਾਲਾ ਚੰਦਾ ਰੱਖਿਆ। ਉਸ ਲਈ ਤੁਸੀਂ ਖਾਸ ਕਰਕੇ ਪ੍ਰਦੇਸੀ ਸਾਹਿਤਕਾਰਾਂ ਦੀ ਨਜ਼ਰ 'ਚ ਬਹੁਤ ਉੱਚੇ ਉਠ ਗਏ ਹੋ। ਸ਼ਾਇਦ ਬਾਕੀਆਂ ਦੀ ਨਿਸਬਤ ਤੁਸੀਂ ਸਾਡੀਆਂ ਡੂੰਘੀਆਂ ਮੁਸ਼ਕਲਾਂ ਤੋਂ ਜਾਣੂ ਵੀ ਹੋ ਗਏ ਹੋ....

ਵਰਿੰਦਰ ਪਹੀਰ, ਸਾਊਥਪੈਟਨ (ਯੂ. ਕੇ.)

● 'ਚਿਰਾਗ' ਵਿਚਲਾ ਸਾਰਾ ਮੈਟਰ ਪ੍ਰਭਾਵਿਤ ਕਰਨ ਵਾਲਾ ਅਤੇ ਦਿਲ ਟੁੰਬਵਾਂ ਹੈ। ਆਪਦੀ ਸੰਪਾਦਕੀ ਅਤੇ ਮੈਟਰ ਦੀ ਚੋਣ ਤੋਂ ਆਪਦੀ ਸੂਝ ਅਤੇ ਮਿਹਨਤ ਦਾ ਝਲਕਾਰਾ ਪੈਂਦਾ ਹੈ।

ਧਰਮ ਪਾਲ ਸਾਹਿਲ, ਤਲਵਾੜਾ ਟਾਊਨਸ਼ਿਪ



## ਪੁਸਤਕ-ਪ੍ਰਾਪਤੀ

- ਕਤਲਗਾਹ ਤੋਂ ਉਰੇ (ਕਵਿਤਾ) ਜਸਬੀਰ ਕੇਸਰ, ਆਸ ਪ੍ਰਕਾਸ਼ਨ, ਚੰਡੀਗੜ੍ਹ।
- ਦੋ ਟਾਪੂ (ਕਹਾਣੀ-ਸੰਗ੍ਰਹਿ) ਜਰਨੈਲ ਸਿੰਘ ਕੈਨੇਡਾ, ਐਸਥੇਟਿਕ ਪਬਲੀਕੇਸ਼ਨ, ਲੁਧਿਆਣਾ।
- ਬੁੱਧ ਬੇਹੋਸ਼ ਹੈ (ਕਵਿਤਾ) ਹਰਵਿੰਦਰ ਭੰਡਾਲ, ਚਿੰਤਨ ਪ੍ਰਕਾਸ਼ਨ, ਫਿਰੋਜ਼ਪੁਰ।
- ਟਾਪੂ ਤੋਂ ਆਇਆ ਖ਼ਤ (ਕਵਿਤਾ) ਸ਼ਬਦੀਸ਼, ਚਿੰਤਨ ਪ੍ਰਕਾਸ਼ਨ, ਫਿਰੋਜ਼ਪੁਰ।
- ਮੈਂ ਉਡਾਣ ਵਿਚ ਹਾਂ (ਕਵਿਤਾ) ਆਸੀ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ।
- ਦੁਖ ਦੱਸਣ ਦਰਿਆ (ਕਵਿਤਾ) ਅਨੂਪ ਵਿਰਕ, ਬਲਰਾਜ ਸਾਹਨੀ ਪ੍ਰਕਾਸ਼ਨ, ਚੰਡੀਗੜ੍ਹ।
- ਸਮਾਜਕ ਚੇਤਨਾ ਤੇ ਲੇਖਕ (ਆਲੋਚਨਾ) ਡਾ. ਤੇਜਵੰਤ ਮਾਨ, ਲਿਟਰੇਚਰ ਹਾਊਸ, ਪੁਤਲੀਘਰ ਅੰਮ੍ਰਿਤਸਰ।
- ਅੰਬਰ ਕਾਲਾ ਇਤ ਵਿਧ ਹੋਇਆ (ਕਹਾਣੀਆਂ) ਪੰਜਾਬੀ ਸੱਥ, ਜਲੰਧਰ।
- ਦੁਆਵਾਂ (ਕਵਿਤਾ) ਕਰਤਾਰ ਸਿੰਘ ਸਾਥੀ, ਜੀ. ਐਸ. ਪ੍ਰਕਾਸ਼ਨ, ਜਲੰਧਰ।
- ਸ਼ਾਇਰੀ-92 (ਕਵਿਤਾ-ਸੰਕਲਨ) ਸੰਪਾਦਕ ਪ੍ਰਮਿੰਦਰਜੀਤ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਚੰਡੀਗੜ੍ਹ।
- ਸੁਰ-ਸੰਕੇਤ (ਕਵਿਤਾ) ਮਨਮੋਹਨ, ਰੂਪੀ ਪ੍ਰਕਾਸ਼ਨ, ਅੰਮ੍ਰਿਤਸਰ।
- ਬਿਆਨ ਹਲਫ਼ੀਆ (ਲੰਮੇਰੀ ਕਾਵਿ-ਕਥਾ) ਡਾ. ਸੁਰਿੰਦਰ ਸ਼ਾਂਝ, ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ।
- ਪੁਰਵਸ਼ੀ (ਗਜ਼ਲਾਂ) ਦੇਵ ਦਰਦ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
- ਦਰਦ ਦਾ ਤਰਜੁਮਾ (ਉਰਦੂ ਗਜ਼ਲ) ਸਰਦਾਰ ਪੰਛੀ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
- ਸਿਆਸਤ ਨਾਮਾ (ਨਾਵਲ) ਅਜੀਤ ਸਿੰਘ ਢੰਗਰਾਲੀ, ਰਘਬੀਰ ਚਰਨ ਪ੍ਰਕਾਸ਼ਨ, ਚੰਡੀਗੜ੍ਹ।
- ਇਕ ਗੀਤ ਅਧੂਰਾ (ਕਵਿਤਾ) ਬਲਵਿੰਦਰ ਸੰਧੂ, ਗੀਤ ਪ੍ਰਕਾਸ਼ਨ, ਪਟਿਆਲਾ।
- ਡਾਚੀਆਂ ਦੀ ਪੈੜ (ਗ਼ਜ਼ਲਾਂ) ਭਜਨ ਸਿੰਘ ਵਿਰਕ, ਹੜੱਪਾ ਪ੍ਰਕਾਸ਼ਨ, ਜਲੰਧਰ।
- ਛੇਵਾਂ ਦਰਿਆ (ਕਵਿਤਾ) ਅਫ਼ਜ਼ਲ ਅਹਿਸਨ ਰੰਧਾਵਾ (ਆਰਟਸ ਕੌਂਸਲ ਫੈਸਲਾਬਾਦ) ਪਾਕਿਸਤਾਨ।
- ਬਾਣੀ ਸ਼ੇਖ਼ ਫ਼ਰੀਦ ਜੀ ਕੀ, ਪੰਜਾਬੀ ਸੱਥ, ਜਲੰਧਰ।
- ਜਬੈ ਬਾਣਿ ਲਾਗਿਯੋ (ਇਕਾਂਗੀ ਨਾਟਕ), ਸਤਵਿੰਦਰ ਸਿੰਘ ਬੇਗੋਵਾਲੀਆ-ਕਲਾਮੰਚ ਬੇਗੋਵਾਲ, ਕਪੂਰਥਲਾ।

Registered with the Registrar of News-Papers of India
No—PUN-PUN O 2776/AL/TC/94.

ਉੱਤਰੀ ਭਾਰਤ ਵਿਚ ਕੌਸਮੈਟਿਕ ਸਰਜਰੀ ਦਾ ਪਹਿਲਾ ਕੇਂਦਰ

• ਸਾਲ ਮਿਲਾਪ ਰੋਡ ਵਿਖੇ ਕੰਮ ਕਰਨ ਤੋਂ ਬਾਦ ਹੁਣ ਨਵੀਂ ਬਿਲਡਿੰਗ ਵਿਚ ਚਲਾ ਗਿਆ ਹੈ

**ਪਲਾਸਟਿਕ ਅਤੇ ਕੌਸਮੈਟਿਕ ਸਰਜਰੀ ਦਾ ਕੇਂਦਰ**

**ਭੁਪਿੰਦਰ ਨਰਸਿੰਗ ਹੋਮ**
261, ਮੋਤਾ ਸਿੰਘ ਨਗਰ, ਮੇਨ ਰੋਡ, ਨੇੜੇ ਬੱਸ ਸਟੈਂਡ
ਜਲੰਧਰ ਫੋਨ .: 0181-224228, 223376

**BHUPINDER NURSING HOME**
261, Mota Singh Nagar, Main Road.
Near Bus Stand, Jalandhar City.
Ph.: 0181-224228, 223376

**ਡਾ: ਬੀ. ਪੀ. ਸਿੰਘ** (ਐਮ ਐਸ)
ਪਲਾਸਟਿਕ ਅਤੇ ਕੌਸਮੈਟਿਕ ਸਰਜਨ

For Details Contact:
**DR. B.P. SINGH (M.S.)**
PLASTIC & COSMETIC SURGEON

**ਕੋਸਮੈਟਿਕ ਸਰਜਰੀ ਅਤੇ ਪਲਾਸਟਿਕ ਸਰਜਰੀ ਦੇ ਅੱਜ ਤੱਕ ਕੀਤੇ ਹੋਏ ਅਪਰੇਸ਼ਨ ਇਸ ਤਰਾਂ ਹਨ**

● ਲਾਈਪੋਸਕਸ਼ਨ ● ਲਾਈਪੋਇੰਜੈਕਸ਼ਨ ● ਨੱਕ ਦੀ ਕੌਸਮੈਟਿਕ ਸਰਜਰੀ ● ਮੂੰਹ ਦੀਆਂ ਝੁਰੜੀਆਂ ਖਤਮ ਕਰਨਾ
● ਮੱਥੇ ਦੀਆਂ ਝੁਰੜੀਆਂ ਖਤਮ ਕਰਨਾ ● ਬਲੇਫਰੋਪਲਾਸਟੀ ● ਰੁਕਿਆ ਹੋਇਆ ਚਿੱਟਾ ਦਾਗ (ਫੁਲਬਹਿਰੀ)
● ਰੀਕੰਸਟਰਕਟਿਵ ਸਰਜਰੀ ● ਗੰਜੇਪਨ ਤੇ ਵਾਲ ਪੁਨਰ ਸਥਾਪਿਤ ਕਰਨਾ ● ਮੈਮੋਪਲਾਸਟੀ
● ਗੁਪਤ ਅੰਗ ਦੇ ਨੁਕਸ ਠੀਕ ਕਰਨਾ ● ਐਕਸੀਡੈਂਟ ਨਾਲ ਹੋਏ ਅੰਗਾਂ ਦੇ ਵਿਕਾਰ ਨੂੰ ਠੀਕ ਕਰਨਾ ● ਜਲੇ ਦਾ ਇਲਾਜ
● ਨਿਸ਼ਾਨ - ਜਲੇ ਦਾ, ਸੱਟ ਦਾ, ਅਪਰੇਸ਼ਨ ਦਾ। ● ਠੋਡੀ, ਗੱਲ੍ਹ, ਕੰਨ, ਪਲਕਾਂ, ਭਰਵੱਟੇ, ਬੁੱਲ੍ਹ, ਨੱਕ ਦੇ ਵਿਕਾਰ ਠੀਕ ਕਰਨਾ

**VARIOUS COSMETICS SURGERY & PLASTIC SURGERY OPERATION DONE SO FAR ARE :**

LIPOSUCTION ★ LIPOINJECTIONS ★ ACCIDENTAL INJURIES CARE
RHINOPLASTIES ★ FACE LIFT ★ BROW LIFT ★ BLEPHEROPLASTIES ★ STAITIONERY WHITE PATCH
★ RECONSTRUCTIVE SURGERY ★ IN BORN DEFECTS & DEFORMITIES
★ HAIR TRANSPLATATION ★ DEFECTS & DEFORMITIES OF ACCIDENTS
★ BURNS ★ TREATMENT OF SCARS
★ CHIN, CHEAK, EAR, EYE BROWS, EYE LIDS, LIPS CORRECTION

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕ੍ਰੌਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ : 226877